ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 68 | 26 April to 2 May, 2023 | Ph.: (510) 240-5949 | Email: asrtimes@gmail.com

# ਕਈ ਵੱਡੇ ਸਵਾਲ ਖੜ੍ਹੇ ਕਰ ਗਿਆ 'ਅਪਰੇਸ਼ਨ ਅੰਮ੍ਰਿਤਪਾਲ'

## ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਨਾਲ ਹੀ ਖ਼ਤਮ ਨਹੀਂ ਹੋ ਜਾਂਦੇ ਅਹਿਮ ਮਸਲੇ

- ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੀ ਬੰਦ ਹੋ ਜਾਵੇਗੀ ਸਿੱਖ ਨੌਜਵਾਨਾਂ ਦੀ ਫੜੋਫੜੀ ?
- ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਨੂੰ ਫੜਨ ਦੇ ਪੁਲਿਸ ਦੇ ਢੰਗ ਤਰੀਕੇ ਨੇ ਦੇਸ਼ - ਵਿਦੇਸ਼ 'ਚ ਵਸਦੇ ਸਿੱਖਾਂ 'ਚ ਫੈਲਾਇਆ ਰੋਸ



ਪਟਿਆਲਾ/ਏ.ਟੀ.ਨਿਊਜ਼: ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਤੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰਨ ਤੋਂ ਬਾਅਦ ਪੁਲਿਸ ਵੱਲੋਂ 18 ਮਾਰਚ ਤੋਂ ਸ਼ੁਰੂ ਕੀਤਾ ਗਿਆ ਅਪਰੇਸ਼ਨ ਅੰਮ੍ਰਿਤਪਾਲ ਤਾਂ ਖ਼ਤਮ ਹੋ ਗਿਆ ਪਰ ਇਹ ਅਪਰੇਸ਼ਨ ਕਈ ਵੱਡੇ ਸਵਾਲ ਖੜ੍ਹੇ ਕਰ ਗਿਆ। ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਭੇਜਣ ਤੋਂ ਬਾਅਦ ਕੀ ਪੰਜਾਬ ਵਿੱਚ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੀ ਕੀਤੀ ਜਾ ਰਹੀ ਫੜੋਫੜੀ ਬੰਦ ਹੋ ਜਾਵੇਗੀ।

ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਬਾਰੇ ਵੀ ਅਜੇ ਭੇਦ ਬਣਿਆ ਹੋਇਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਅਤੇ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰ ਕਹਿ ਰਹੇ ਹਨ ਕਿ ਅੰਮ੍ਰਿਤਪਾਲ ਸਿੰਘ ਨੇ ਆਤਮ ਸਮਰਪਣ ਕੀਤਾ ਹੈ, ਦੂਜੇ ਪਾਸੇ ਪੁਲਿਸ ਕਹਿ ਰਹੀ ਹੈ ਕਿ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਖੁਦ ਗ੍ਰਿਫਤਾਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਸ ਸਮੇਂ ਪੰਜਾਬੀ ਸਿੱਖ ਮਾਪੇ ਇਕ ਤਰਾਂ ਸਹਿਮ ਦੇ ਮਾਹੌਲ ਵਿੱਚ ਜੀ ਰਹੇ ਹਨ ਕਿਉਂਕਿ ਪੰਜਾਬ ਪੁਲਿਸ ਵੱਲੋਂ ਅਪਰੇਸ਼ਨ ਅੰਮ੍ਰਿਤਪਾਲ ਨੂੰ ਸ਼ੁਰੂ ਕਰਕੇ ਜਿਸ ਤਰੀਕੇ ਨਾਲ ਪੰਜਾਬ ਵਿੱਚ ਸਿੱਖ ਨੌਜਵਾਨਾਂ ਦੀ ਫੜੋਫੜੀ ਸ਼ੁਰੂ ਕਰ ਦਿਤੀ ਗਈ, ਉਸ ਨਾਲ ਸਿੱਖ ਮਾਪਿਆਂ ਵਿੱਚ ਸਹਿਮ ਫੈਲ ਗਿਆ। ਭਾਵੇਂ ਕਿ ਪੰਜਾਬ ਸਰਕਾਰ ਨੇ ਇਹ ਦਾਅਵਾ ਕੀਤਾ ਕਿ ਉਸ ਵੱਲੋਂ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਰਿਹਾਅ ਕਰ ਦਿਤਾ ਗਿਆ ਹੈ ਪਰ ਅਜੇ ਵੀ ਪੰਜਾਬ ਦੇ ਅਨੇਕਾਂ ਸਿੱਖ ਨੌਜਵਾਨ ਜਾਂ ਤਾਂ ਥਾਣਿਆਂ/ਹਵਾਲਾਤਾਂ ਵਿੱਚ ਬੰਦ ਹਨ ਜਾਂ ਫਿਰ ਉਹ ਬੰਦੀ ਸਿੱਖਾਂ ਵਾਂਗ ਜੇਲ੍ਹਾਂ ਵਿੱਚ ਬੰਦ ਹਨ।

ਅਪਰੇਸ਼ਨ ਅੰਮ੍ਰਿਤਪਾਲ ਦੇ ਖਤਮ ਹੋਣ ਤੋਂ ਬਾਅਦ ਇਕ ਹੋਰ ਵੱਡਾ ਸਵਾਲ ਇਹ ਵੀ ਉਭਰ ਕੇ ਸਾਹਮਣੇ ਆ ਰਿਹਾ ਹੈ ਕਿ ਪੰਜਾਬ ਵਿੱਚ ਜਿਸ ਤਰੀਕੇ ਨਾਲ ਪੰਜਾਬ ਦੀ ਆਪ ਸਰਕਾਰ, ਕੇਂਦਰ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਮਿਲ ਕੇ ਜੋ ਮਾਹੌਲ ਸਿਰਜਿਆ ਗਿਆ ਹੈ, ਕੀ ਪੰਜਾਬ ਜਲਦੀ ਹੀ ਉਸ ਮਾਹੌਲ ਤੋਂ ਮੁਕਤ ਹੋ ਜਾਵੇਗਾ। ਅਜਿਹੇ ਮਾਹੌਲ ਕਾਰਨ ਵੱਡੀ ਗਿਣਤੀ ਪੰਜਾਬੀਆਂ ਨੇ ਆਪਣੇ ਨੌਜਵਾਨ ਪੁੱਤਰਾਂ ਨੂੰ ਕਿਸੇ ਨਾ ਕਿਸੇ ਹੀਲੇ ਵਿਦੇਸ਼ ਭੇਜਣ ਦੀ ਚਾਰਾਜੋਈ ਸ਼ੁਰੂ ਕਰ ਦਿਤੀ ਹੈ ਤਾਂ ਕਿ ਪੰਜਾਬ ਦੇ ਮੌਜੂਦਾ ਮਾਹੌਲ ਦਾ ਸੇਕ ਉਹਨਾਂ ਦੇ ਨੌਜਵਾਨ ਪੁੱਤਰਾਂ ਨੂੰ ਨਾ ਲੱਗ ਸਕੇ।

ਅੰਮ੍ਰਿਤਪਾਲ ਸਿੰਘ ਦੇ ਮਾਮਲੇ ਨੂੰ ਲੈ ਕੇ ਜਿਸ ਤਰਾਂ ਸਿੱਖ ਭਾਈਚਾਰੇ ਨੂੰ ਖ਼ਾਲਿਸਤਾਨ ਦੇ ਨਾਮ 'ਤੇ ਦੁਨੀਆਂ ਭਰ ਵਿੱਚ ਬਦਨਾਮ ਕੀਤਾ ਗਿਆ ਹੈ, ਉਸ ਨਾਲ ਦੇਸ਼ ਵਿਦੇਸ਼ 'ਚ ਵਸਦੇ ਸਿੱਖਾਂ ਦੇ ਮਨਾਂ ਨੂੰ

ਭਾਰੀ ਠੇਸ ਪਹੁੰਚੀ ਹੈ। ਸਿੱਖ ਬੁੱਧੀਜੀਵੀ ਕਹਿੰਦੇ ਹਨ ਕਿ ਜੇਕਰ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨਾ ਸੀ ਤਾਂ 8 ਮਾਰਚ ਨੂੰ ਉਸਦੇ ਘਰ ਤੋਂ ਵੀ ਗ੍ਰਿਫਤਾਰ ਕਰ ਸਕਦੀ ਸੀ ਪਰ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਨੂੰ ਫੜਨ ਲਈ ਜੋ ਢੰਗ ਤਰੀਕਾ ਅਪਨਾਇਆ ਗਿਆ ਉਸ ਨੇ ਦੁਨੀਆ 'ਚ ਵਸਦੇ ਸਿੱਖ ਭਾਈਚਾਰੇ 'ਚ ਰੋਸ ਪੈਦਾ ਕਰ ਦਿਤਾ ਹੈ। ਸਰਕਾਰ ਅਤੇ ਪੁਲਿਸ ਦੀਆਂ ਅਜਿਹੀਆਂ ਸਤਹੀ ਕਾਰਵਾਈਆਂ ਕਾਰਨ ਸਿੱਖਾਂ ਅੰਦਰ ਬੇਗਾਨਗੀ ਦੀ ਭਾਵਨਾ ਦਾ ਪੈਦਾ ਹੋਣਾ ਕੁਦਰਤੀ ਹੈ। ਪੰਜਾਬ ਪੁਲਿਸ ਅਤੇ ਖੁਫੀਆ ਏਜੰਸੀਆਂ ਵੱਲੋਂ ਜਿਸ ਤਰੀਕੇ ਨਾਲ ਅੰਮ੍ਰਿਤਪਾਲ ਸਿੰਘ ਦੀ ਧਰਮ ਪਤਨੀ ਨੂੰ ਉਸਦੇ ਪੇਕੇ ਘਰ ਇੰਗਲੈਂਡ ਜਾਣ ਤੋਂ ਰੋਕਿਆ ਗਿਆ, ਉਸ ਨੇ ਵੀ ਸਿੱਖਾਂ (ਬਾਕੀ ਸਫ਼ਾ 29 'ਤੇ)

## ਅੰਮ੍ਰਿਤਪਾਲ ਸਿੰਘ ਦਾ ਦੁਬਈ ਦੇ ਟਰੱਕ ਡਰਾਇਵਰ ਤੋਂ ਅਸਾਮ ਦੀ ਜੇਲ੍ਹ ਤੱਕ ਦਾ ਸਫ਼ਰ



ਅੰਮ੍ਰਿਤਪਾਲ ਸਿੰਘ ਦੇ ਵਾਰਿਸ ਪੰਜਾਬ ਦੇ ਜਥੇਬੰਦੀ ਦਾ ਮੁਖੀ ਬਣਨ ਤੋਂ ਲੈ ਕੇ ਉਸਦੀ ਗ੍ਰਿਫ਼ਤਾਰੀ ਤਕ ਜੋ ਘਟਨਾਂਕ੍ਰਮ ਵਾਪਰਿਆ ਹੈ, ਉਸਦਾ ਵੇਰਵਾ ਇਸ ਤਰਾਂ ਹੈ :-

29 ਸਤੰਬਰ 2022: ਪਿੰਡ ਰੋਡੇ 'ਚ 'ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਮੁਖੀ ਥਾਪਦਿਆਂ ਅੰਮ੍ਰਿਤਪਾਲ ਸਿੰਘ ਦੀ 'ਦਸਤਾਰਬੰਦੀ'

12 ਦਸੰਬਰ 2022: ਅੰਮ੍ਰਿਤਪਾਲ ਦੇ ਸਮਰਥਕਾਂ ਨੇ ਜਲੰਧਰ ਦੇ ਗੁਰਦੁਆਰੇ 'ਚ ਰੱਖੀਆਂ ਕੁਰਸੀਆਂ ਤੇ ਸੋਫ਼ੇ ਸਾੜੇ। ਗੁਰਦੁਆਰੇ 'ਚ ਰੱਖੇ ਫਰਨੀਚਰ ਨੂੰ ਸਿੱਖ ਮਰਿਆਦਾ ਖਿਲਾਫ਼ ਦੱਸਿਆ।

10 ਫਰਵਰੀ 2023: ਅੰਮ੍ਰਿਤਪਾਲ ਸਿੰਘ ਨੇ ਯੂਕੇ ਅਧਾਰਿਤ ਐਨਆਰਆਈ(ਬਾਕੀ ਸਫ਼ਾ 29 'ਤੇ)

## ਮਿਸਲ ਸਤਲੁੱਜ ਦੀ ਅਗਵਾਈ ਵਿੱਚ ਸ਼ੁਰੂ ਕੀਤਾ 'ਮੁੱਦਕੀ ਮੋਰਚਾ' ਸਫ਼ਲਤਾਪੂਰਨ ਸਮਾਪਤ

### ਲੋਕਾਂ ਦੇ ਰੋਹ ਅੱਗੇ ਝੁਕਦਿਆਂ ਪੰਜਾਬ ਸਰਕਾਰ ਨੇ ਰਾਜਸਥਾਨ ਫੀਡਰ ਵਿੱਚ ਫਰੀਦਕੋਟ ਤੋਂ ਹਰੀਕੇ ਪੱਤਣ ਤੱਕ ਪਲਾਸਟਿਕ ਸ਼ੀਟ ਅਤੇ ਕੰਕਰੀਟ ਪਾਉਣ ਦਾ ਪ੍ਰੋਜੈਕਟ ਕੀਤਾ ਰੱਦ

**ਅੰਮ੍ਰਿਤਸਰ ਟਾਈਮਜ਼ ਦੀ ਵਿਸ਼ੇਸ਼ ਰਿਪੋਰਟ**



ਪੰਜਾਬ ਸਰਕਾਰ ਵੱਲੋਂ ਰਾਜਸਥਾਨ ਫੀਡਰ ਵਿੱਚ ਫਰੀਦਕੋਟ ਤੋਂ ਹਰੀਕੇ ਪੱਤਣ ਤਕ ਪਲਾਸਟਿਕ ਸ਼ੀਟ ਅਤੇ ਕੰਕਰੀਟ ਪਾਏ ਜਾਣ ਵਿਰੁੱਧ ਮਿਸਲ ਸਤਲੁੱਜ ਦੀ ਅਗਵਾਈ ਵਿੱਚ 'ਘੱਲ ਖੁਰਦ' ਦੀਆਂ ਨਹਿਰਾਂ ਦੇ ਪੁੱਲ 'ਤੇ 15 ਮਾਰਚ 2023 ਤੋਂ ਸ਼ੁਰੂ ਕੀਤਾ ਗਿਆ 'ਮੁੱਦਕੀ ਮੋਰਚਾ' ਪੰਜਾਬ ਸਰਕਾਰ ਵੱਲੋਂ ਇਹ ਪ੍ਰੋਜੈਕਟ ਰੱਦ ਕਰਨ ਦਾ ਪੱਤਰ ਜਾਰੀ ਕਰਨ ਤੋਂ ਬਾਅਦ ਸਫਲਤਾਪੂਰਵਕ ਸਮਾਪਤ ਹੋ ਗਿਆ ਹੈ, ਪਰ ਮੋਰਚੇ ਦੇ ਪ੍ਰਬੰਧਕਾਂ ਵੱਲੋਂ ਰਾਜਸਥਾਨ ਫੀਡਰ ਵਿਚੋਂ ਪਾਣੀ ਲੈਣ ਅਤੇ ਪੰਜਾਬ ਦੇ ਹੋਰ ਅਨੇਕਾਂ ਮੁੱਦਿਆਂ ਅਤੇ ਮਸਲਿਆਂ ਦੇ ਹੱਲ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ।

ਮਿਸਲ ਸਤਲੁੱਜ ਦੀ ਅਗਵਾਈ ਵਿੱਚ ਲੱਗੇ ਮੁੱਦਕੀ ਮੋਰਚੇ ਦੇ ਆਗੂ ਸ੍ਰੀ ਅਜੈਪਾਲ ਸਿੰਘ ਬਰਾੜ ਨੇ ਅੰਮ੍ਰਿਤਸਰ ਟਾਈਮਜ਼ ਨਾਲ ਵਿਸ਼ੇਸ਼ ਗਲਬਾਤ ਕਰਦਿਆਂ ਦਸਿਆ ਕਿ ਉਹਨਾਂ ਸਮੇਤ ਮਿਸਲ ਸਤਲੁੱਜ ਦੇ ਹੋਰਨਾਂ ਆਗੂਆਂ ਦਵਿੰਦਰ ਸਿੰਘ ਸੇਖੋਂ, ਰਾਜਪਾਲ ਸਿੰਘ ਸੰਧੂ, ਗੁਰਬੀਰ ਸਿੰਘ ਖੋਸਾ ਅਤੇ ਦਲੇਰ ਸਿੰਘ ਢੋਟ ਦੀ ਅਗਵਾਈ ਵਿੱਚ 15 ਜਨਵਰੀ 2023 ਨੂੰ ਮਿਸਲ ਸਤਲੁੱਜ ਤਹਿਤ ਇਲਾਕੇ ਦੇ ਲੋਕਾਂ ਦਾ ਇੱਕਠ ਕੀਤਾ ਗਿਆ ਸੀ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਰਾਜਸਥਾਨ ਫੀਡਰ ਵਿੱਚ ਫਰੀਦਕੋਟ ਤੋਂ ਹਰੀਕੇ ਪੱਤਣ ਤੱਕ ਪਲਾਸਟਿਕ ਸ਼ੀਟ ਅਤੇ ਕੰਕਰੀਟ ਪਾਏ ਜਾਣ ਵਿਰੁੱਧ ਅਤੇ ਹੋਰ ਮੁੱਦਿਆਂ ਸੰਬੰਧੀ (ਬਾਕੀ ਸਫ਼ਾ 29 'ਤੇ)

## ਦਮਦਮੀ ਟਕਸਾਲ (ਸੰਗਰਾਵਾਂ), ਅੰਮ੍ਰਿਤਪਾਲ ਸਿੰਘ ਵੱਲੋਂ ਆਰੰਭੀ ਖ਼ਾਲਸਾ ਵਹੀਰ 4 ਤੋਂ ਮੁੜ ਸ਼ੁਰੂ ਕਰੇਗੀ

ਅੰਮ੍ਰਿਤਸਰ/ਏ.ਟੀ.ਨਿਊਜ਼ :- ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਪੰਜਾਬ ਵਿੱਚ ਅੰਮ੍ਰਿਤ ਸੰਚਾਰ ਕਰਨ ਅਤੇ ਨਸ਼ੇ ਛੁਡਾਉਣ ਲਈ ਆਰੰਭ ਕੀਤੀ ਗਈ ਖ਼ਾਲਸਾ ਵਹੀਰ ਨੂੰ ਦਮਦਮੀ ਟਕਸਾਲ (ਸੰਗਰਾਵਾਂ) ਦੇ ਮੁਖੀ ਗਿਆਨੀ ਰਾਮ ਸਿੰਘ ਨੇ ਮੁੜ 4 ਮਈ ਤੋਂ ਆਰੰਭ ਕਰਨ ਦਾ ਐਲਾਨ ਕੀਤਾ ਹੈ। ਇਥੇ ਗੱਲਬਾਤ ਕਰਦਿਆਂ ਗਿਆਨੀ ਰਾਮ ਸਿੰਘ ਨੇ ਕਿਹਾ ਕਿ ਦਮਦਮੀ ਟਕਸਾਲ ਵਲੋਂ ਹਮ ਖਿਆਲ ਜਥੇਬੰਦੀਆਂ ਨਾਲ ਮਿਲ ਕੇ 4 ਮਈ ਨੂੰ ਗੁਰਦੁਆਰਾ ਟੁੱਟੀ ਗੰਢੀ, ਮੁਕਤਸਰ ਸਾਹਿਬ ਤੋਂ ਖ਼ਾਲਸਾ ਵਹੀਰ ਆਰੰਭ ਕੀਤੀ ਜਾਵੇਗੀ, ਜੋ ਵੱਖ-ਵੱਖ ਪਿੰਡਾਂ, ਨਗਰਾਂ ਤੇ ਸ਼ਹਿਰਾਂ 'ਚੋਂ ਹੁੰਦੀ ਹੋਈ ਸ਼ਾਮ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਪੁੱਜ ਕੇ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਪੰਜਾਬ ਵਿੱਚ ਜੋ ਅੰਮ੍ਰਿਤ ਸੰਚਾਰ ਕਰਨ ਅਤੇ ਨਸ਼ੇ ਛੁਡਾਉਣ ਦੀ ਜੋ ਲਹਿਰ ਆਰੰਭ ਕੀਤੀ ਸੀ, ਕੁਝ ਕਾਰਨਾਂ ਕਰਕੇ ਉਸ ਲਹਿਰ ਵਿੱਚ ਖੜੋਤ ਆ ਗਈ ਹੈ, ਪਰ ਉਸ ਨੂੰ ਪ੍ਰਚੰਡ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਸੀਂ ਇਹ ਫ਼ੈਸਲਾ ਕੀਤਾ ਹੈ ਕਿ ਉਸ ਪ੍ਰਚਾਰ ਲਹਿਰ ਨੂੰ ਮੁੜ ਸ਼ੁਰੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਖ਼ਾਲਸਾ ਵਹੀਰ ਲਈ ਸ਼੍ਰੋਮਣੀ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ, ਦਿੱਲੀ ਸਿੱਖ ਕਮੇਟੀ ਸਮੇਤ ਹੋਰ ਪੰਥਕ ਸ਼ਖ਼ਸੀਅਤਾਂ ਨੂੰ ਸੱਦਾ ਦਿੱਤਾ ਗਿਆ ਹੈ।

# ਸਿਆਸਤ ਦੇ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਨਹੀਂ ਰਹੇ

## 95 ਸਾਲ ਦੀ ਉਮਰ 'ਚ ਲਿਆ ਆਖਰੀ ਸਾਹ



ਐੱਸ.ਏ.ਐੱਸ ਨਗਰ (ਮੋਹਾਲੀ): ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋ ਗਿਆ। ਉਹ 95 ਸਾਲ ਦੇ ਸਨ ਅਤੇ ਮੰਗਲਵਾਰ ਦੇਰ ਸ਼ਾਮ ਨੂੰ ਉਨ੍ਹਾਂ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਆਖ਼ਰੀ ਸਾਹ ਲਏ। ਉਹ ਪਿਛਲੇ ਬੁੱਧਵਾਰ ਤੋਂ ਹਸਪਤਾਲ ਦੇ ਮੈਡੀਕਲ ਆਈਸੀਯੂ ਵਿੱਚ ਦਾਖ਼ਲ ਸਨ। ਉਹ ਦਿਲ ਦੇ ਰੋਗ ਤੋਂ ਪੀੜਤ ਸਨ ਅਤੇ ਕੁਝ ਦਿਨਾਂ ਤੋਂ ਉਨ੍ਹਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਹੋ ਰਹੀ ਸੀ। ਅੰਤਿਮ ਸਮੇਂ ਵੱਡੇ ਬਾਦਲ ਕੋਲ ਉਨ੍ਹਾਂ ਦੀ ਨੂੰਹ ਤੇ ਸਾਬਕਾ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਮੌਜੂਦ ਸਨ।

ਬੀਬੀ ਬਾਦਲ ਮੰਗਲਵਾਰ ਨੂੰ ਹਸਪਤਾਲ ਵਿੱਚ ਵੱਡੇ ਬਾਦਲ ਕੋਲ ਹੀ ਰਹੇ ਅਤੇ ਡਾਕਟਰਾਂ ਤੋਂ ਪਲ-ਪਲ ਦੀ ਖ਼ਬਰ ਲੈਂਦੇ ਰਹੇ। ਬੀਤੇ ਦਿਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਦੇਰ ਰਾਤ ਤੱਕ ਹਸਪਤਾਲ ਵਿੱਚ ਮੌਜੂਦ ਰਹੇ। ਉਨ੍ਹਾਂ ਡਾਕਟਰਾਂ ਨਾਲ ਗੱਲ ਕਰਕੇ ਵੱਡੇ ਬਾਦਲ ਦੀ ਸਿਹਤ ਅਤੇ ਇਲਾਜ ਪ੍ਰਕਿਰਿਆ ਬਾਰੇ ਤਫ਼ਸੀਲ ਵਿੱਚ ਸਾਰੀ ਜਾਣਕਾਰੀ ਹਾਸਲ ਕੀਤੀ ਅਤੇ ਸਮਰੀ ਰਿਪੋਰਟ ਵੀ ਚੈੱਕ ਕੀਤੀ ਸੀ। ਮੰਗਲਵਾਰ ਸਵੇਰੇ ਸ੍ਰੀ ਬਾਦਲ ਦੀ ਹਾਲਤ ਪਹਿਲਾਂ ਨਾਲੋਂ ਕੁੱਝ ਬਿਹਤਰ ਦੱਸੀ ਜਾ ਰਹੀ ਸੀ ਪਰ ਮੰਗਲਵਾਰ ਨੂੰ ਹੀ ਦੇਰ ਸ਼ਾਮ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੀ ਵੱਡੇ ਬਾਦਲ ਸਖ਼ਤ ਬਿਮਾਰ ਹੋ ਗਏ ਸਨ। ਜਨਵਰੀ ਮਹੀਨੇ ਉਹ ਰੁਟੀਨ ਚੈੱਕਅਪ ਲਈ ਲੁਧਿਆਣਾ ਦੇ ਨਿੱਜੀ ਹਸਪਤਾਲ ਵਿੱਚ ਗਏ ਸਨ, ਜਿੱਥੇ ਉਨ੍ਹਾਂ ਦੀ ਕੋਵਿਡ ਟੈਸਟ ਰਿਪੋਰਟ ਪਾਜ਼ੇਟਿਵ ਆਉਣ ਤੋਂ ਬਾਅਦ ਉਨ੍ਹਾਂ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਅਤੇ ਪੀਜੀਆਈ ਹਸਪਤਾਲ ਚੰਡੀਗੜ੍ਹ ਵਿੱਚ ਦਾਖ਼ਲ ਰਹਿਣਾ ਪਿਆ ਸੀ। ਹਾਲਾਂਕਿ ਬਿਹਤਰ ਇਲਾਜ ਤੋਂ ਬਾਅਦ ਉਹ ਇਸ ਬਿਮਾਰੀ ਤੋਂ ਉੱਭਰ ਗਏ ਸਨ ਅਤੇ ਪਾਰਟੀ ਦੀ ਮਜ਼ਬੂਤੀ ਲਈ ਮੁੜ ਵਰਕਰਾਂ ਨੂੰ ਮਿਲਣਾ ਅਤੇ ਲੋਕਾਂ ਵਿੱਚ ਵਿਚਰਨਾ ਸ਼ੁਰੂ ਕਰ ਦਿੱਤਾ ਸੀ। ਕਰੀਬ ਸਵਾ ਸਾਲ ਬਾਅਦ ਹੁਣ ਅਚਾਨਕ ਉਨ੍ਹਾਂ ਦੀ ਸਿਹਤ ਖ਼ਰਾਬ ਹੋ ਗਈ, ਜਿਸ ਕਾਰਨ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ।

**ਪੰਜ ਵਾਰ ਮੁੱਖ ਮੰਤਰੀ ਅਤੇ 11 ਵਾਰ ਵਿਧਾਇਕ ਰਹੇ ਬਾਦਲ**

ਅੱਠ ਦਸੰਬਰ 1927 ਨੂੰ ਜਨਮੇ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਸੰਨ 1947 ਵਿੱਚ ਰਾਜਨੀਤੀ ਵਿੱਚ ਪੈਰ ਧਰਨ ਵਾਲੇ ਪ੍ਰਕਾਸ਼ ਬਾਦਲ ਪਹਿਲੀ ਵਾਰ 1970-71 ਤੱਕ, ਦੂਜੀ ਵਾਰ 1977-80 ਤੱਕ, ਤੀਜੀ ਵਾਰ 1997-2002 ਤੱਕ ਅਤੇ ਬਾਅਦ ਵਿੱਚ ਲਗਾਤਾਰ ਦਸ ਸਾਲ 2007-2017 ਤੱਕ ਸੂਬੇ ਦੇ ਮੁੱਖ ਮੰਤਰੀ ਬਣੇ। 1970 ਵਿੱਚ ਜਦੋਂ ਉਹ ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਤਾਂ ਉਹਨਾਂ ਦੀ ਉਮਰ ਸਿਰਫ 43 ਸਾਲ ਸੀ ਅਤੇ ਉਸ ਸਮੇਂ ਉਹ ਦੇਸ਼ ਦੇ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲੋਂ ਸਭ ਤੋਂ ਘੱਟ ਉਮਰ ਦੇ ਮੁੱਖ ਮੰਤਰੀ ਸਨ। ਪ੍ਰਕਾਸ਼ ਸਿੰਘ ਬਾਦਲ 11 ਵਾਰ ਵਿਧਾਇਕ ਰਹੇ।



### ਸਿਆਸੀ ਬੋਹੜ ਦੀ ਛਾਂ ਤੋਂ ਵਿਹੂਣੀ ਹੋਈ ਅਕਾਲੀ ਸਿਆਸਤ

ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਸਿਆਸਤ ਦਾ ਬਾਬਾ ਬੌਹੜ ਕਿਹਾ ਜਾਂਦਾ ਹੈ, ਹੁਣ ਉਹਨਾਂ ਦੇ ਦੇਹਾਂਤ ਨਾਲ ਅਕਾਲੀ ਸਿਆਸਤ ਸਿਆਸੀ ਬੌਹੜ ਦੀ ਛਾਂ ਤੋਂ ਵਿਹੂਣੀ ਹੋ ਗਈ ਹੈ। ਆਪਣੇ ਸਿਆਸੀ ਜੀਵਨ ਦੌਰਾਨ ਉਹਨਾਂ ਨੇ ਅਨੇਕਾਂ ਉਤਰਾਅ ਚੜ੍ਹਾਅ ਵੇਖੇ।



ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਪਿੰਡ ਬਾਦਲ ਦੀ ਸਰਪੰਚੀ ਤੋਂ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੇ 8 ਦਸੰਬਰ, 1927 ਨੂੰ ਨਾਨਕੇ ਪਿੰਡ ਅਬੁਲ ਖੁਰਾਣਾ ਵਿਚ ਪਿਤਾ ਰਘੁਰਾਜ ਸਿੰਘ ਦੇ ਘਰ ਮਾਤਾ ਜਸਵੰਤ ਕੌਰ ਦੀ ਕੁੱਖੋਂ ਜਨਮ ਲਿਆ। ਉਨ੍ਹਾਂ ਐਫ਼.ਏ. ਤੱਕ ਪੜ੍ਹਾਈ ਐਫ.ਸੀ ਕਾਲਜ ਲਾਹੌਰ ਤੋਂ ਕੀਤੀ।

ਉਹ ਹੋਰ ਪੜ੍ਹ ਕੇ ਸਰਕਾਰੀ ਅਫ਼ਸਰ ਲੱਗਣਾ ਚਾਹੁੰਦੇ ਸਨ ਪਰ ਗਿਆਨੀ ਕਰਤਾਰ ਸਿੰਘ ਦੀ ਪ੍ਰੇਰਣਾ ਮਗਰੋਂ ਉਹ ਪੰਚਾਇਤ ਸਮਿਤੀ ਲੰਬੀ ਦੇ ਚੇਅਰਮੈਨ ਚੁਣੇ ਗਏ। ਉਨ੍ਹਾਂ 1957 ਵਿੱਚ ਪਹਿਲੇ ਵੱਡੇ ਸਿਆਸੀ ਕਦਮ ਤਹਿਤ ਮਲੋਟ ਹਲਕੇ ਤੋਂ ਪਹਿਲੀ ਦਫ਼ਾ ਵਿਧਾਨ ਸਭਾ ਚੋਣ ਜਿੱਤੀ। ਇਸ ਮਗਰੋਂ 1969 ਵਿੱਚ ਵੀ ਵਿਧਾਨ ਸਭਾ ਦੀ ਚੋਣ ਜਿੱਤੀ ਅਤੇ ਅਕਾਲੀ-ਜਨਸੰਘ ਗੱਠਜੋੜ ਸਰਕਾਰ ਵਿੱਚ ਮੰਤਰੀ ਰਹੇ। ਉਨ੍ਹਾਂ ਦਾ ਵਿਆਹ ਸੁਰਿੰਦਰ ਕੌਰ ਵਾਸੀ

(ਬਾਕੀ ਸਫ਼ਾ 29 'ਤੇ)

### 'ਫ਼ਖ਼ਰ-ਏ-ਕੌਮ' ਅਤੇ ਪਦਮ ਵਿਭੂਸ਼ਣ ਨਾਲ ਸਨਮਾਨ



ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ 11 ਦਸੰਬਰ 2011 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਰਤਨ 'ਫ਼ਖਰ-ਏ-ਕੌਮ' ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ 2015 'ਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਆਮ ਲੋਕਾਂ ਨਾਲ ਜੁੜੇ ਆਗੂ : ਸ੍ਰ. ਪ੍ਰਕਾਸ਼ ਸਿੰਘ ਬਾਦਲ ਆਮ ਲੋਕਾਂ ਨਾਲ ਜੁੜੇ ਹੋਏ ਆਗੂ ਸਨ। ਮੁੱਖ ਮੰਤਰੀ ਹੁੰਦਿਆਂ ਸੰਗਤ ਦਰਸ਼ਨ ਕਰਕੇ ਉਹਨਾਂ ਨੇ ਪੰਜਾਬ ਦੇ ਆਮ ਲੋਕਾਂ ਨਾਲ ਆਪਣੀ ਸਾਂਝ ਪਾਈ। ਉਹਨਾਂ ਨਾਲ ਮਿਲ ਕੇ ਹਰ ਵਿਅਕਤੀ ਆਪਣੇਪਣ ਦਾ ਅਹਿਸਾਸ ਕਰਦਾ ਸੀ। ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਕ ਵਾਰ ਕਿਹਾ ਸੀ ਕਿ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਮ ਲੋਕਾਂ ਨਾਲ ਇਥੋਂ ਤਕ ਜੁੜੇ ਹੋਏ ਸਨ ਕਿ ਕਿਸੇ ਵੀ ਘਟਨਾ ਦੀ ਜਾਣਕਾਰੀ ਸੀ. ਆਈ. ਡੀ. ਅਤੇ ਇੰਟੈਲੀਜੈਂਸ ਨਾਲੋਂ ਵੀ ਪਹਿਲਾਂ ਆਮ ਲੋਕ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਧੀ ਫੋਨ 'ਤੇ ਦੇ ਦਿੰਦੇ ਸਨ। ਉਸ ਸਮੇਂ ਸੁਖਬੀਰ ਬਾਦਲ ਨੇ ਦਾਅਵਾ ਕੀਤਾ ਸੀ ਕਿ ਹਰ ਆਮ ਵਿਅਕਤੀ ਦੀ ਪਹੁੰਚ ਸ੍ਰ. ਪ੍ਰਕਾਸ਼ ਸਿੰਘ ਬਾਦਲ ਤਕ ਹੈ।

## ਪ੍ਰਕਾਸ਼ ਸਿੰਘ ਬਾਦਲ ਅਤੇ ਭਾਰਤੀ ਰਾਸ਼ਟਰਵਾਦੀ ਨੀਤੀ ਦੇ ਅਹਿਮ ਪੜਾਅ ਦੀ ਅਸਫ਼ਲਤਾ

**ਡਾਕਟਰ ਜਸਬੀਰ ਸਿੰਘ**
ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ.

ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦੇ ਚਲਾਣੇ ਨਾਲ ਸਿੱਖ ਕੌਮ ਦੇ ਭਾਰਤੀ ਰਾਜ ਨਾਲ ਸਬੰਧਾਂ ਬਾਰੇ ਜਾਨਣ, ਸਮਝਣ ਅਤੇ ਵਿਸ਼ਲੇਸ਼ਣ ਕਰਨ ਦਾ ਅਮਲ ਸ਼ੁਰੂ ਹੋਵੇਗਾ। ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਇਲੀਟ ਆਗੂ ਹਿੱਸੇ ਦੀ ਸਿੱਖ ਹਿੱਤਾਂ ਨੂੰ ਤਿਲਾਂਜਲੀ ਦੇ ਕੇ ਭਾਰਤੀ ਰਾਜ ਦੀ "ਕੌਮ ਸਿਰਜਣ" ਦੀ ਨੀਤੀ ਦੇ ਅਹਿਮ ਹਿੱਸੇ ਬਨਣ ਦੀ ਮਾਨਸਿਕਤਾ ਦਾ ਉੱਚਤਮ ਬਿੰਬ ਹੈ। ਇਹ ਮਾਨਸਿਕਤਾ ਭਾਵੇਂ ਅਕਾਲੀ ਦਲ ਦੀ ਸ਼ੁਰੂਆਤੀ ਅਗਵਾਈ ਵਿੱਚ ਹਰੇਕ ਸਮੇਂ ਮੌਜੂਦ ਰਹੀ ਪਰ ਇਸਦੇ ਨਾਲ- ਨਾਲ ਅਕਾਲੀ ਦਲ ਦੇ ਆਗੂ "ਫੈਡਰਲ ਢਾਂਚੇ" ਅਨੁਸਾਰ ਸਿੱਖਾਂ ਦੇ ਹਿੱਤਾਂ ਅਤੇ ਪਛਾਣ ਦੀ ਰਾਖੀ ਲਈ ਵੀ ਸਰਗਰਮੀ ਕਰਦੇ ਰਹੇ। ਅਕਾਲੀ ਦਲ ਵਿੱਚ ਦੋ ਤਰਾਂ ਦੀ ਅਗਵਾਈ ਸਾਹਮਣੇ ਆਉਂਦੀ ਰਹੀ। ਪਹਿਲੀ ਤਰਾਂ ਦੇ ਆਗੂ ਸਿੱਧੇ ਭਾਰਤੀ ਰਾਸ਼ਟਰੀ ਕਾਂਗਰਸ ਅਤੇ ਮਹਾਤਮਾ ਗਾਂਧੀ ਦੇ ਏਜੰਟਾਂ ਵਜੋਂ ਸਰਗਰਮ ਰਹੇ ਜਦਕਿ ਦੂਜੀ ਤਰਾਂ ਦੇ ਆਗੂ (ਜਿਹਨਾਂ ਵਿੱਚ ਮਾਸਟਰ ਤਾਰਾ ਸਿੰਘ, ਸ੍ਰ.ਖੜਕ ਸਿੰਘ ਅਤੇ ਗੁਰਚਰਨ ਸਿੰਘ ਟੌਹੜਾ ਸ਼ਾਮਿਲ ਸਨ) ਕੁਝ ਹੱਦ ਤਕ ਸਿੱਖ ਹਿੱਤਾਂ ਲਈ



ਵੀ ਰਾਜਸੀ ਸਰਗਰਮੀ ਕਰਦੇ ਰਹੇ। ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਅਕਾਲੀ ਦਲ ਦੀ ਹੋਂਦ ਦੀ ਕਾਇਮੀ ਦਾ ਮਸਲਾ ਸੀ ਕਿਉਂਕਿ ਅਕਾਲੀ ਆਗੂ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਦਿਤੇ ਗਏ ਜਬਾਨੀ-ਕਲਾਮੀ ਵਾਇਦਿਆਂ ਦੇ ਆਧਾਰ 'ਤੇ ਬਿਨਾਂ ਕਿਸੇ ਵਿਧਾਨਿਕ ਸਮਝੌਤੇ ਦੇ ਹਿੰਦੂ ਬਹੁਗਿਣਤੀ ਵਾਲੇ ਭਾਰਤੀ ਪਾਰਲੀਮਾਨੀ ਰਾਜ ਦਾ ਹਿੱਸਾ ਬਣਾ ਗਏ ਸਨ। ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਅਕਾਲੀ ਆਗੂਆਂ ਵੱਲੋਂ ਮੁਸਲਮਾਨ ਆਗੂ 'ਜਿਨਾਹ' ਨਾਲ ਪਾਕਿਸਤਾਨ ਵਿੱਚ ਸਿੱਖਾਂ ਦੇ ਰਲੇਂਵੇਂ ਸਬੰਧੀ ਇਕ ਮਿਲਣੀ ਵਿੱਚ "ਸਿੱਖ ਸਟੇਟ ਦੀ ਪਾਕਿਸਤਾਨ ਵਿੱਚ ਸਥਾਪਨਾ ਅਤੇ ਦਸ ਸਾਲਾਂ ਵਿੱਚ ਇਸ ਕੋਲ ਪਾਕਿਸਤਾਨ ਤੋਂ ਵੱਖ ਹੋਣ ਦੇ ਅਧਿਕਾਰ" ਦੀ ਵਿਧਾਨਕ ਗਾਰੰਟੀ ਮੰਗ ਰਹੇ ਸਨ। ਦੂਜੇ ਪਾਸੇ ਇਹੀ ਆਗੂ ਅਕਾਲੀ ਦਲ ਦੇ ਸ਼ੁਰੂਆਤੀ ਸਮੇਂ ਤੋਂ ਹੀ ਆਪਣੇ ਆਪ ਨੂੰ ਭਾਰਤੀ ਮੰਨ ਕੇ ਚੱਲ ਰਹੇ ਸਨ। ਸਮੇਂ- ਸਮੇਂ ਉਤੇ ਮਹਾਤਮਾ ਗਾਂਧੀ ਵੱਲੋਂ ਇਹਨਾਂ ਅਕਾਲੀ ਆਗੂਆਂ ਅਤੇ ਸਿੱਖਾਂ ਬਾਰੇ ਕੀਤੀਆਂ ਗਈਆਂ ਬੇਇਜਤੀ ਭਰੀਆਂ ਟਿੱਪਣੀਆਂ ਵੀ ਇਹਨਾਂ ਅਕਾਲੀ ਆਗੂਆਂ ਦੀ "ਭਾਰਤੀ ਹੋਣ ਦੀ ਮਾਨਸਿਕਤਾ" 'ਤੇ ਕੋਈ ਬੋਝ ਨਹੀਂ ਪਾ ਸਕੀਆਂ ਸਨ। ਭਾਰਤੀ ਰਾਸ਼ਟਰੀ ਕਾਂਗਰਸ ਅਤੇ ਮਹਾਤਮਾ ਗਾਂਧੀ ਦੀ ਸ਼ਹਿ 'ਤੇ ਅੰਗਰੇਜੀ ਰਾਜ ਨਾਲ ਹਮੇਸ਼ਾ ਵਿਰੋਧ ਵਿੱਚ ਰਹਿਣਾ ਅਤੇ ਮਹਾਤਮਾ ਗਾਂਧੀ ਦੀਆਂ "ਨਾ ਮਿਲਵਰਤਣ" ਤੇ "ਸਵਰਾਜ" ਦੀਆਂ ਲਹਿਰਾਂ ਦੇ ਹਿੱਸੇ ਵਜੋਂ ਗੈਰ -ਲੋੜੀਂਦੀ ਹਿੰਸਾ ਕਰਨਾ ਇਸੇ "ਭਾਰਤਵਾਦੀ ਮਾਨਸਿਕਤਾ" ਦਾ ਹਿੱਸਾ ਸੀ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿਖ ਆਗੂਆਂ ਦੀ ਨੀਤੀ ਅਤੇ ਅੰਗਰੇਜ਼ਾਂ ਵੱਲੋਂ ਸਿੱਖਾਂ ਉਤੇ ਤਸ਼ੱਸਦ ਕਰਨ ਦੇ ਵਰਤਾਰੇ ਪਿੱਛੇ ਭਾਰਤੀ ਰਾਸ਼ਟਰੀ ਕਾਂਗਰਸ ਦੀ ਅਦਿਸਦੀ ਭੂਮਿਕਾ ਬਾਰੇ ਖੋਜ ਹੋਣੀ ਹਾਲੇ ਬਾਕੀ ਹੈ। ਇਸ ਤਰਾਂ ਅਕਾਲੀ ਦਲ ਅਤੇ ਅਕਾਲੀ ਆਗੂ ਭਾਰਤੀ ਰਾਸ਼ਟਰੀ ਕਾਂਗਰਸ ਦੇ ਭਾਰਤਵਾਦੀ ਹਿਸੇ ਵਜੋਂ ਹੀ ਵਿਚਰਦੇ ਰਹੇ। ਇਕ ਸਮੇਂ ਬਾਬਾ ਖੜਕ ਸਿੰਘ ਸ਼੍ਰੋਮੋਣੀ ਕਮੇਟੀ ਦੇ ਪ੍ਰਧਾਨ ਵੀ ਸਨ ਤੇ ਨਾਲ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਸਨ। ਇਸੇ ਤਰਾਂ ਮਾਸਟਰ ਤਾਰਾ ਸਿੰਘ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਸਨ ਪਰ ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਵੱਲੋਂ ਪੰਜਾਬੀ ਭਾਸ਼ਾ ਆਧਾਰਿਤ ਸੂਬੇ ਦੀ ਸਿਰਜਣਾ ਤੋਂ ਕੋਰਾ ਇਨਕਾਰ ਕਰਨ ਤੇ ਅਕਾਲੀ ਆਗੂਆਂ ਦੀ ਭਾਰਤ ਪੱਖੀ ਨੀਤੀ 'ਤੇ ਡੂੰਘੀ ਸੱਟ ਮਾਰ ਦਿਤੀ ਸੀ। ਮਾਸਟਰ ਤਾਰਾ ਸਿੰਘ ਦੀ "ਪੰਥ ਪ੍ਰਥਮ ਅਤੇ ਦੇਸ਼ ਪ੍ਰਥਮ" ਦੀ ਅਤਿ ਬੇਸਮਝੀ ਵਾਲੀ ਨੀਤੀ ਬੁਰੀ ਤਰਾਂ ਅਸਫਲ ਹੋ ਗਈ ਸੀ। ਇਸੇ ਅਸਫਲਤਾ ਵਿਚੋਂ ਪੰਜਾਬੀ ਸੂਬੇ ਦੀ ਲਹਿਰ ਪੈਦਾ ਹੋਈ।

ਦੂਜੇ ਪਾਸੇ ਬਹੁਗਿਣਤੀ ਹਿੰਦੂ ਦਾਬੇ ਵਾਲਾ ਭਾਰਤੀ ਇਕਾਤਮਕ ਰਾਜ ਲੋਕਤੰਤਰੀ ਢੰਗ ਤਰੀਕਿਆਂ ਦੀ ਵਰਤੋਂ ਕਰਕੇ ਭਾਰਤ ਨੂੰ ਹਿੰਦੂ ਦਾਬੇ ਵਾਲੀ "ਨੇਸ਼ਨ-ਸਟੇਟ" ਸਿਰਜਣ ਦੀ ਨੀਤੀ 'ਤੇ ਚਲਿਆ ਹੋਇਆ ਸੀ। ਸ਼ੁਰੂ ਤੋਂ ਭਾਰਤੀ ਰਾਸ਼ਟਰਵਾਦੀ "ਨੈਸ਼ਨਲਿਸਟ ਢੰਗਾਂ" ਦੀ ਵਰਤੋਂ ਕਰਕੇ ਭਾਰਤ ਨੂੰ ਸੈਕੂਲਰ ਰਾਜਸੀ ਢਾਂਚੇ ਦੇ ਭਰਮ ਹੇਠ "ਹਿੰਦੂ ਦਾਬੇ ਵਾਲੀ ਭਾਰਤੀ ਨੇਸ਼ਨ ਸਟੇਟ" ਦੀ ਸਿਰਜਣਾਂ ਲਈ ਯਤਨਸ਼ੀਲ ਸਨ। ਪੰਜਾਬੀ ਸੂਬੇ ਦੀ ਮੰਗ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਆਮਦ ਨਾਲ ਸਿੱਖਾਂ ਦੇ ਵੱਡੇ ਹਿੱਸੇ ਵਿੱਚ ਸਿਖ ਪਛਾਣ ਸਬੰਧੀ ਵਧਵੀਂ ਚੇਤਨਾ ਦੇ ਪੈਦਾ ਹੋਣ ਨਾਲ 'ਭਾਰਤੀ ਰਾਸ਼ਟਰਵਾਦੀਆਂ' ਦੇ ਮਨਾਂ ਵਿਚ "ਅਕਾਲੀ ਦਲ ਅਤੇ ਅਕਾਲੀ ਆਗੂਆਂ" ਦੀ ਭਾਰਤ ਪ੍ਰਤੀ ਮਾਨਸਿਕ ਵਫ਼ਾਦਾਰੀ ਪ੍ਰਤੀ ਵੱਡੇ ਸ਼ੰਕੇ ਪੈਦਾ ਕਰ ਦਿੱਤੇ ਸਨ। ਪੰਜਾਬ ਸਦਾ ਵਾਂਗ ਭਾਰਤੀ ਰਾਸ਼ਟਰਵਾਦੀਆਂ ਦੀ "ਭਾਰਤੀ ਨੇਸ਼ਨ -ਸਟੇਟ" ਦੀ ਸਿਰਜਣਾ ਲਈ "ਨੈਸ਼ਨਲਿਸਟ ਵਿਧੀਆਂ" ਦੇ ਵਰਤੋਂ ਕਰਨ ਲਈ

(ਬਾਕੀ ਸਫ਼ਾ 29 'ਤੇ)



# ਕਿਉਂ ਨਹੀਂ ਰੁਕ ਰਹੀਆਂ ਬੇਅਦਬੀ ਦੀਆਂ ਘਟਨਾਵਾਂ?

## ਬੇਅਦਬੀ ਦੀਆਂ ਘਟਨਾਂਵਾਂ ਰੋਕਣ ਵਿੱਚ ਅਕਾਲੀ ਤੇ ਕਾਂਗਰਸ ਸਰਕਾਰਾਂ ਤੋਂ ਬਾਅਦ ਆਪ ਸਰਕਾਰ ਵੀ ਅਸਫ਼ਲ ਕਿਉਂ ?

ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਹੈਰਾਨੀ ਤਾਂ ਇਸ ਗਲ ਦੀ ਹੈ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਿੱਚ ਜਿਥੇ ਪਿਛਲੀਆਂ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾਂ ਅਸਫਲ ਰਹੀਆਂ, ਉਥੇ ਪੰਜਾਬ ਦੀ ਮੌਜੂਦਾ ਆਪ ਸਰਕਾਰ ਵੀ ਬੇਅਦਬੀ ਦੀਆਂ ਘਟਨਾਂਵਾਂ ਨੂੰ ਰੋਕਣ ਵਿੱਚ ਪੂਰੀ ਤਰਾਂ ਫੇਲ੍ਹ ਹੋ ਗਈ ਹੈ। ਮੋਰਿੰਡਾ ਅਤੇ ਫਰੀਦਕੋਟ ਦੇ ਗੋਲੇਵਾਲਾ ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਇਸ ਦਾ ਵੱਡਾ ਸਬੂਤ ਹਨ। ਇਸ ਤੋਂ ਕੁਝ ਸਮਾਂ



ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿੱਚ ਵੀ ਇਕ ਵਿਅਕਤੀ ਵੱਲੋਂ ਜੰਗਲਾ ਟੱਪ ਕੇ ਕਿਰਪਾਨ ਚੁੱਕ ਲਈ ਗਈ ਸੀ ਤੇ ਅਤੇ ਬੇਅਦਬੀ ਕਰਨ ਦਾ ਯਤਨ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਬਰਗਾੜੀ ਅਤੇ ਹੋਰ ਥਾਂਵਾਂ 'ਤੇ ਬੇਅਦਬੀ ਦੀਆਂ ਘਟਨਾਵਾਂ ਵਾਪਰ ਚੁਕੀਆਂ ਹਨ। ਹੈਰਾਨੀ ਤਾਂ ਇਸ ਗਲ ਦੀ ਹੈ ਕਿ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਪਿੱਛੇ ਮਾਸਟਰ ਮਾਈਂਡ ਕੌਣ ਹੈ ਅਤੇ ਕਿਹੜੀਆਂ ਸ਼ਕਤੀਆਂ ਬੇਅਦਬੀ ਦੀਆਂ ਘਟਨਾਵਾਂ ਕਰਵਾ ਰਹੀਆਂ ਹਨ, ਇਸ ਬਾਰੇ ਅਜੇ ਤਕ ਕੁਝ ਵੀ ਸਾਹਮਣੇ ਨਹੀਂ ਆ ਸਕਿਆ, ਜੋ ਕਿ ਵੱਡੀ

(ਬਾਕੀ ਸਫ਼ਾ 29 'ਤੇ)

# ਮੋਰਿੰਡਾ ਦੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ 'ਚ ਬੇਅਦਬੀ ਦੀ ਘਟਨਾ ਵਾਪਰੀ

ਮੋਰਿੰਡਾ : ਇੱਥੋਂ ਦੇ ਇੱਕ ਵਿਅਕਤੀ ਨੇ ਸਥਾਨਕ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਅੰਦਰ ਦਾਖਲ ਹੋ ਕੇ ਪਾਠ ਕਰ ਰਹੇ ਦੋ ਪਾਠੀ ਸਿੰਘਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਦੀਆਂ ਦਸਤਾਰਾਂ ਵੀ ਲਾਹ ਦਿੱਤੀਆਂ। ਉਕਤ ਵਿਅਕਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਨਾਲ ਵੀ ਛੇੜਛਾੜ ਕੀਤੀ। ਮੌਕੇ 'ਤੇ ਮੌਜੂਦ ਲੋਕਾਂ ਨੇ ਇਸ ਵਿਅਕਤੀ ਨੂੰ ਕਾਬੂ ਕਰ ਕੇ ਪੁਲੀਸ ਹਵਾਲੇ ਕਰ ਦਿੱਤਾ। ਮੁਲਜ਼ਮ ਦੀ ਪਛਾਣ ਜਸਵੀਰ ਸਿੰਘ ਵਾਸੀ ਵਾਰਡ ਨੰਬਰ 11 ਮੋਰਿੰਡਾ ਵਜੋਂ ਹੋਈ ਹੈ, ਜਿਸ ਖ਼ਿਲਾਫ਼ ਪਾਠੀ ਗੁਰਪ੍ਰੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੋਰਿੰਡਾ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਜਸਬੀਰ ਸਿੰਘ ਜੱਸੀ ਜਦੋਂ ਗੁਰੂ ਘਰ ਆਇਆ ਤਾਂ ਕੋਤਵਾਲੀ ਸਾਹਿਬ ਦੇ ਹੇਠਲੇ ਹਿੱਸੇ ਵਿੱਚ ਦੋ ਅਖੰਡ ਪਾਠ ਚੱਲ ਰਹੇ ਸਨ ਤੇ ਦੋ ਪਾਠੀ ਗੁਰਪ੍ਰੀਤ ਸਿੰਘ ਤੇ ਹਰਪਾਲ ਸਿੰਘ ਢੰਗਰਾਲੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਪਾਠ ਕਰ ਰਹੇ ਸਨ। ਮੁਲਜ਼ਮ ਨੇ ਅੰਦਰ ਹਾਲ ਵਿੱਚ ਜੰਗਲਾ ਟੱਪ ਕੇ ਪਾਠੀ ਸਿੰਘਾਂ ਦੀ ਕੁੱਟਮਾਰ ਕੀਤੀ ਤੇ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਨਾਲ ਵੀ ਬਦਸਲੂਕੀ ਕੀਤੀ। ਮੌਕੇ 'ਤੇ ਮੌਜੂਦ ਲੋਕਾਂ ਨੇ ਮੁਲਜ਼ਮ ਨੂੰ ਫੜ ਕੇ ਉਸ ਦੀ ਕੁੱਟਮਾਰ ਕੀਤੀ ਤੇ ਪੁਲੀਸ ਹਵਾਲੇ ਕਰ ਦਿੱਤਾ। ਬੇਅਦਬੀ ਦੀ ਇਹ ਘਟਨਾ ਦਾ ਪਤਾ ਲੱਗਣ 'ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਮੌਕੇ 'ਤੇ ਪੁਹੰਚ ਗਏ।

ਇਸ ਘਟਨਾ ਦੇ ਵਿਰੋਧ ਵਿੱਚ ਸਥਾਨਕ ਲੋਕਾਂ ਨੇ ਗੁਰਦੁਆਰੇ ਦੇ ਪ੍ਰਬੰਧਕਾਂ ਅਤੇ ਪੁਲੀਸ ਪ੍ਰਸ਼ਾਸਨ ਖ਼ਿਲਾਫ਼ ਰੋਸ ਜ਼ਾਹਰ ਕਰਦਿਆਂ ਮੋਰਿੰਡਾ ਸ਼ਹਿਰੀ ਥਾਣੇ ਸਮੇਤ ਸ਼ਹਿਰ ਦੇ ਚਾਰੇ ਪਾਸੇ ਧਰਨੇ ਲਾ ਕੇ ਆਵਾਜਾਈ ਜਾਮ ਕਰ ਦਿੱਤੀ। ਧਰਨਾਕਾਰੀਆਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਮੁਲਜ਼ਮ ਨੂੰ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ। ਇਸ ਮਗਰੋਂ ਮੋਰਿੰਡਾ ਦੇ ਵੱਡੀ ਗਿਣਤੀ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰ ਦਿੱਤੀਆਂ। ਇਸ ਮੌਕੇ ਆਈਜੀ ਗੁਰਪ੍ਰੀਤ ਸਿੰਘ ਭੁੱਲਰ, ਐੱਸਐੱਸਪੀ ਵਿਵੇਕਸ਼ੀਲ ਸੋਨੀ, ਰਾਜਪਾਲ ਸਿੰਘ ਹੁੰਦਲ, ਮਨਿੰਦਰਬੀਰ ਸਿੰਘ, ਡਾ. ਨਵਨੀਤ ਸਿੰਘ ਮਾਹਲ ਤੇ ਜਰਨੈਲ ਸਿੰਘ ਡੀਐੱਸਪੀ ਨੇ ਮੋਰਿੰਡਾ ਪੁੱਜ ਕੇ ਘਟਨਾ ਦਾ ਜਾਇਜ਼ਾ ਲਿਆ ਤੇ ਸੰਗਤ ਨੂੰ ਪੂਰਾ ਇਨਸਾਫ਼ ਦੇਣ ਦਾ ਭਰੋਸਾ ਦਿੰਦਿਆਂ ਅਮਨ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ।



## ਪਿੰਡ ਗੋਲੇਵਾਲਾ 'ਚ ਬੇਅਦਬੀ ਕਰਨ ਦੇ ਦੋਸ਼ ਹੇਠ ਦੋ ਕਾਬੂ

ਫ਼ਰੀਦਕੋਟ:ਸਦਰ ਪੁਲੀਸ ਫ਼ਰੀਦਕੋਟ ਨੇ ਪਿੰਡ ਗੋਲੇਵਾਲਾ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਦੇ ਦੋਸ਼ ਹੇਠ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਵਿੱਕੀ ਅਤੇ ਰੂਪ ਲਾਲ ਵਜੋਂ ਹੋਈ ਹੈ, ਜਿਨ੍ਹਾਂ ਨੂੰ ਅੱਜ ਸਥਾਨਕ ਮੈਜਿਸਟਰੇਟ ਪ੍ਰਸ਼ਾਂਤ ਵਰਮਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੋਂ ਦੋਵਾਂ ਨੂੰ ਪੁੱਛ-ਪੜਤਾਲ ਲਈ ਚਾਰ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਦੋਵੇਂ ਨੌਜਵਾਨਾਂ 'ਤੇ ਪਿੰਡ ਗੋਲੇਵਾਲਾ ਦੀਆਂ ਗਲੀਆਂ ਵਿੱਚ ਗੁਟਕਾ ਸਾਹਿਬ ਦੇ ਪੱਤਰੇ ਖਿਲਾਰ ਕੇ ਮੌਕੇ 'ਤੋਂ ਫਰਾਰ ਹੋਣ ਦਾ ਦੋਸ਼ ਹੈ। ਪਿੰਡ ਦੇ ਲੋਕਾਂ ਨੂੰ ਘਟਨਾ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਪੁਲੀਸ ਨੂੰ ਸੂਚਿਤ ਕੀਤਾ। ਮੌਕੇ 'ਤੇ ਪਹੁੰਚੀ ਪੁਲੀਸ ਨੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਮੁਲਜ਼ਮਾਂ ਦੀ ਸ਼ਨਾਖਤ ਕੀਤੀ ਤੇ ਉਨ੍ਹਾਂ ਨੂੰ ਕਾਬੂ ਕੀਤਾ। ਜ਼ਿਲ੍ਹਾ ਪੁਲੀਸ ਮੁਖੀ ਹਰਜੀਤ ਸਿੰਘ ਨੇ ਕਿਹਾ ਕਿ ਪੜਤਾਲ ਕੀਤੀ ਜਾ ਰਹੀ ਹੈ ਕਿ ਮੁਲਜ਼ਮ ਗੁਟਕਾ ਸਾਹਿਬ ਕਿੱਥੋਂ ਲਿਆਏ ਤੇ ਬੇਅਦਬੀ ਕਰਨ ਪਿੱਛੇ ਮੁਲਜ਼ਮਾਂ ਦਾ ਕੀ ਮਕਸਦ ਸੀ।

## ਪੰਜਾਬ ਨੂੰ ਮੁੜ ਕਾਲੇ ਦੌਰ ਵੱਲ ਧੱਕਣ ਦੀ ਕੋਸ਼ਿਸ਼: ਗਿ. ਹਰਪ੍ਰੀਤ ਸਿੰਘ

ਤਲਵੰਡੀ ਸਾਬੋ : ਪੰਜਾਬ 'ਚ ਵਾਪਰੀਆਂ ਬੇਅਦਬੀ ਦੀਆਂ 2 ਘਟਨਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰ ਤੋਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਦਮਦਮਾ ਸਾਹਿਬ ਵਿਚਲੀ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੋਰਿੰਡਾ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਅਸਥਾਨ ਗੁ: ਕੋਤਵਾਲੀ



ਸਾਹਿਬ ਵਿਖੇ ਗ੍ਰੰਥੀ ਸਿੰਘਾਂ ਦੀ ਕੁੱਟਮਾਰ ਕਰਦਿਆਂ ਦਸਤਾਰਾਂ ਉਤਾਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਕਰਨ ਦੀ ਵਾਪਰੀ ਘਟਨਾ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਫਿਰ ਤੋਂ ਕਾਲੇ ਦੌਰ ਵੱਲ ਧੱਕਣ ਦੀ ਕੋਸ਼ਿਸ਼ ਹੋ ਰਹੀ ਹੈ, ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਅਜਿਹੀ ਘਟੀਆ ਮਾਨਸਿਕਤਾ ਵਾਲੇ ਵਿਅਕਤੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਦੇਵੇ ਤਾਂ ਹੀ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪੈ ਸਕੇਗੀ।

## ਕੌਮੀ ਘੱਟ ਗਿਣਤੀ ਕਮਿਸ਼ਨ ਨੇ ਪੰਜਾਬ 'ਚ ਬੇਅਦਬੀ ਦੇ ਸਾਰੇ ਮਾਮਲਿਆਂ ਦੀ ਸੂਚੀ ਮੰਗੀ

ਨਵੀਂ ਦਿੱਲੀ: ਕੌਮੀ ਘੱਟ ਗਿਣਤੀ ਕਮਿਸ਼ਨ ਨੇ ਇਕ ਬਿਆਨ 'ਚ ਪੰਜਾਬ ਦੇ ਮੋਰਿੰਡਾ 'ਚ ਗੁਰਦੁਆਰਾ ਸਾਹਿਬ 'ਚ ਹੋਈ ਬੇਅਦਬੀ ਦੀ ਘਟਨਾ ਦਾ ਜ਼ਿਕਰ ਕਰਦਿਆਂ ਪੰਜਾਬ ਦੇ ਮੁੱਖ ਸਕੱਤਰ ਨੂੰ ਇਕ ਪੱਤਰ ਲਿਖਿਆ ਹੈ, ਜਿਸ 'ਚ ਪਿਛਲੇ 45 ਸਾਲਾਂ 'ਚ ਪੰਜਾਬ 'ਚ ਬੇਅਦਬੀ ਦੇ ਸਾਰੇ ਮਾਮਲਿਆਂ ਦੀ ਸੂਚੀ ਮੰਗੀ ਹੈ। ਕਮਿਸ਼ਨ ਨੇ ਲੋਕਾਂ ਨੂੰ ਸ਼ਾਂਤੀ ਤੇ ਫ਼ਿਰਕੂ ਸਦਭਾਵਨਾ ਬਣਾਈ ਰੱਖਣ ਦੀ ਵੀ ਅਪੀਲ ਕੀਤੀ।

## ਸਿੱਖ ਸੰਗਤਾਂ ਦੇ ਮਨ ਵਲੂੰਧਰੇ ਗਏ-ਸੁਖਬੀਰ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ 'ਚ ਹੋਈ ਬੇਅਦਬੀ ਦੀ ਘਟਨਾ ਨੂੰ ਦਿਲ ਦਹਿਲਾ ਦੇਣ ਵਾਲੀ ਤੇ ਕਦੇ ਵੀ ਨਾ ਮੁਆਫ਼ ਕੀਤੇ ਜਾਣ ਯੋਗ ਕਰਾਰ ਦਿੰਦਿਆਂ ਕਿਹਾ ਕਿ ਇਸ ਘਟਨਾ ਦੀ ਡੂੰਘੀ ਸਾਜਿਸ਼ ਪਿੱਛੇ ਕੰਮ ਕਰ ਰਹੇ 'ਮਾਸਟਰ ਮਾਈਂਡ' ਨੂੰ ਨੰਗਾ ਕਰਕੇ ਮਿਸਾਲੀ ਸਜ਼ਾ ਦਿੱਤੇ ਜਾਣਾ ਅਤਿ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਸ਼ਰਮਨਾਕ ਕਾਰੇ ਨਾਲ ਸਿੱਖ ਮਨ ਬੁਰੀ ਤਰ੍ਹਾਂ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਦਿਲ ਦਹਿਲਾ ਦੇਣ ਵਾਲੇ ਤੇ ਸ਼ਰਮਨਾਕ ਕਾਰੇ ਦਾ ਸੰਬੰਧ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਤੇ



ਅਮਨ ਤੇ ਭਾਈਚਾਰਕ ਸਾਂਝ ਕਾਇਮ ਰੱਖਣ ਵਿੱਚ ਨਾਕਾਮ ਰਹਿਣ ਕਾਰਨ ਬੁਰੀ ਤਰ੍ਹਾਂ ਘਿਰ ਚੁੱਕੀ ਪੰਜਾਬ ਸਰਕਾਰ ਦੀ ਹਤਾਸ਼ਾ ਨਾਲ ਜਾਪਦਾ ਹੈ, ਪਰ ਉਨ੍ਹਾਂ ਕਿਹਾ ਕਿ ਇਹ ਸਾਜਿਸ਼ਾਂ ਪੁੱਠੀਆਂ ਪੈ ਰਹੀਆਂ ਹਨ।

## ਬੇਅਦਬੀ ਦੀ ਘਟਨਾ ਰੂਹ ਨੂੰ ਝੰਜੋੜਨ ਵਾਲੀ: ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੋਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਦਾ ਸਖ਼ਤ ਨੋਟਿਸ ਲੈਂਦਿਆਂ ਦੋਸ਼ੀ ਵਿਅਕਤੀ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਕ ਬਿਆਨ 'ਚ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਬੇਹੱਦ ਸਤਿਕਾਰਤ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਉਨ੍ਹਾਂ ਕਿਹਾ ਕਿ ਮੋਰਿੰਡਾ ਵਿਖੇ ਬੇਅਦਬੀ ਦੀ ਘਟਨਾ ਰੂਹ ਨੂੰ ਝੰਜੋੜਨ ਵਾਲੀ ਹੈ। ਇਸ ਵਿਅਕਤੀ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ਤੇ ਪੁਲਿਸ ਪ੍ਰਸ਼ਾਸਨ ਨੂੰ ਕਰੜੀ ਕਾਰਵਾਈ ਕਰਕੇ ਇਕ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਫ਼ਰੀਦਕੋਟ ਦੇ ਪਿੰਡ ਗੋਲੇਵਾਲਾ 'ਚ ਗੁਟਕਾ ਸਾਹਿਬ ਦੇ ਪਾਵਨ ਅੰਗ ਖਿਲਾਰਨ ਦੀ ਘਟਨਾ ਦੀ ਵੀ ਨਿਖੇਧੀ ਕੀਤੀ।



# ਕੈਲੀਫੋਰਨੀਆ ’ਚ ਜਾਤੀ ਭੇਦਭਾਵ ਬਿੱਲ ਨੂੰ ਨਿਆਂਪਾਲਿਕਾ ਕਮੇਟੀ ਨੇ ਸਰਬ-ਸੰਮਤੀ ਨਾਲ ਕੀਤਾ ਪਾਸ

## ਬਿੱਲ ਅਗਲੇਰੀ ਕਾਰਵਾਈ ਲਈ ਅਸੈਂਬਲੀ ਵਿੱਚ ਜਾਵੇਗਾ









ਕੈਲੀਫੋਰਨੀਆ ਦੇ ਮਹਾਨ ਰਾਜ ਵਿੱਚ ਜਾਤੀ ਭੇਦਭਾਵ ’ਤੇ ਪਾਬੰਦੀ ਲਗਾਉਣ ਵਾਲੇ ਇਸ ਬਿਲ ਦੇ ਹੱਕ ਵਿੱਚ ਕੁਝ ਕੁ ਹਿੰਦੂਆਂ ਨੂੰ ਛੱਡ ਕੇ ਭੀਮ ਰਾਓ ਅੰਬੇਦਕਰ ਦੇ ਸਿਧਾਂਤਾਂ ਨੂੰ ਮੰਨਣ ਵਾਲੇ ਬਾਕੀ ਸਾਰੇ ਹਿੰਦੂ ਭਾਈਚਾਰੇ ਦੇ ਮੈਂਬਰ ਵੀ ਸ਼ਾਮਿਲ ਹਨ ।

ਕੈਲੇਫੋਰਨੀਆ ਦੀ ਸਾਰੀ ਸਿੱਖ ਕਮਿਊਨਿਟੀ ਵੀ ਇਸ ਬਿਲ ਦੇ ਹੱਕ ਵਿੱਚ ਹੈ ਉਹਨਾਂ ਦਾ ਮੰਨਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਉਤੇ ਚਲਦਿਆਂ ਸਾਰੀ ਮਨੁੱਖਤਾ ਨੂੰ ਬਰਾਬਰਤਾ ਅਧਿਕਾਰ ਮਿਲਣਾ ਚਾਹੀਦਾ ਹੈ। ਕਿਸੇ ਨਾਲ ਵੀ ਜਾਤ ਦੇ ਅਧਾਰ ’ਤੇ ਵਿਤਕਰਾ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਸਾਰੀ ਸ੍ਰਿਸ਼ਟੀ ਉਸ ਇੱਕ ਅਕਾਲ ਪੁਰਖ ਦੀ ਸਿਰਜੀ ਹੋਈ ਹੈ ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਕਮਿਊਨਿਟੀ ਨਾਲ ਸਬੰਧਤ ਚੰਦ ਕੁ ਮੈਂਬਰ ਇਸ ਬਿੱਲ ਦਾ ਵਿਰੋਧ ਕਰ ਰਹੇ ਹਨ ਜਦਕਿ ਭਾਰੀ ਬਹੁਮਤ ਇਸ ਬਿਲ ਦੇ ਹੱਕ ਵਿੱਚ ਹੈ।

ਕੈਲੀਫੋਰਨੀਆ: ਕੈਲੀਫੋਰਨੀਆ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਕੈਲੀਫੋਰਨੀਆ ਵਿੱਚ ਜਾਤੀ ਭੇਦਭਾਵ ਬਿੱਲ ਨੂੰ ਪਾਸ ਕਰਨ ਲਈ ਸਰਬਸੰਮਤੀ ਨਾਲ ਵੋਟ ਦਿੱਤੀ। ਇਸ ਤੋਂ ਬਾਅਦ ਪੂਰੇ ਉੱਤਰੀ ਅਮਰੀਕਾ ਵਿੱਚ ਸੰਘੀ ਸਮੂਹਾਂ ਦੁਆਰਾ ਇਸ ਬਿੱਲ ਦੇ ਵਿਰੁੱਧ ਇੱਕ ਵੱਡਾ ਪ੍ਰਚਾਰ ਕੀਤਾ ਗਿਆ ਪਰ ਬਿੱਲ ਪਾਸ ਹੋਣ ਨਾਲ ਸਮਾਨਤਾ ਦੀ ਜਿੱਤ ਹੋਈ ਤੇ ਵਿਤਕਰਾ ਹਾਰ ਗਿਆ।

### ਐਸ. ਬੀ. 403 ਕੀ ਹੈ ?

ਕੈਲੀਫੋਰਨੀਆ ਵਿੱਚ ਜਾਤੀ ਭੇਦਭਾਵ ਗੈਰ-ਕਾਨੂੰਨੀ ਹੈ ।ਸੈਨੇਟ ਬਿੱਲ 403 ਇੱਕ ਅਜਿਹਾ ਬਿੱਲ ਹੈ ਜਿਸ ਨੇ ਜਾਤ ਦੇ ਅਧਾਰ ’ਤੇ ਵਿਤਕਰੇ ਨੂੰ ਖਤਮ ਕੀਤਾ ਹੈ, ਇਸ ਨੂੰ ਲਿੰਗ, ਨਸਲ, ਰੰਗ, ਧਰਮ, ਵੰਸ਼ ਆਦਿ ਦੀਆਂ ਪਹਿਲਾਂ ਤੋਂ ਸੁਰੱਖਿਅਤ ਸ਼੍ਰੇਣੀਆਂ ਵਿੱਚ ਸ਼ਾਮਲ ਕੀਤਾ।

### ਭਾਰਤ ਦੀ ਸ਼ਮੂਲੀਅਤ

ਪ੍ਰਧਾਨ ਮੰਤਰੀ ਮੋਦੀ ਆਰਐਸਐਸ ਦੇ ਸਾਬਕਾ ਮੈਂਬਰ ਹਨ। ਆਰਐਸਐਸ ਇੱਕ ਫਾਸ਼ੀਵਾਦੀ ਨੀਮ-ਫੌਜੀ ਸਮੂਹ ਹੈ ਜੋ ਹਿੰਦੂ ਸਰਵਉੱਚਤਾ ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਬਿੱਲ ਦਾ ਵਿਰੋਧ ਕਰਕੇ, ਉਨ੍ਹਾਂ ਨੇ ਭਾਰਤ ਦੀ ਉੱਚ ਪੱਧਰੀ ਦਰਜਾਬੰਦੀ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਅਮਰੀਕਾ ਵਿੱਚ ਇਸ ਦਰਜਾਬੰਦੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਜਾਤ ਅਧਾਰਤ ਕਿਸੇ ਨਾਲ ਵਿਤਕਰਾ ਨਾ ਹੋ ਸਕੇ।

### ਹਿੰਦੂ ਫੋਬੀਆ

ਹਾਲਾਂਕਿ ਸਾਰੇ ਧਾਰਮਿਕ ਭਾਈਚਾਰਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਇਸ ਸ਼ਬਦ ਦਾ ਉਦੇਸ਼ ਅਸਹਿਮਤੀ ਨੂੰ ਰੱਦ ਕਰਨਾ ਹੈ ਜੋ ਭਾਰਤੀ ਰਾਜ ਦੀਆਂ ਨੀਤੀਆਂ ਦੇ ਨਾਲ-ਨਾਲ ਭਾਰਤ-ਪੱਖੀ ਹਿੰਦੂ ਰਾਸ਼ਟਰਵਾਦੀਆਂ ਨੂੰ ਪ੍ਰਭਾਵਤ ਕਰਦਾ ਹੈ। ਭਵਿੱਖ ਦਾ ਨਿਰਣਾਇਕ ਟੀਚਾ



ਕਿਸੇ ਵਿਅਕਤੀ ’ਤੇ ‘ਹਿੰਦੂ ਫੋਬਿਕ’ ਹੋਣ ਦਾ ਦੋਸ਼ ਲਗਾਉਣਾ ਹੈ ਤਾਂ ਜੋ ਉਸਦੀ ਆਵਾਜ਼ ਨੂੰ ਚੁੱਪ ਕਰਾਇਆ ਜਾ ਸਕੇ। ਐਫਬੀਆਈ ਦੇ ਅੰਕੜਿਆਂ ਅਨੁਸਾਰ, ਸਾਲ 2023 ਵਿੱਚ, ਸਿੱਖ ਵਿਰੋਧੀ ਨਫ਼ਰਤੀ ਅਪਰਾਧ 185 ਘਟਨਾਵਾਂ ’ਤੇ ਸਨ, ਅਤੇ ਮੁਸਲਿਮ ਵਿਰੋਧੀ 152, ਹਿੰਦੂ ਵਿਰੋਧੀ ? 12. ਫਿਰ ਵੀ ‘ਸੁਰੱਖਿਆ ਲਈ ਡਰ’ ਨੂੰ ਵਾਰ-ਵਾਰ ਕਹਿ ਕੇ, ਐਚ.ਏ.ਐਫ਼.ਅਤੇ ਹੋਰ ਵਿਰੋਧੀ ਧਿਰਾਂ ਨੇ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਕੈਲੀਫੋਰਨੀਆ ਰਾਜ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਇਸ ਬਿਰਤਾਂਤ ਨੂੰ ਦੇਖਿਆ, ਅਤੇ ਬਿੱਲ ਦੇ ਸਮਰਥਨ ਵਿੱਚ 9-0 ਨਾਲ ਵੋਟ ਪਾਈ।

ਹਿੰਦੂ ਅਮਰੀਕਨ ਫਾਊਂਡੇਸ਼ਨ ਅਨੁਸਾਰ, ਇਸ ਬਿੱਲ ਨੂੰ ‘ਹਿੰਦੂਫੋਬਿਕ’ ਵਜੋਂ ਦਰਸਾ ਕੇ, ਐਚਏਐਫ ਨੇ ਲੋਕਾਂ ਵਿੱਚ ਪਾਗਲਪਣ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ, ਜਿਵੇਂ ਕਿ ਭਾਰਤੀ ਰਾਜ ਭਾਰਤ ਵਿੱਚ ਲਗਾਤਾਰ ਚੋਣਾਂ ਜਿੱਤਣ ਲਈ ਕਰਦਾ ਹੈ।ਅਮਰੀਕਨ, ਨਿਆਂਪਾਲਿਕਾ ਕਮੇਟੀ ਨੇ ਸੁਣਿਆ ਪਰ ਫਿਰ ਦਾਅ ’ਤੇ ਲੱਗੇ ਸੰਵਿਧਾਨਕ ਮੁੱਦਿਆਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਬਿੱਲ ਨੂੰ ਅੱਗੇ ਵਧਾਉਣ ਲਈ ਵੋਟ ਦਿੱਤਾ। ਅਸੀਂ ਇਸ ਗੈਰ-ਕਾਨੂੰਨੀ ਅਤੇ ਪੱਖਪਾਤੀ ਬਿੱਲ ਦੀ ਲੜਾਈ ਜਾਰੀ ਰੱਖਾਂਗੇ।

ਦੱਸਣਯੋਗ ਹੈ ਕਿ ਕੈਲੀਫੋਰਨੀਆ ਰਾਜ ਦੀ ਸੰਸਦ ਮੈਂਬਰ, ਸੇਨ. ਆਇਸ਼ਾ ਵਹਾਬ, ਪਹਿਲੀ ਅਫਗਾਨ-ਅਮਰੀਕੀ ਬੀਬੀ ਹੈ ਜੋ ਯੂਐਸ ਅਤੇ ਸੀਏ ਰਾਜ ਵਿਧਾਨ ਸਭਾ ਵਿੱਚ ਜਨਤਕ ਦਫਤਰ ਲਈ ਚੁਣੀ ਗਈ ਹੈ। ਉਸ ਵਲੋਂ ਹੀ ਬਿੱਲ ਪੇਸ਼ ਕੀਤਾ ਗਿਆ, ਜੋ ਜਾਤ - ਜਨਮ ਜਾਂ ਵੰਸ਼ ਨਾਲ ਸਬੰਧਤ ਲੋਕਾਂ ਦੀ ਵੰਡ ਨੂੰ ਰਾਜ ਦੇ ਭੇਦਭਾਵ ਵਿਰੋਧੀ ਕਾਨੂੰਨਾਂ ਵਿੱਚ ਇੱਕ ਸੁਰੱਖਿਅਤ ਸ਼੍ਰੇਣੀ ਵਜੋਂ ਜੋੜਦਾ ਹੈ । ਇਸ ਜਾਤ-ਆਧਾਰਿਤ ਵਿਤਕਰੇ ਨੂੰ ਗੈਰਕਾਨੂੰਨੀ ਬਣਾਉਣ ਵਾਲਾ ਇਹ ਬਿੱਲ ਦੇਸ਼ ਵਿੱਚ ਰਾਜ ਦਾ ਪਹਿਲਾ ਕਾਨੂੰਨ ਬਣ ਜਾਵੇਗਾ।

ਆਇਸ਼ਾ ਵਹਾਬ ਨੇ ਐਸ.ਬੀ.403 ਦੀ ਲੋੜ ਬਾਰੇ ਦਸਦਿਆਂ ਕਿਹਾ ਕਿ ਇਹ ਬਿਲ ਕੈਲੀਫੋਰਨੀਆ ਵਿੱਚ ਜਾਤੀ-ਆਧਾਰਿਤ ਵਿਤਕਰੇ ’ਤੇ ਪਾਬੰਦੀ ਲਗਾਏਗਾ। ਇਸ ਬਿਲ ਦੇ ਮੂਲ ਰੂਪ ਵਿੱਚ, ਸਾਰੇ ਅਮਰੀਕੀਆਂ ਦੇ ਨਾਗਰਿਕ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਦਾ ਹੈ, ਖਾਸ ਤੌਰ ’ਤੇ ਜਿਹੜੇ ਇਸ ਘਾਤਕ ਵਿਚਾਰਧਾਰਾ ਦੁਆਰਾ ਸਭ ਤੋਂ ਵੱਧ ਹਾਸ਼ੀਏ ’ਤੇ ਹਨ। ਇਹ ਬਿਲ ਵਰਕਰਾਂ ਨੂੰ ਬਿਨਾਂ ਡਰਾਵੇ ਦੇ ਕੰਮ ਕਰਨ ਦੀ ਆਜ਼ਾਦੀ ਦੇਵੇਗਾ, ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਇਸ ਨੂੰ ਪਾਸ ਕੀਤਾ ਹੈ ! ਇਸ ਦੇ ਲਈ ਉਹਨਾਂ ਦਾ ਧੰਨਵਾਦ।

# 1.49 ਲੱਖ ਭਾਰਤੀਆਂ ’ਤੇ ਅਮਰੀਕਾ ਵਿੱਚ .ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਦਾ ਦੋਸ਼

## ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਵਿੱਚ ਹੋਇਆ ਖ਼ੁਲਾਸਾ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੁੰਦੇ 1.49 ਲੱਖ ਭਾਰਤੀ ਫੜੇ ਗਏ ਹਨ। ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਯੂਐਸਸੀਬੀਪੀ) ਦੀ ਇੱਕ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ। ਰਿਪੋਰਟ ਵਿੱਚ ਕਿਹਾ ਗਿਆ ਕਿ ਫਰਵਰੀ 2019 ਤੋਂ ਮਾਰਚ 2023 ਦਰਮਿਆਨ 149,000 ਭਾਰਤੀਆਂ ਨੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਅਜਿਹੇ ਭਾਰਤੀ ਇਹ ਵੀ ਜਾਣਦੇ ਹਨ ਕਿ ਅਮਰੀਕੀ ਸਰਹੱਦ ਪਾਰ ਕਰਨਾ ਇੱਕ ਜੋਖਮ ਭਰਿਆ ਕੰਮ ਹੈ, ਪਰ ਉਹ ਖ਼ੁਦ ਨੂੰ ਇਸ ਖਤਰੇ ਵਿੱਚ ਪਾਉਂਦੇ ਹਨ। ਇਹ ਦਰਸਾਉਂਦਾ ਹੈ ਕਿ ‘ਅਮਰੀਕਨ ਡਰੀਮ’ ਬਹੁਤ ਸਾਰੇ ਭਾਰਤੀਆਂ ਨੂੰ ਆਕਰਸ਼ਿਤ ਕਰ ਰਿਹਾ ਹੈ। ਟਾਈਮਜ਼ ਆਫ ਇੰਡੀਆ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਜਨਵਰੀ 2022 ਵਿੱਚ 5,459 ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਗਏ ਸਨ। ਘੱਟੋ-ਘੱਟ 708 ਨੂੰ ਅਮਰੀਕਾ-ਕੈਨੇਡਾ ਸਰਹੱਦ ’ਤੇ ਫੜਿਆ ਗਿਆ। ਜਨਵਰੀ 2023 ਵਿੱਚ ਇਹ ਸੰਖਿਆ 35.9% ਵਧ ਕੇ 7,421 ਹੋ ਗਈ। ਅਧਿਕਾਰੀਆਂ ਨੇ ਅਮਰੀਕਾ-ਕੈਨੇਡਾ ਸਰਹੱਦ ’ਤੇ 2,478 ਨੂੰ ਹਿਰਾਸਤ ਵਿਚ ਲਿਆ। ਰਿਪੋਰਟ ਦੱਸਦੀ ਹੈ ਕਿ ਉੱਤਰ ਵਿੱਚ ਕੈਨੇਡਾ ਜਾਂ ਦੱਖਣ ਵਿੱਚ ਮੈਕਸੀਕੋ ਤੋਂ ਸਰਹੱਦ ਪਾਰ ਕਰਨ ਦੀਆਂ 2,663 ਕੋਸ਼ਿਸ਼ਾਂ ਦੌਰਾਨ ਭਾਰਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ।

ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਵਿੱਚ ਗੁਜਰਾਤ ਪੁਲਿਸ ਅਧਿਕਾਰੀਆਂ ਅਤੇ ਹੋਰ ਅਧਿਕਾਰੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਹਿਰਾਸਤ ਵਿੱਚ ਲਏ ਗਏ ਜ਼ਿਆਦਾਤਰ ਲੋਕ ਗੁਜਰਾਤ ਅਤੇ ਪੰਜਾਬ ਦੇ ਹਨ। ਅਮਰੀਕਾ ਅਤੇ ਕੈਨੇਡਾ ਵਿੱਚ ਵੀ ਅਜਿਹੀਆਂ ਘਟਨਾਵਾਂ ਹਨ ਜਿੱਥੇ ਨਾਬਾਲਗਾਂ ਸਮੇਤ ਕਈ ਭਾਰਤੀਆਂ ਦੀ ਮੌਤ ਹੋ ਚੁੱਕੀ ਹੈ। ਕੈਨੇਡਾ-ਅਮਰੀਕਾ ਸਰਹੱਦ ’ਤੇ ਗੁਜਰਾਤ ਦੇ ਡਿੰਗੁਚਾ ਦੇ ਰਹਿਣ ਵਾਲੇ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਹੋ ਗਈ। ਉਸਦੀ ਮੌਤ ਦਾ ਕਾਰਨ -35 ਡਿਗਰੀ ਸੈਲਸੀਅਸ ਤਾਪਮਾਨ ਸੀ। ਇਸ ਸਾਲ ਇਕ ਹੋਰ ਦੁਖਦਾਈ ਘਟਨਾ ਸਾਹਮਣੇ ਆਈ, ਜਿਸ ਵਿੱਚ ਗੁਜਰਾਤ ਦੇ ਮੇਹਸਾਣਾ ਤੋਂ ਇਕ ਪਰਿਵਾਰ ਦੇ ਚਾਰ ਮੈਂਬਰ ਮਾਰਚ ਵਿੱਚ ਸੇਂਟ ਲਾਰੈਂਸ ਨਦੀ ਵਿਚ ਕਿਸ਼ਤੀ ਦੇ ਪਲਟ ਜਾਣ ਕਾਰਨ ਡੁੱਬ ਗਏ। ਦਸੰਬਰ 2022 ਵਿੱਚ ਗੁਜਰਾਤ ਦੇ ਇੱਕ ਹੋਰ ਵਿਅਕਤੀ ਦੀ ਡਿੱਗਣ ਨਾਲ ਮੌਤ ਹੋ ਗਈ ਸੀ। ਮ੍ਰਿਤਕ ਆਪਣੀ ਪਤਨੀ ਅਤੇ ਤਿੰਨ ਪੁੱਤਰਾਂ ਨਾਲ ਅਮਰੀਕਾ-ਮੈਕਸੀਕੋ ਸਰਹੱਦ ’ਤੇ ਦੀਵਾਰ ਟੱਪਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਨ੍ਹਾਂ ਘਟਨਾਵਾਂ ਦੇ ਬਾਵਜੂਦ ਅਮਰੀਕਾ ਵਿੱਚ ਭਾਰਤੀਆਂ ਦਾ ਗੈਰ-ਕਾਨੂੰਨੀ ਪ੍ਰਵੇਸ਼ ਜਾਰੀ ਹੈ। ਯੂਐਸ ਬਾਰਡਰ ਪੈਟਰੋਲ ਨੇ 9,648 ਭਾਰਤੀ ਸ਼ਰਨਾਰਥੀਆਂ ਨੂੰ ਰੋਕਿਆ। ਇਨ੍ਹਾਂ ਵਿੱਚੋਂ ਘੱਟੋ-ਘੱਟ 2,289 ਨੇ ਅਮਰੀਕਾ-ਕੈਨੇਡਾ ਸਰਹੱਦ ਰਾਹੀਂ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਭਾਰਤ ਲਈ ਸਿੱਖ ਫ਼ੌਜੀਆਂ ਦੀ ਸ਼ਹਾਦਤ ਅਤੇ ਮੀਡੀਆ ਦੀ ਚੁੱਪ

## ਸਿੱਖਾਂ ਵਿਰੁੱਧ ਬਿਰਤਾਂਤ ਸਿਰਜਣ ਦੀ ਕਹਾਣੀ

- ਸਿੱਖਾਂ ਨੂੰ ਕਿਸੇ ਤੋਂ ਦੇਸ਼ ਭਗਤੀ ਦਾ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ ?
- ਆਪਣਾ ਹੱਕ ਮੰਗਦੇ ਸਿੱਖਾਂ ਨੂੰ ਕਿਉਂ ਕਿਹਾ ਜਾਂਦਾ ਹੈ ਅੱਤਵਾਦੀ ?
- ਦੇਸ਼ ਦੇ ਆਜ਼ਾਦੀ ਅੰਦੋਲਨ ਵਿੱਚ ਸਿੱਖਾਂ ਨੇ ਕੀਤੀਆਂ 90 ਫ਼ੀਸਦੀ ਕੁਰਬਾਨੀਆਂ





ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਵਿੱਚ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਅਪਰੇਸ਼ਨ ਅੰਮ੍ਰਿਤਪਾਲ ਅਤੇ ਉਸ ਤੋਂ ਬਾਅਦ ਇਕ ਲੜਕੀ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅੰਦਰ ਜਾਣ ਸਮੇਂ ਸੇਵਾਦਾਰ ਨਾਲ ਕੀਤੀ ਬਹਿਸ ਤੋਂ ਬਾਅਦ ਜਿਸ ਤਰੀਕੇ ਨਾਲ ਭਾਰਤ ਦੇ ਰਾਸ਼ਟਰੀ ਮੀਡੀਆ, ਜਿਸ ਨੂੰ ਅਕਸਰ ਲੋਕ ਗੋਦੀ ਮੀਡੀਆ ਕਹਿੰਦੇ ਹਨ, ਵੱਲੋਂ ਵੱਡੇ ਪੱਧਰ 'ਤੇ ਸਿੱਖਾਂ ਖਿਲਾਫ਼ ਪ੍ਰਚਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਦੇਸ਼ ਧ੍ਰੋਹੀ ਅਤੇ ਅੱਤਵਾਦੀ ਤੱਕ ਕਿਹਾ ਗਿਆ। ਇਸ ਤੋਂ ਇਲਾਵਾ ਗੋਦੀ ਮੀਡੀਆ ਵੱਲੋਂ ਵਾਰ ਵਾਰ ਪੰਜਾਬ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਖ਼ਾਲਿਸਤਾਨੀਆਂ ਦਾ ਕਬਜ਼ਾ ਹੋਣ ਦਾ ਝੂਠਾ ਪ੍ਰਚਾਰ ਵੀ ਕੀਤਾ ਗਿਆ। ਇਕ ਹਿੰਦੀ ਨਿਊਜ਼ ਚੈਨਲ ਨੇ ਤਾਂ ਉਦੋਂ ਹੱਦ ਕਰ ਦਿਤੀ, ਜਦੋਂ ਉਸਨੇ ਸ੍ਰੀ ਦਰਬਾਰ ਸਾਹਿਬ ਵਿੱਚ ਝੂਲਦੇ ਕੇਸਰੀ ਝੰਡਿਆਂ ਨੂੰ ਖ਼ਾਲਿਸਤਾਨੀ ਝੰਡੇ ਕਹਿ ਕੇ ਸਿੱਖਾਂ ਖ਼ਿਲਾਫ ਵੱਡੇ ਪੱਧਰ 'ਤੇ ਪ੍ਰਚਾਰ ਕਰਨਾ ਆਰੰਭ ਕਰ ਦਿਤਾ। ਗੋਦੀ ਮੀਡੀਆ ਵੱਲੋਂ ਸਿੱਖਾਂ ਖ਼ਿਲਾਫ਼ ਕੀਤੇ ਜਾ ਰਹੇ ਭੰਡੀ ਪ੍ਰਚਾਰ ਦਾ ਭਾਵੇਂ ਸਿੱਖਾਂ ਦੇ ਧਾਰਮਿਕ ਅਤੇ ਸਿਆਸੀ ਆਗੂਆਂ ਨੇ ਜਵਾਬ ਵੀ ਦਿਤਾ ਪਰ ਭਾਰਤੀ ਫ਼ੌਜ ਵਿੱਚ ਦੇਸ਼ ਦੀ ਰਾਖੀ ਕਰ ਰਹੇ ਸਿੱਖ ਫ਼ੌਜੀਆਂ ਨੇ ਦੇਸ਼ ਦੇ ਲਈ ਆਪਣੀਆਂ ਜਿੰਦਗੀਆਂ ਕੁਰਬਾਨ ਕਰਕੇ ਅਤੇ ਸ਼ਹੀਦੀਆਂ ਪ੍ਰਾਪਤ ਕਰਕੇ ਸਿੱਖਾਂ ਵਿਰੁੱਧ ਭੰਡੀ ਪ੍ਰਚਾਰ ਕਰ ਰਹੇ ਗੋਦੀ ਮੀਡੀਆ ਨੂੰ ਸਭ ਤੋਂ ਵੱਡਾ ਜਵਾਬ ਦਿੱਤਾ ਅਤੇ ਦਰਸ਼ਾਅ ਦਿਤਾ ਕਿ ਸਿੱਖਾਂ ਨੂੰ ਕਿਸੇ ਤੋਂ ਦੇਸ਼ ਭਗਤੀ ਦਾ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਜੰਮੂ-ਪੁਣਛ ਹਾਈਵੇ 'ਤੇ ਅੱਤਵਾਦੀਆਂ ਵੱਲੋਂ ਇਕ ਫ਼ੌਜੀ ਵਾਹਨ 'ਤੇ ਘਾਤ ਲਗਾ ਕੇ ਹਮਲਾ ਕੀਤਾ ਗਿਆ। ਇਸ ਹਮਲੇ 'ਚ ਪੰਜ ਜਵਾਨ ਸ਼ਹੀਦ ਹੋਏ ਅਤੇ ਇਕ ਗੰਭੀਰ ਜ਼ਖ਼ਮੀ ਹੋ ਗਿਆ। ਇਹਨਾਂ ਸ਼ਹੀਦ ਜਵਾਨਾਂ 'ਚ ਚਾਰ ਜਵਾਨ ਪੰਜਾਬ ਨਾਲ ਸਬੰਧਿਤ ਸਿੱਖ ਹਨ। ਇਹ ਬਹਾਦਰ ਫੌਜੀ ਜਵਾਨ ਹਵਲਦਾਰ ਮਨਦੀਪ ਸਿੰਘ, ਪਿੰਡ ਚਣਕੋਈਆਂ ਕਲਾਂ (ਲੁਧਿਆਣਾ), ਲਾਂਸ ਨਾਇਕ ਕੁਲਵੰਤ ਸਿੰਘ, ਪਿੰਡ ਚੜਿੱਕ (ਮੋਗਾ), ਸਿਪਾਹੀ ਹਰਕ੍ਰਿਸ਼ਨ ਸਿੰਘ, ਪਿੰਡ ਤਲਵੰਡੀ ਭਰਥ (ਗੁਰਦਾਸਪੁਰ) ਅਤੇ ਸਿਪਾਹੀ ਸੇਵਕ ਸਿੰਘ ਪਿੰਡ ਬਾਘਾ (ਬਠਿੰਡਾ) ਸਨ, ਜੋ ਕਿ ਦੇਸ਼ ਦੀ ਰਖਿਆ ਕਰਦਿਆਂ ਸ਼ਹੀਦੀ ਪਾ ਗਏ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅਨੇਕਾਂ ਸਿੱਖ ਫ਼ੌਜੀ ਦੇਸ਼ ਦੀ ਸਰੁੱਖਿਆ ਕਰਦਿਆਂ ਸ਼ਹੀਦੀ ਪਾ ਚੁੱਕੇ ਹਨ। ਇਸਦੇ ਬਾਵਜੂਦ ਭਾਰਤ ਦੇ ਰਾਸ਼ਟਰੀ ਮੀਡੀਆ ਵੱਲੋਂ ਅਕਸਰ ਨਿੱਕੀਆਂ ਜਿਹੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਸਿੱਖਾਂ ਖ਼ਿਲਾਫ਼ ਵੱਡਾ ਭੰਡੀ ਪ੍ਰਚਾਰ ਕੀਤਾ ਜਾਂਦਾ ਹੈ, ਜਿਸ ਦਾ ਦੁਨੀਆਂ ਭਰ 'ਚ ਵਸਦੇ ਸਿੱਖ ਬੁਰਾ ਮਨਾਉਂਦੇ



ਹਨ। ਕੁਝ ਰਾਸਟਰੀ ਨਿਊਜ਼ ਚੈਨਲਾਂ ਵੱਲੋਂ ਅਕਸਰ ਸਿੱਖਾਂ ਨੂੰ ਅੱਤਵਾਦੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਪਰ ਸਿੱਖਾਂ ਵੱਲੋਂ ਦੇਸ਼ ਦੀ ਰਖਿਆ ਲਈ ਕੀਤੀਆਂ ਜਾਂਦੀਆਂ ਕੁਰਬਾਨੀਆਂ ਦਾ ਜ਼ਿਕਰ ਤਕ ਨਹੀਂ ਕੀਤਾ ਜਾਂਦਾ, ਜਿਸ ਤੋਂ ਗੋਦੀ ਮੀਡੀਆ ਦੇ ਦੋਗਲੇਪਣ ਦਾ ਪਤਾ ਚਲ ਜਾਂਦਾ ਹੈ।

ਤਿੰਰਗੇ ਵਿੱਚ ਲਿਪਟੇ ਸ਼ਹੀਦ ਸਿੱਖ ਫ਼ੌਜੀ ਸਿੱਖਾਂ ਦੀ ਦੇਸ਼ ਭਗਤੀ ਦਾ ਵੱਡਾ ਸਬੂਤ ਹਨ ਅਤੇ ਸਿੱਖਾਂ ਨੂੰ ਦੇਸ਼ ਭਗਤੀ ਦਾ ਕਿਸੇ ਤੋਂ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ ਹੈ। ਸਿੱਖਾਂ ਵੱਲੋਂ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਵੱਡਾ ਯੋਗਦਾਨ ਪਾਇਆ ਗਿਆ ਹੈ ਅਤੇ ਦੇਸ਼ ਦੀ ਆਜ਼ਾਦੀ ਲਈ 90 ਫੀਸਦੀ ਕੁਰਬਾਨੀਆਂ ਵੀ ਸਿੱਖਾਂ ਵੱਲੋਂ ਕੀਤੀਆਂ ਗਈਆਂ ਹਨ, ਪਰ ਭਾਰਤ ਦੇ ਰਾਸ਼ਟਰੀ ਮੀਡੀਆ ਵੱਲੋਂ ਕਦੇ ਵੀ ਸਿੱਖਾਂ ਵੱਲੋਂ ਭਾਰਤ ਦੀ ਰਖਿਆ ਲਈ ਅਤੇ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਦਾ ਜ਼ਿਕਰ ਨਹੀਂ ਕੀਤਾ ਗਿਆ ਉਲਟਾ ਰਾਸ਼ਟਰੀ ਮੀਡੀਆ ਵੱਲੋਂ ਕੋਈ ਨਾ ਕੋਈ ਬਹਾਨਾ ਲਗਾ ਕੇ ਸਿੱਖਾਂ ਨੂੰ ਬਦਨਾਮ ਕਰਨਾ ਅਤੇ ਅੱਤਵਾਦੀ ਕਹਿਣਾ ਸ਼ੁਰੂ ਕਰ ਦਿਤਾ ਜਾਂਦਾ ਹੈ।



ਹਾਲ ਤਾਂ ਇਹ ਹੋ ਗਿਆ ਹੈ ਕਿ ਭਾਰਤ ਵਿੱਚ ਰਹਿੰਦੇ ਸਿੱਖ ਜੇ ਆਪਣੇ ਸੰਵਿਧਾਨਕ ਹੱਕ ਵੀ ਮੰਗਦੇ ਹਨ ਤਾਂ ਉਹਨਾਂ ਨੂੰ ਰਾਸ਼ਟਰੀ ਮੀਡੀਆ ਵੱਲੋਂ ਅੱਤਵਾਦੀ ਕਿਹਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਜੰਮੂ-ਪੁਣਛ ਹਾਈਵੇ 'ਤੇ ਸੰਗਯੋਟ ਇਲਾਕੇ 'ਚ ਵੀਰਵਾਰ ਦੁਪਹਿਰ ਬਾਅਦ ਤੇਜ਼ ਬਾਰਿਸ਼ ਕਾਰਨ ਘੱਟ ਦ੍ਰਿਸ਼ਤਾ ਦਾ ਲਾਭ ਉਠਾਉਂਦੇ ਹੋਏ ਅੱਤਵਾਦੀਆਂ ਨੇ ਇਕ ਫ਼ੌਜੀ ਵਾਹਨ 'ਤੇ ਘਾਤ ਲਗਾ ਕੇ ਹਮਲਾ ਕੀਤਾ। ਇਸ ਹਮਲੇ 'ਚ ਪੰਜ ਜਵਾਨ ਸ਼ਹੀਦ ਤੇ ਇਕ ਗੰਭੀਰ ਜ਼ਖ਼ਮੀ ਹੋ ਗਿਆ। ਹਮਲੇ ਤੋਂ ਬਾਅਦ ਫ਼ੌਜੀ ਵਾਹਨਾਂ 'ਚ ਅੱਗ ਲੱਗ ਗਈ ਤੇ ਅੱਤਵਾਦੀ ਭੱਜ ਨਿਕਲੇ। ਪੁਣਛ ਦੇ ਸੰਗਯੋਟ 'ਚ ਜਿਸ ਥਾਂ 'ਤੇ ਇਹ ਧਮਾਕਾ ਹੋਇਆ, ਇਸ ਤੋਂ ਸਿਰਫ਼ ਦੋ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਭਾਟਾਧੂਲੀਆਂ ਜੰਗਲ ਹੈ। ਇਹ ਉਹੀ ਜੰਗਲ ਹੈ, ਜਿੱਥੇ ਕਈ ਵਾਰ ਅੱਤਵਾਦੀਆਂ ਤੇ ਸੁਰੱਖਿਆ ਬਲਾਂ ਵਿਚਕਾਰ ਮੁਕਾਬਲਾ ਹੋ ਚੁੱਕਾ ਹੈ। ਇਸ ਜੰਗਲ 'ਚ ਕਈ ਵਾਰ ਅੱਤਵਾਦੀਆਂ ਦੇ ਲੁਕੇ ਹੋਣ ਦੀਆਂ ਸੂਚਨਾਵਾਂ ਮਿਲਦੀਆਂ ਰਹੀਆਂ ਹਨ।

ਜਾਣਕਾਰੀ ਮੁਤਾਬਕ ਅੱਤਵਾਦ ਰੋਕੂ ਮੁਹਿੰਮ ਲਈ ਤਾਇਨਾਤ ਫ਼ੌਜ ਦੀ ਰਾਸ਼ਟਰੀ ਰਾਈਫਲ ਦੇ ਜਵਾਨਾਂ ਦਾ ਇਕ ਵਾਹਨ ਦੁਪਹਿਰ ਕਰੀਬ ਤਿੰਨ ਵਜੇ ਬੀਜੀ ਤੋਂ ਪੁਣਛ ਵੱਲ ਜਾ ਰਿਹਾ ਸੀ। ਉਸ ਸਮੇਂ ਇਲਾਕੇ 'ਚ ਤੇਜ਼ ਬਾਰਿਸ਼ ਹੋ ਰਹੀ ਸੀ, ਜਿਸ ਨਾਲ ਦ੍ਰਿਸ਼ਤਾ ਕਾਫ਼ੀ ਘੱਟ ਸੀ। ਅੱਤਵਾਦੀਆਂ ਨੇ ਇਸੇ ਦਾ ਲਾਭ ਉਠਾਇਆ ਤੇ ਸੰਗਯੋਟ ਇਲਾਕੇ 'ਚ ਹਮਲੇ ਲਈ ਘਾਤ ਲਗਾ ਕੇ ਬੈਠ ਗਏ। ਜਿਵੇਂ ਹੀ ਵਾਹਨ ਉੱਥੇ ਪੁੱਜੇ, ਅੱਤਵਾਦੀਆਂ ਨੇ ਉਸ 'ਤੇ ਤਾਬੜਤੋੜ



ਗੋਲ਼ੀਬਾਰੀ ਸ਼ੁਰੂ ਕਰ ਦਿੱਤੀ। ਜਵਾਨ ਜਦੋਂ ਤੱਕ ਸੰਭਲਦੇ ਅੱਤਵਾਦੀਆਂ ਨੇ ਗ੍ਰਨੇਡ ਦਾਗੇ, ਜਿਸ ਨਾਲ ਵਾਹਨ 'ਚ ਜ਼ਬਰਦਸਤ ਅੱਗ ਲੱਗ ਗਈ। ਸੂਤਰਾਂ ਮੁਤਾਬਕ ਅੱਤਵਾਦੀਆਂ ਨੇ ਫ਼ੌਜੀ ਵਾਹਨਾਂ 'ਤੇ ਰਾਕੇਟ ਵੀ ਦਾਗੇ ਸਨ। ਉੱਥੇ ਹੀ ਘਟਨਾ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਲੋਕਾਂ ਨਾਲ ਫ਼ੌਜ ਦੇ ਜਵਾਨ ਵੀ ਮੌਕੇ 'ਤੇ ਪਹੁੰਚ ਗਏ। ਸਾਰਿਆਂ ਨੇ ਮਿਲ ਕੇ ਰਾਹਤ ਕਾਰਜ ਕੀਤੇ ਤੇ ਜਵਾਨਾਂ ਨੂੰ ਨੇੜਲੇ ਫ਼ੌਜੀ ਹਸਪਤਾਲ ਪਹੁੰਚਾਇਆ। ਇੱਥੇ ਡਾਕਟਰਾਂ ਨੇ ਪੰਜ ਜਵਾਨਾਂ ਨੂੰ ਬਲਿਦਾਨੀ ਐਲਾਨ ਦਿੱਤਾ, ਜਦਕਿ ਇਕ ਨੂੰ ਰਾਜੌਰੀ ਦੇ ਫ਼ੌਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ।



### ਮੁੱਖ ਮੰਤਰੀ ਮਾਨ ਵੱਲੋਂ ਚਾਰ ਸ਼ਹੀਦ ਸੈਨਿਕਾਂ ਦੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਐਕਸ-ਗ੍ਰੇਸ਼ੀਆ ਵਜੋਂ ਇਕ ਕਰੋੜ ਰੁਪਏ ਦੇਣ ਦਾ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜੰਮੂ-ਕਸ਼ਮੀਰ ਵਿੱਚ ਦੇਸ਼ ਸੇਵਾ ਦੀ ਡਿਊਟੀ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਵਾਲੇ ਚਾਰ ਬਹਾਦਰ ਸੈਨਿਕਾਂ ਦੇ ਪਰਿਵਾਰਾਂ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਇਕ-ਇਕ ਕਰੋੜ ਰੁਪਏ ਐਕਸ-ਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ ਹੈ।ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿੱਚ ਦਹਿਸ਼ਤਗਰਦੀ ਹਮਲੇ ਵਿੱਚ ਸ਼ਹੀਦ ਹੋਏ ਸੈਨਿਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਬਹਾਦਰ ਫੌਜੀ ਜਵਾਨਾਂ ਦੀ ਪਛਾਣ ਹਵਲਦਾਰ ਮਨਦੀਪ ਸਿੰਘ, ਪਿੰਡ ਚਣਕੋਈਆਂ ਕਲਾਂ (ਲੁਧਿਆਣਾ), ਲਾਂਸ ਨਾਇਕ ਕੁਲਵੰਤ ਸਿੰਘ, ਪਿੰਡ ਚੜਿੱਕ (ਮੋਗਾ), ਸਿਪਾਹੀ ਹਰਕ੍ਰਿਸ਼ਨ ਸਿੰਘ, ਪਿੰਡ ਤਲਵੰਡੀ ਭਰਥ (ਗੁਰਦਾਸਪੁਰ) ਅਤੇ ਸਿਪਾਹੀ ਸੇਵਕ ਸਿੰਘ ਪਿੰਡ ਬਾਘਾ (ਬਠਿੰਡਾ) ਵਜੋਂ ਹੋਈ ਹੈ। ਭਗਵੰਤ ਮਾਨ ਨੇ ਅੱਤਵਾਦੀ ਹਮਲੇ ਦੀ ਨਿਖੇਧੀ ਕਰਦੇ ਹੋਏ ਇਸ ਹਮਲੇ ਵਿੱਚ ਬਹਾਦਰ ਸੈਨਿਕਾਂ ਦੀ ਸ਼ਹਾਦਤ ਉਤੇ ਦੁੱਖ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਨੀਤੀ ਮੁਤਾਬਕ ਸ਼ਹੀਦ ਸੈਨਿਕ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਐਕਸ-ਗ੍ਰੇਸ਼ੀਆ ਅਤੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਬਹਾਦਰ ਨਾਇਕਾਂ ਵੱਲੋਂ ਦੇਸ਼ ਦੀ ਰਾਖੀ ਲਈ ਦਿਖਾਈ ਸੂਰਮਗਤੀ ਬਾਕੀ ਸੈਨਿਕਾਂ ਨੂੰ ਵੀ ਆਪਣੀ ਡਿਊਟੀ ਸਮਰਪਿਤ ਭਾਵਨਾ ਤੇ ਵਚਨਬੱਧਤਾ ਨਾਲ ਨਿਭਾਉਣ ਲਈ ਪ੍ਰੇਰਿਤ ਕਰਦੀ ਰਹੇਗੀ। ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਵੀ ਮੁਲਕ ਨੂੰ ਬਰਤਾਨਵੀ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਪੰਜਾਬੀਆਂ ਨੇ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ ਕਿ ਹੁਣ ਪੰਜਾਬੀਆਂ ਵੱਲੋਂ ਸਰਹੱਦਾਂ ਉਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਮੋਹਰੀ ਭੂਮਿਕਾ ਨਿਭਾਈ ਜਾ ਰਹੀ ਹੈ।

# ਸਿੱਖ ਸਾਂਸਦ ਗੁਰਬਖਸ਼ ਸਿੰਘ ਮੱਲ੍ਹੀ ਨੂੰ 'ਕੀ ਟੂ ਦਾ ਸਿਟੀ ਆਫ਼ ਬਰੈਂਪਟਨ' ਨਾਲ ਕੀਤਾ ਸਨਮਾਨਿਤ

## ਨਸਲਵਾਦ ਦਾ ਸ਼ਿਕਾਰ ਹੋ ਚੁਕੇ ਨੇ ਮੱਲ੍ਹੀ





ਬਰੈਂਪਟਨ-ਕੈਨੇਡਾ ਦੇ ਹਾਊਸ ਆਫ ਕਾਮਨਜ਼ ਲਈ ਚੁਣੇ ਗਏ ਪਹਿਲੇ ਦਸਤਾਰਧਾਰੀ ਸਿੱਖ ਗੁਰਬਖਸ਼ ਸਿੰਘ ਮੱਲ੍ਹੀ ਨੂੰ ਸਿੱਖ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਲਈ ਪਾਇਨੀਅਰ ਵਜੋਂ ਸ਼ਾਨਦਾਰ ਪ੍ਰਾਪਤੀਆਂ ਲਈ 'ਦਾ ਕੀ ਟੂ ਦਾ ਸਿਟੀ ਆਫ ਬਰੈਂਪਟਨ' ਨਾਲ ਸਨਮਾਨਿਤ ਕੀਤਾ ਗਿਆ। 'ਦਾ ਕੀ ਟੂ ਦਾ ਸਿਟੀ ਆਫ ਬਰੈਂਪਟਨ' ਇੱਕ ਪ੍ਰਤੀਕਾਤਮਕ ਸਨਮਾਨ ਹੈ ਜੋ ਸਿਟੀ ਆਫ਼ ਬਰੈਂਪਟਨ ਕਮਿਊਨਿਟੀ ਦੇ ਇੱਕ ਬਹੁਤ ਹੀ ਵਡਮੁੱਲੇ ਮੈਂਬਰ, ਜਾਂ ਸਿਟੀ ਦੇ ਇੱਕ ਨਾਮਵਰ ਜਾਂ ਸਨਮਾਨਿਤ ਮਹਿਮਾਨ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਲੋਕਾਂ ਦੇ ਜੀਵਨ ਉੱਤੇ ਪ੍ਰਭਾਵ ਪਾਇਆ ਹੈ। ਮੱਲ੍ਹੀ ਲਈ ਇਹ ਸਨਮਾਨ ਸਿੱਖ ਹੈਰੀਟੇਜ ਮਹੀਨੇ ਦੇ ਨਾਲ ਮੇਲ ਖਾਂਦਾ ਹੈ, ਅਤੇ ਉਨ੍ਹਾਂ ਨੂੰ ਮੇਅਰ ਪੈਟਰਿਕ ਬ੍ਰਾਊਨ ਵੱਲੋਂ ਬਰੈਂਪਟਨ, ਓਨਟਾਰੀਓ ਵਿੱਚ ਇੱਕ ਸਮਾਰੋਹ ਵਿੱਚ ਭੇਂਟ ਕੀਤਾ ਗਿਆ।ਬਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਨੇ ਕਿਹਾ ਕਿ ਅਸੀਂ ਗੁਰਬਖਸ਼ ਸਿੰਘ ਮੱਲ੍ਹੀ ਦੇ ਬੇਮਿਸਾਲ ਯੋਗਦਾਨ ਅਤੇ ਸਮਾਵੇਸ਼ੀ ਨੀਤੀ ਨਿਰਮਾਣ ਅਤੇ ਕਮਿਊਨਿਟੀ ਬਿਲਡਿੰਗ ਲਈ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਲਈ ਧੰਨਵਾਦੀ ਹਾਂ। ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਸਾਡੇ ਸ਼ਹਿਰ ਵਿੱਚ ਇਹ ਵਕੀਲ ਹਨ ਅਤੇ ਸਾਨੂੰ ਮੱਲ੍ਹੀ ਵਰਗੇ ਲੋਕਾਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ ਜੋ ਸਹਿਯੋਗੀ, ਜੀਵੰਤ ਭਾਈਚਾਰਿਆਂ ਦੀ ਸਿਰਜਣਾ ਕਰਨ ਲਈ ਉੱਪਰ ਅਤੇ ਪਰੇ ਜਾਂਦੇ ਹਨ ਜਿੱਥੇ ਹਰ ਕੋਈ ਆਪਣਾ ਸਰਵੋਤਮ ਹੋ ਸਕਦਾ ਹੈ।

1949 ਵਿੱਚ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਏ, ਮੱਲ੍ਹੀ ਨੇ ਸੰਸਦ ਵਿੱਚ ਦਸਤਾਰ ਪਹਿਨਣ ਵਾਲਿਆਂ ਅਤੇ ਘੱਟ ਗਿਣਤੀਆਂ ਦੀ ਨੁਮਾਇੰਦਗੀ ਦੀ ਅਗਵਾਈ ਕੀਤੀ ਅਤੇ ਵਿਭਿੰਨਤਾ ਅਤੇ ਸ਼ਮੂਲੀਅਤ ਦੇ ਇੱਕ ਮਜ਼ਬੂਤ ਵਕੀਲ ਰਹੇ ਹਨ। ਬਰਮਾਲੀਆ-ਗੋਰ-ਮਾਲਟਨ ਲਈ ਸੰਸਦ ਦੇ ਮੈਂਬਰ ਵਜੋਂ ਲਗਾਤਾਰ 18 ਸਾਲਾਂ ਤੱਕ ਸੇਵਾ ਕਰਦੇ ਹੋਏ, ਮੱਲ੍ਹੀ ਨੇ ਘੱਟ ਗਿਣਤੀਆਂ ਦੇ ਕਾਰਨਾਂ ਨੂੰ ਅੱਗੇ ਵਧਾਇਆ, ਜਿਸ ਸਮੇਂ ਰਾਸ਼ਟਰੀ ਪੱਧਰ 'ਤੇ ਪ੍ਰਤੀਨਿਧਤਾ ਦੀ ਘਾਟ ਸੀ, ਸਾਰੇ ਨਸਲੀ ਪਿਛੋਕੜ ਵਾਲੇ ਘੱਟ ਗਿਣਤੀਆਂ ਨੂੰ ਸਕਾਰਾਤਮਕ ਜਾਗਰੂਕਤਾ ਲਿਆਂਦੀ।ਸਨਮਾਨ ਪ੍ਰਾਪਤ ਕਰਨ 'ਤੇ ਮੱਲ੍ਹੀ ਨੇ ਕਿਹਾ-" ਮੈਂ ਉਸ ਸ਼ਹਿਰ ਦੀ ਚਾਬੀ ਸਵੀਕਾਰ ਕਰਕੇ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ ਜਿੱਥੇ ਮੈਂ 30 ਸਾਲਾਂ ਤੋਂ ਵੱਧ ਸਮੇਂ ਤੋਂ ਰਹਿ ਰਿਹਾ ਹਾਂ ਅਤੇ ਸੇਵਾ ਕਰ ਰਿਹਾ ਹਾਂ।

(ਬਾਕੀ ਸਫ਼ਾ 30 'ਤੇ)

# ਕ੍ਰੂਦ੍ਰਜ਼ ਦੇ ਵਿਸਾਖੀ ਮੇਲੇ 'ਤੇ ਚਮਕਿਆ ਖ਼ਾਲਸਾਈ ਰੰਗ







ਫਰਿਜ਼ਨੋ, ਕੈਲੇਫੋਰਨੀਆਂ : ਫਰਿਜਨੋ ਦੇ ਲਾਗਲੇ ਸ਼ਹਿਰ ਕ੍ਰੂਦ੍ਰਜ਼ ਦੇ ਗੁਰਦਵਾਰਾ ਪੈਸੇਫਿੱਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਉੱਘੇ ਕਿਰਸਾਨ ਸੌਂਗੀ ਕਿੰਗ, ਸ. ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ 30ਵਾਂ ਸਲਾਨਾ ਵਿਸਾਖੀ ਮੇਲਾ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ। ਮੇਲੇ ਵਿੱਚ ਲਾਲ, ਨੀਲੀਆਂ, ਕੇਸਰੀ ਦਸਤਾਰਾਂ ਅਤੇ ਦੁਪੱਟੇ ਖਾਲਸਾਈ ਜਾਹੋ ਜਲਾਲ ਵਿੱਚ ਰੰਗੇ ਕਿੱਸੇ ਪੰਜਾਬ ਦੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੇ ਸਨ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ, ਜਿੱਥੇ ਬਹੁਤ ਸਾਰੇ ਕੀਰਤਨੀਏ ਜਥੇ ਸੰਗਤਾਂ ਨੂੰ ਅਨੰਦਮਈ ਕੀਰਤਨ ਸਰਵਨ ਕਰਵਾ ਰਹੇ ਸਨ। ਇਸ ਮੌਕੇ ਕਥਾਵਾਚਕਾਂ ਨੇ ਸ਼ਬਦ ਗੁਰੂ ਨਾਲ ਸੰਗਤਾਂ ਨੂੰ ਜੋੜਿਆ। ਗੁਰਦੁਆਰਾ ਸਹਿਬ ਦੀਆਂ ਗਰਾਊਂਡਾ ਵਿੱਚ ਝੂਲੇ ਆਦਿ ਬੱਚਿਆਂ ਲਈ ਖਾਸ ਅਕਰਸ਼ਕ ਰਹੇ। ਬੱਚਿਆਂ ਦੀਆਂ ਦੌੜਾਂ ਕਰਵਾਈਆਂ ਗਈਆਂ। ਬਾਸਕਟਵਾਲ ਦੇ ਮੈਚ ਹੋਏ। ਰੱਸਾਕਸ਼ੀ ਦੇ ਜੌਹਰ ਵੇਖਣ ਨੂੰ ਮਿਲੇ। ਇਸ ਮੌਕੇ ਸੱਭਿਆਚਾਰ ਸਟੇਜ ਦਾ ਅਗਾਜ਼ ਰਾਜ ਬਰਾੜ ਨੇ ਵਿਸਾਖੀ ਨੂੰ ਸਮਰਪਿਤ ਗੀਤ ਨਾਲ ਕੀਤਾ। ਇਸ ਮੌਕੇ ਬੁਲਾਰਿਆਂ ਨੇ ਖ਼ਾਲਸੇ ਦੇ ਸਾਜਨਾਂ ਦਿਵਸ ਨੂੰ ਸਮਰਪਿਤ ਭਾਸ਼ਨ ਕੀਤੇ। ਜੀ. ਐਚ. ਜੀ, ਭੰਗੜਾ ਕੂਈਨਜ਼, ਸ਼ਾਨੇ ਭੰਗੜਾ, ਸੈਂਟਰਲਵੈਲੀ ਭੰਗੜਾ, ਸਿਰ ਦਾ ਤਾਜ਼ ਨੇ ਧੀਆਂ, ਸਹੇਲੀਆਂ ਆਦਿ ਦੀਆਂ ਗਿੱਧੇ ਭੰਗੜੇ ਦੀਆਂ ਟੀਮਾਂ ਨੇ ਖ਼ੂਬ ਰੰਗ ਬੰਨਿਆ। ਇਸ ਮੌਕੇ ਨਿਹਚਲ ਅਟਵਾਲ ਦੀ ਸੋਲੋ ਪ੍ਰਫੌਰਮੈਂਸ ਬੇਹੱਦ ਪਸੰਦ ਕੀਤਾ ਗਿਆ।

ਇਸ ਸਮਾਗਮ ਦੌਰਾਨ ਸ. ਚਰਨਜੀਤ ਸਿੰਘ ਬਾਠ ਨੇ ਸ਼ੈਰਿਫ ਡੀਪਾਰਟਮੈਂਟ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜਨੋ ਦੇ ਗੱਤਕਾ ਟੀਮ ਦੇ ਮੈਂਬਰਾਂ ਨੇ ਦਿਲਕਸ਼ ਗੱਤਕੇ ਦੇ ਜੌਹਰ ਵਿਖਾਕੇ ਮਹੌਲ ਨੂੰ ਖਾਲਸਾਈ ਰੰਗ ਵਿੱਚ ਰੰਗਿਆ। ਸਟੇਜ ਸੰਚਾਲਨ ਸ. ਬਲਵੀਰ ਸਿੰਘ ਢਿੱਲੋ ਅਤੇ ਡਾ. ਮਨਰੀਤ ਕੌਰ ਨੇ ਬਾਖੂਬੀ ਕੀਤਾ। ਮੇਲੇ ਵਿੱਚ ਲੱਗੇ ਹੋਏ ਸਟਾਲਾਂ ਤੋਂ ਲੋਕ ਵੱਖੋ ਵੱਖ ਜਾਣਕਾਰੀ ਲੈ ਰਹੇ ਸਨ। ਫਾਰਮਰ ਅਜੀਤ ਸਿੰਘ ਗਿੱਲ ਅਤੇ ਸਹਿਯੋਗੀਆਂ ਵੱਲੋਂ ਮੁੱਫਤ ਦਸਤਾਰਾਂ ਸਜਾਈਆਂ ਜਾ ਰਹੀਆ ਸਨ। ਇਸ ਮੌਕੇ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਦੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਨੀਟਾ ਮਾਛੀਕੇ ਨੂੰ ਸਨਮਾਨਿਤ ਕੀਤਾ ਗਿਆ। ਉਪਰੰਤ ਲੋਕਲ ਕਬੱਡੀ ਦੇ ਮੈਚ ਹੋਏ, ਜਿਹੜੇ ਦਰਸ਼ਕਾਂ ਨੇ ਬੜੇ ਉਤਸ਼ਾਹ ਨਾਲ ਵੇਖੇ।

ਪੰਜਾਬੀ ਭਾਈਚਾਰੇ ਦਾ ਮਾਣ ਕਬੱਡੀ ਕੁਮੈਂਟੇਟਰ ਰਾਜਵਿੰਦਰ ਰੰਡਿਆਲਾ ਨੇ ਲੰਮੇ ਸਮੇਂ ਬਾਅਦ ਕਬੱਡੀ ਗਰਾਊਂਡ ਵਿੱਚ ਹਾਜ਼ਰੀ ਭਰੀ, ਉਹਨਾਂ ਆਪਣੇ ਨਵੇਂ ਸ਼ੇਅਰਾਂ ਨਾਲ ਖੂਬ ਰੰਗ ਬੰਨਿਆ। ਕਬੱਡੀ ਮੈਚਾਂ ਦੀ ਕਮੈਂਟਰੀ ਸੁਚੱਜੇ ਢੰਗ ਨਾਲ ਕੁਮੈਂਟੇਟਰ ਸਵਰਨ ਸਿੰਘ ਨੇ ਕੀਤੀ। ਅਖੀਰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ ਖਾਲਸਾਈ ਜਾਹੋ ਜਲਾਲ ਵਿੱਚ ਗੜੁੱਚ ਇਹ ਵਿਸਾਖੀ ਮੇਲਾ ਯਾਦਗਾਰੀ ਹੋ ਨਿੱਬੜਿਆ। ਇਸ ਮੇਲੇ 'ਚ ਚਰਨਜੀਤ ਸਿੰਘ ਬਾਠ, ਸਰਵਨ ਸਿੰਘ ਪੁਰੇਵਾਲ, ਸ਼ਰਨਜੀਤ ਸਿੰਘ ਪੁਰੇਵਾਲ, ਸੋਹਿੰਦਰ ਸਿੰਘ ਅਟਵਾਲ, ਕੁਲਵੰਤ ਸਿੰਘ ਗਿੱਲ, ਬਹਾਦਰ ਸਿੰਘ ਮਾਹਲ, ਜੋਗਿੰਦਰ ਸਿੰਘ ਧਾਲੀਵਾਲ, ਜਗਜੀਤ ਸਿੰਘ ਸੰਘੇੜਾ, ਗੁਰਦੇਵ ਸਿੰਘ ਸ਼ੇਰਗਿੱਲ, ਨਿਰਮਲ ਸਿੰਘ ਗਿੱਲ, ਜੋਹਣਾ ਸੰਧੂ, ਮੋਨਾ ਸੰਧੂ, ਬਲਜੀਤ ਸਿੰਘ ਅਟਵਾਲ, ਬਲਵੀਰ ਕੌਰ ਅਟਵਾਲ, ਹੈਰੀ ਬਰਾੜ, ਟੀਨਾ ਬਰਾੜ, ਜਸਵੀਰ ਸਿੰਘ ਗੋਸਲ, ਦੀਪਇੰਦਰ ਕੌਰ ਗੋਸਲ, ਬਲਜਿੰਦਰ ਸਿੰਘ ਗਰੇਵਾਲ, ਪਵਣ ਕੌਰ ਗਰੇਵਾਲ, ਜੁਗਿੰਦਰ ਸਿੰਘ ਥਿੰਦ (ਬਿੱਲੂ), ਨਵਕਿਰਨ ਕੌਰ ਥਿੰਦ, ਮੰਗਲ ਸਿੰਘ ਜੌਹਲ, ਕੁਲਵੰਤ ਸਿੰਘ ਧਾਮੀ, ਜਰਨੈਲ ਸਿੰਘ ਉੱਪਲ (ਜੈਰੀ), ਰਾਣਾ ਬਲੱਗਣ, ਕੰਵਰ ਸਿੰਘ ਬਾਠ, ਕਰਨੈਲ ਸਿੰਘ ਸੰਧਰ, ਹਰਪਾਲ ਸਿੰਘ ਮੁੰਡੀ, ਕਰਨਵੀਰ ਸਿੰਘ, ਜਸਵੰਤ ਸਿੰਘ ਸਿੱਧੂ, ਡਾ. ਨਵਜੋਤ ਸਿੰਘ ਸਹੋਤਾ, ਜੋਤੀ ਸਹੋਤਾ ਅਤੇ ਬਲਬੀਰ ਸਿੰਘ ਢਿੱਲੋ ਨੇ ਸਹਿਯੋਗ ਦਿਤਾ।ਇੱਥੇ ਇਹ ਵੀ ਗੱਲ ਜ਼ਿਕਰਯੋਗ ਹੈ ਕਿ ਇਹ ਬੱਚਿਆਂ ਦਾ ਵਿਸਾਖੀ ਮੇਲਾ ਹਰ ਸਾਲ ਅਪ੍ਰੈਲ ਮਹੀਨੇ ਦੇ ਤੀਜੇ ਐਤਵਾਰ, (ਸੈਲਮਾਂ ਸ਼ਹਿਰ ਦੇ ਨਗਰ ਕੀਰਤਨ ਤੋਂ ਮਗਰੋਂ ਇੱਕ ਹਫ਼ਤੇ ਬਾਅਦ ਜੋ ਐਤਵਾਰ ਆਉਂਦਾ ਹੈ), ਕਰਵਾਇਆ ਜਾਂਦਾ ਹੈ।

## ਅਮਰੀਕਾ ਦੇ ਟੈਕਸਾਸ ਰਾਜ ਵਿੱਚ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 9 ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਵਿਚ ਪ੍ਰੋਮ ਪਾਰਟੀ ਦੌਰਾਨ ਹੋਈ ਗੋਲੀਬਾਰੀ ਕਾਰਨ 9 ਮੁੰਡੇ ਤੇ ਕੁੜੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਜਸਪਰ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਅੱਧੀ ਰਾਤ ਤੋਂ ਬਾਅਦ ਜਸਪਰ ਦੇ ਉੱਤਰ ਵਿੱਚ ਇੱਕ ਘਰ ਵਿੱਚ ਗੋਲੀ ਚੱਲਣ ਦੀ ਸੂਚਨਾ ਮਿਲਣ ਉਪਰੰਤ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਉਨਾਂ ਨੂੰ ਮੌਕੇ ਤੇ 9 ਨਬਾਲਗ ਮਿਲੇ ਜੋ ਜ਼ਖਮੀ ਸਨ ਹਾਲਾਂ ਕਿ ਜ਼ਖਮ ਜਾਨਲੇਵਾ ਨਹੀਂ ਹਨ। ਇਨਾਂ ਸਾਰਿਆਂ ਦੀ ਉਮਰ 15 ਤੋਂ 19 ਸਾਲ ਦੇ ਦਰਮਿਆਨ ਹੈ।

## ਅਮਰੀਕੀ ਏਅਰਲਾਈਨਜ਼ ਦੇ ਜਹਾਜ਼ ਦੇ ਇੰਜਣ ਨੂੰ ਲੱਗੀ ਅੱਗ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੋਲੰਬਸ, ਓਹੀਓ ਵਿੱਚ ਇਕ ਅਮਰੀਕੀ ਏਅਰਲਾਈਨਜ਼ ਦੇ ਜਹਾਜ਼ ਦੇ ਇੰਜਣ ਨੂੰ ਉਡਾਣ ਭਰਨ ਉਪਰੰਤ ਅੱਗ ਲੱਗ ਗਈ ਜਿਸ ਕਾਰਨ ਉਸ ਨੂੰ ਵਾਪਿਸ ਹਵਾਈ ਅੱਡੇ ਉਪਰ ਉਤਾਰਨਾ ਪਿਆ। ਇਹ ਹਾਦਸਾ ਸੰਭਾਵੀ ਤੌਰ 'ਤੇ ਜਹਾਜ਼ ਨਾਲ ਪੰਛੀ ਦੇ ਟਕਰਾਉਣ ਕਾਰਨ ਵਾਪਰਿਆ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਅਨੁਸਾਰ ਸਥਾਨਕ ਸਮੇਂ ਅਨੁਸਾਰ ਸਵੇਰੇ 8 ਵਜੇ ਦੇ ਆਸਪਾਸ ਬੋਇੰਗ 737 ਨੇ ਕੋਲੰਬਸ ਤੋਂ ਫੋਨਿਕਸ ਲਈ ਉਡਾਣ ਭਰੀ ਸੀ ਜਿਸ ਉਪਰੰਤ ਅਮਲੇ ਨੇ ਸੰਭਾਵੀ ਤੌਰ 'ਤੇ ਜਹਾਜ਼ ਨਾਲ ਪੰਛੀ ਟਕਰਾਉਣ ਦੀ ਰਿਪੋਰਟ ਕੀਤੀ ਸੀ। ਉਪਰੰਤ ਜਹਾਜ਼ ਜੌਹਨ ਗਲੈਨ ਕੋਲੰਬਸ ਅੰਤਰ ਰਾਸ਼ਟਰੀ ਹਵਾਈ ਅੱਡੇ ਉਪਰ ਸੁਰੱਖਿਅਤ ਉਤਾਰ ਲਿਆ ਗਿਆ। ਹਵਾਈ ਅੱਡੇ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਇਸ ਘਟਨਾ ਉਪਰੰਤ ਥੋੜੀ ਦੇਰ ਲਈ ਬੰਦ ਕੀਤੇ ਹਵਾਈ ਅੱਡੇ ਨੂੰ ਮੁੜ ਖੋਲ ਦਿੱਤਾ ਗਿਆ ਹੈ। ਏਅਰ ਲਾਈਨਜ਼ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਤਕਨੀਕੀ ਖਰਾਬੀ ਕਾਰਨ ਜਹਾਜ਼ ਨੂੰ ਉਤਾਰਨਾ ਪਿਆ ਹੈ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



# ਪੰਜਾਬ ਦੀ ਸਿਆਸਤ ’ਤੇ ਡੇਰਾਵਾਦ ਦਾ ਪ੍ਰਭਾਵ ?

- ਕਈ ਧਾਰਮਿਕ ਡੇਰਿਆਂ ਨੇ ਬਣਾਏ ਹੋਏ ਨੇ ਆਪਣੇ ਸਿਆਸੀ ਵਿੰਗ
- ਸਿਆਸੀ ਆਗੂ ਵੋਟਾਂ ਲੈਣ ਲਈ ਡੇਰਿਆਂ ’ਚ ਭਰਦੇ ਨੇ ਹਾਜ਼ਰੀਆਂ
- ਪੰਜਾਬ ’ਚ ਵੱਖ- ਵੱਖ ਡੇਰਿਆਂ ਦਾ ਹੈ ਕਾਫ਼ੀ ਪ੍ਰਭਾਵ
- ਪੰਜਾਬ ਅਤੇ ਦਿੱਲੀ ਦੇ ਮੁੱਖ ਮੰਤਰੀ ਦੇ ਜਲੰਧਰ ਜ਼ਿਲ੍ਹੇ ਦੇ ਇੱਕ ਡੇਰੇ ’ਚ ਨਤਮਸਤਕ ਹੋਣ ਨਾਲ ਸਿਆਸਤ ’ਤੇ ਡੇਰਾਵਾਦ ਦੇ ਪ੍ਰਭਾਵ ਦੀ ਚਰਚਾ ਮੁੜ ਛਿੜੀ



ਪਟਿਆਲਾ/ਏ.ਟੀ.ਨਿਊਜ਼: ਪੰਜਾਬ ਦੀ ਸਿਆਸਤ ’ਤੇ ਪਿਛਲੇ ਕਾਫੀ ਸਮੇਂ ਤੋਂ ਡੇਰਾਵਾਦ ਦਾ ਪ੍ਰਭਾਵ ਵੇਖਿਆ ਜਾ ਰਿਹਾ ਹੈ। ਪੰਜਾਬ ਅਤੇ ਹਰਿਆਣਾ ਵਿੱਚ ਵੱਖ-ਵੱਖ ਥਾਵਾਂ ’ਤੇ ਸਥਿਤ ਅਨੇਕਾਂ ਡੇਰੇ ਅਕਸਰ ਪੰਜਾਬ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਇਸੇ ਕਾਰਨ ਹਰ ਚੋਣਾਂ ਵੇਲੇ ਵੱਖ- ਵੱਖ ਸਿਆਸੀ ਪਾਰਟੀਆਂ ਦੇ ਆਗੂ ਵੱਖ- ਵੱਖ ਡੇਰਿਆਂ ’ਚ ਹਾਜ਼ਰੀ ਭਰਦੇ ਹਨ ਅਤੇ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਮੰਗਦੇ ਹਨ। ਕਈ ਡੇਰਿਆਂ ਨੇ ਤਾਂ ਆਪਣੇ ਵੱਖਰੇ ਸਿਆਸੀ ਵਿੰਗ ਵੀ ਬਣਾਏ ਹੋਏ ਹਨ, ਡੇਰਿਆਂ ਦੇ ਇਹਨਾਂ ਸਿਆਸੀ ਵਿੰਗਾਂ ਵਲੋਂ ਮੌਜੂਦਾ ਸਿਆਸਤ ਦਾ ਵਿਸ਼ਲੇਸ਼ਣ ਕਰਦੇ ਰਹਿਣ ਤੋਂ ਬਾਅਦ ਕਿਸੇ ਨਾ ਕਿਸੇ ਪਾਰਟੀ ਜਾਂ ਆਗੂ ਨੂੰ ਸਮਰਥਣ ਦੇਣ ਦਾ ਐਲਾਨ ਕੀਤਾ ਜਾਂਦਾ ਹੈ। ਫਿਰ ਉਸ ਡੇਰੇ ਦੇ ਬਾਬੇ ਵੱਲੋਂ ਜਾਂ ਸਿਆਸੀ ਵਿੰਗ ਵੱਲੋਂ ਡੇਰੇ ਦੇ ਸ਼ਰਧਾਲੂਆਂ ਨੂੰ ਡੇਰੇ ਦੇ ਪਸੰਦੀਦਾ ਉਮੀਦਵਾਰਾਂ ਜਾਂ ਪੰਸਦੀਦਾ ਸਿਆਸੀ ਪਾਰਟੀ ਨੂੰ ਵੋਟਾਂ ਪਾਉਣ ਦਾ ਹੁਕਮ ਦੇ ਦਿੱਤਾ ਜਾਂਦਾ ਹੈ। ਡੇਰਿਆਂ ਦੇ ਸ਼ਰਧਾਲੂ ਡੇਰਾ ਪ੍ਰਬੰਧਕਾਂ ਵੱਲੋਂ ਵੋਟਾਂ ਪਾਉਣ ਲਈ ਕੀਤੇ ਗਏ ਹੁਕਮ ਨੂੰ ‘ਰੱਬੀ ਹੁਕਮ’ ਸਮਝ ਕੇ ਡੇਰਿਆਂ ਦੇ ਪਸੰਦੀਦਾ ਉਮੀਦਵਾਰਾਂ ਜਾਂ ਪਾਰਟੀਆਂ ਨੂੰ ਵੋਟਾਂ ਪਾ ਦਿੰਦੇ ਹਨ ਅਤੇ ਪੰਜਾਬ ਵਿੱਚ ਹਰ ਪਾਰਟੀ ਦੀ ਜਿੱਤ ਹਾਰ ਵਿੱਚ ਇਹਨਾਂ ਵੱਖ- ਵੱਖ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਦੀ ਵੱਡੀ ਭੂਮਿਕਾ ਰਹਿੰਦੀ ਹੈ। ਭਾਵੇਂ ਕਿ ਇਕ ਵੱਡੇ ਡੇਰੇ ਵੱਲੋਂ ਆਪਣੇ ਸਿਆਸੀ ਵਿੰਗ ਨੂੰ ਭੰਗ ਕਰਨ ਦਾ ਐਲਾਨ ਵੀ ਕਰ ਦਿਤਾ ਗਿਆ ਹੈ ਪਰ ਇਸ ਡੇਰੇ ਦਾ ਪ੍ਰਭਾਵ ਮਾਲਵਾ ਖੇਤਰ ਵਿੱਚ ਕਾਫੀ ਮੰਨਿਆ ਜਾਂਦਾ ਹੈ।

ਮਈ ਮਹੀਨੇ ਪੰਜਾਬ ਵਿੱਚ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਹੋ ਰਹੀ ਹੈ। ਸਿਆਸਤ ’ਤੇ ਡੇਰਾਵਾਦ ਦੇ ਪ੍ਰਭਾਵ ਦਾ ਇਸ ਗਲ ਤੋਂ ਵੀ ਪਤਾ ਚਲ ਜਾਂਦਾ ਹੈ ਕਿ ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜਲੰਧਰ ਜ਼ਿਲ੍ਹੇ ਵਿੱਚ ਸਥਿਤ ‘ਡੇਰਾ ਬੱਲਾਂ’ ’ਚ ਹਾਜਰੀ ਭਰ ਕੇ ਆਏ ਹਨ। ਜਲੰਧਰ ਜ਼ਿਲ੍ਹੇ ਵਿੱਚ ਵੀ ਕਈ ਧਾਰਮਿਕ ਡੇਰਿਆਂ ਦੀ ਹੋਂਦ ਹੈ ਅਤੇ ਇਹਨਾਂ ਡੇਰਿਆਂ ਦਾ ਇਲਾਕੇ ਵਿੱਚ ਚੰਗਾ ਪ੍ਰਭਾਵ ਹੈ। ਇਸੇ ਕਾਰਨ ਹੁਣ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਵੱਖ- ਵੱਖ ਸਿਆਸੀ ਆਗੂਆਂ ਦੇ ਆਗੂ ਜਲੰਧਰ ਜ਼ਿਲ੍ਹੇ ਵਿੱਚ ਸਥਿਤ ਵੱਖ- ਵੱਖ ਧਾਰਮਿਕ ਡੇਰਿਆਂ ਦੀ ਸ਼ਰਨ ਵਿੱਚ ਜਾ ਰਹੇ ਹਨ ਅਤੇ ਇਹਨਾਂ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਲੈਣ ਦਾ ਯਤਨ ਕਰ ਰਹੇ ਹਨ।

ਵੱਖ ਵੱਖ ਡੇਰੇ :ਪੰਜਾਬ ਦੀ ਸਿਆਸਤ ਵਿੱਚ ਡੇਰਾ ਰਾਧਾ ਸੁਆਮੀ ਸਤਸੰਗ ਬਿਆਸ, ਡੇਰਾ ਸਿਰਸਾ, ਡੇਰਾ ਨੂਰ ਮਹਿਲ, ਡੇਰਾ ਸੱਚਖੰਡ ਬੱਲਾਂ ਆਦਿ ਡੇਰਿਆਂ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਇਹਨਾਂ ਡੇਰਿਆਂ ਦੇ ਮੁਖੀਆਂ ਦੇ ਮੂਹਰੇ ਆਮ ਸਿਆਸੀ ਲੀਡਰਾਂ ਦੇ ਨਾਲ -ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਰਗੇ ਵਡੇਰੀ ਉਮਰ ਦੇ ਤੇ ਪ੍ਰੌੜ ਸਿਆਸਤਦਾਨ ਵੀ ਝੁਕ ਕੇ ਨਤਮਸਤਕ ਹੁੰਦੇ ਰਹੇ ਹਨ। ਲਗਭਗ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਇਹਨਾਂ ਡੇਰਿਆਂ ਦੀ ਚੌਂਕੀ ਭਰਦੇ ਹਨ ਅਤੇ ਪੰਜਾਬ ਦੀਆਂ ਮੁੱਖ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਦੇ ਆਗੂ ਵੀ ਪਿਛਲੇ ਸਮੇਂ ਦੌਰਾਨ ਡੇਰਾ ਸਿਰਸਾ ਸਮੇਤ ਵੱਖ- ਵੱਖ ਡੇਰਿਆਂ ਦੀ ਸ਼ਰਨ ਵਿੱਚ ਜਾਂਦੇ ਰਹੇ ਹਨ ਅਤੇ ਇਹਨਾਂ ਦੋਵਾਂ ਪਾਰਟੀਆਂ ਦੇ ਆਗੂਆਂ ਨੂੰ ਵੱਖ- ਵੱਖ ਡੇਰਿਆਂ ਤੋਂ ਆਸ਼ੀਰਵਾਦ ਦੇ ਰੂਪ ਵਿੱਚ ਸ਼ਰਧਾਲੂਆਂ ਦੀਆਂ ਵੋਟਾਂ ਵੀ ਮਿਲਦੀਆਂ ਰਹੀਆਂ ਹਨ। ਇਹਨਾਂ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਕਾਰਨ ਅਨੇਕਾਂ ਉਮੀਦਵਾਰਾਂ ਦੀ ਜਿੱਤ ਹਾਰ ਦਾ ਫੈਸਲਾ ਵੀ ਇਹ ਸ਼ਰਧਾਲੂ ਹੀ ਕਰਦੇ ਆਏ ਹਨ ਅਤੇ ਇਹੀ ਕਾਰਨ ਹੈ ਕਿ ਹਰ ਸਿਆਸੀ ਆਗੂ ਵੱਖ- ਵੱਖ ਡੇਰਿਆਂ ਦੀ ਚੌਂਕੀ ਭਰਨ ਲਈ ਤਤਪਰ ਰਹਿੰਦਾ ਹੈ। ਇਸ ਤਰਾਂ ਪੰਜਾਬ ਦੀ ਸਿਆਸਤ ’ਚ ਦਿਨੋਂ ਦਿਨ ਇਹਨਾਂ ਡੇਰਿਆਂ ਦੀ ਅਹਿਮੀਅਤ ਅਤੇ ਭੂਮਿਕਾ ਵੱਧਦੀ ਜਾ ਰਹੀ ਹੈ।



ਪੰਜਾਬ ’ਚ ਬਾਬਾ ਭਨਿਆਰਾ ਦਾ ਡੇਰਾ ਵੀ ਪਿਛਲੇ ਸਮੇਂ ਦੌਰਾਨ ਕਾਫੀ ਚਰਚਾ ਵਿੱਚ ਰਿਹਾ ਹੈ। ਕਿਸੇ ਸਮੇਂ ਇਸ ਬਾਬੇ ਦੀ ਸ਼ਰਨ ਵਿੱਚ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਦੇ ਵੱਡੇ ਆਗੂ ਚੌਂਕੀ ਭਰਦੇ ਸਨ। ਇਸ ਤੋਂ ਇਲਾਵਾ ਪੰਜਾਬ ਵਿੱਚ ਸੈਂਕੜੇ ਛੋਟੇ ਵੱਡੇ ਡੇਰੇ ਹਨ, ਜਿਹੜੇ ਕਿ ਧਾਰਮਿਕ ਕੰਮਾਂ ਦੇ ਨਾਲ ਸਮਾਜ ਸੇਵਾ ਵਿੱਚ ਵੀ ਸਰਗਰਮ ਰਹਿੰਦੇ ਹਨ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਇਹਨਾਂ ਡੇਰਿਆਂ ਦੀ ਸ਼ਰਨ ਵਿੱਚ ਜਾਂਦੇ ਰਹਿੰਦੇ ਹਨ। ਪੰਜਾਬ ਅਤੇ ਹਰਿਆਣਾ ਦੇ ਕੁਝ ਵੱਡੇ ਡੇਰੇ ਤਾਂ ‘ਕਾਰਪੋਰੇਟ’ ਬਣ ਗਏ ਹਨ ਅਤੇ ਆਪਣੇ ਵੱਲੋਂ ਤਿਆਰ ਕੀਤਾ ਮਾਲ ਵੇਚ ਕੇ ਮੁਨਾਫ਼ਾ ਕਮਾ ਰਹੇ ਹਨ। ਇਸ ਤੋਂ ਇਲਾਵਾ ਕਈ ਡੇਰੇ ਫ਼ਿਲਮਾਂ ਵੀ ਬਣਾ ਚੁਕੇ ਹਨ। ਅਸਲ ਵਿੱਚ ਜਦੋਂ ਵੱਖ ਵੱਖ ਡੇਰਿਆਂ ਨਾਲ ਵੱਡੀ ਗਿਣਤੀ ਲੋਕ ਜੁੜਨੇ ਸ਼ੁਰੂ ਹੋ ਗਏ ਤਾਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਹਨਾਂ ਡੇਰਿਆਂ ਦੇ ਸ਼ਰਧਾਲੂਆਂ ਦੀ ਵੋਟਾਂ ਲੈਣ ਲਈ ਡੇਰਿਆਂ ਦੀ ਸ਼ਰਨ ਵਿੱਚ ਜਾਣਾ ਸ਼ੁਰੂ ਕਰ ਦਿਤਾ, ਜਿਸ ਕਰਕੇ ਡੇਰਿਆਂ ਦੀ ਅਹਿਮੀਅਤ ਪੰਜਾਬ ਦੀ ਸਿਆਸਤ ਵਿੱਚ ਵੱਧ ਗਈ। ਇਸ ਤਰਾਂ ਹੌਲੀ ਹੌਲੀ ਪੰਜਾਬ ਦੀ ਸਿਆਸਤ ’ਤੇ ਡੇਰਾਵਾਦ ਦਾ ਪ੍ਰਭਾਵ ਵੱਧਦਾ ਗਿਆ।



ਹੁਣ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਪੰਜਾਬ ਅਤੇ ਦਿੱਲੀ ਦੇ ਮੁੱਖ ਮੰਤਰੀਆਂ ਵੱਲੋਂ ਡੇਰਾ ਬੱਲਾਂ ਵਿੱਚ ਨਤਮਸਤਕ ਹੋਣ ਨਾਲ ਪੰਜਾਬ ਦੀ ਸਿਆਸਤ ’ਤੇ ਡੇਰਾਵਾਦ ਦੇ ਪ੍ਰਭਾਵ ਦੀ ਚਰਚਾ ਮੁੜ ਛਿੜ ਗਈ ਹੈ।









# ਦਾਣਿਆਂ ਖ਼ਾਤਰ ਜੋ ਆਲ੍ਹਣਿਆਂ ਤੋਂ ਦੂਰ ਹੋਏ...



*** ਮਨੁੱਖੀ ਤਸਕਰੀ 'ਚ ਮੋਹਰੀ ਹਨ ਪੰਜਾਬ ਦੀਆਂ ਜਾਅਲੀ ਟਰੈਵਲ ਏਜੰਸੀਆਂ**
*** ਟਰੈਵਲ ਏਜੰਸੀਆਂ ਦੀ ਗਿਣਤੀ ਵਿੱਚ 25% ਤੋਂ 30% ਹੋਇਆ ਵਾਧਾ**
*** ਪੰਜਾਬ ਵਿੱਚ 7200 ਤੋਂ ਵੱਧ ਟਰੈਵਲ ਏਜੰਟ ਸਰਗਰਮ**

ਭਾਗ- 1

ਅੰਮ੍ਰਿਤਸਰ ਟਾਇਮਜ਼ ਬਿਊਰੋ

ਪੰਜਾਬ ਦਾ ਹਰ ਵਸਨੀਕ ਇਸ ਸਮੇਂ ਕਿਸੇ ਵੀ ਤਰੀਕੇ ਨਾਲ ਵਿਦੇਸ਼ ਜਾਣਾ ਚਾਹੁੰਦਾ ਹੈ। ਪੰਜਾਬੀਆਂ ਦੀ ਇਸ ਸੋਚ ਦਾ ਫਾਇਦਾ ਟਰੈਵਲ ਏਜੰਸੀਆਂ ਅਤੇ ਜਾਅਲੀ ਟਰੈਵਲ ਏਜੰਸੀਆਂ ਚੁੱਕ ਰਹੀਆਂ ਹਨ। ਪੰਜਾਬ ਸਰਕਾਰ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 7200 ਤੋਂ ਵੱਧ ਟਰੈਵਲ ਏਜੰਟ ਹਨ। ਪੰਜਾਬ ਟਰੈਵਲ ਏਜੰਟ ਐਸੋਸੀਏਸ਼ਨ ਦੇ ਮੈਂਬਰ ਵਜੋਂ 105 ਰਜਿਸਟਰਡ ਟਰੈਵਲ ਏਜੰਟ ਹਨ, ਜਦਕਿ ਇਕੱਲੇ ਜਲੰਧਰ ਜ਼ਿਲ੍ਹੇ ਵਿੱਚ 1,400 ਤੋਂ ਵੱਧ ਟਰੈਵਲ ਏਜੰਟ ਹਨ।ਇਸਦੇ ਨਾਲ ਹੀ ਪੰਜਾਬ ਵਿੱਚ ਜਾਅਲੀ ਟਰੈਵਲ ਏਜੰਸੀਆਂ ਹੋਣ ਦਾ ਮਾਮਲਾ ਵੀ ਸੁਰਖੀਆ ਵਿੱਚ ਆਇਆ ਹੈ।

ਪੰਜਾਬ ਦੀਆਂ ਜਾਅਲੀ ਟਰੈਵਲ ਏਜੰਸੀਆਂ ਮਨੁੱਖੀ ਤਸਕਰੀ ਦੇ ਮੋਹਰੇ ਹਨ।ਵਿਦੇਸ਼ ਜਾਣ ਦੇ ਲਈ ਬੇਤਾਬ ਆਬਾਦੀ ਨੂੰ ਦੂਜੇ ਦੇਸ਼ਾਂ ਵਿੱਚ ਜਾਅਲੀ ਨੌਕਰੀਆਂ ਦੀਆਂ ਪੇਸ਼ਕਸ਼ਾਂ ਦੇ ਨਾਲ, ਏਜੰਸੀਆਂ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਅਤੇ ਦੂਜੇ ਸਿਰੇ 'ਤੇ ਪਹੁੰਚਾਉਣ ਦੇ ਬਦਲੇ ਲੱਖਾਂ ਰੁਪਏ ਲੈਂਦੀਆਂ ਹਨ।ਪਿਛਲੇ ਨਵੰਬਰ ( ਜਦੋਂ ਗੈਰ-ਰਿਹਾਇਸ਼ੀ ਭਾਰਤੀ (ਐਨ.ਆਰ.ਆਈ.) ਆਮ ਤੌਰ 'ਤੇ ਪਰਿਵਾਰਕ ਮੁੜ-ਮਿਲਣ ਦੀ ਬੇਸਬਰੀ ਨਾਲ ਉਡੀਕ ਕਰਨ ਉਪਰੰਤ ਭਾਰਤ ਜਾਂਦੇ ਹਨ), ਇਟਲੀ ਵਿੱਚ ਸੱਤ ਪੰਜਾਬੀ ਪ੍ਰਵਾਸੀਆਂ ਨੇ ਭਾਰਤ ਵਿੱਚ ਜਾਅਲੀ ਟਰੈਵਲ ਏਜੰਟਾਂ ਦੇ ਖਿਲਾਫ ਪ੍ਰਦਰਸ਼ਨ ਦੀ ਅਗਵਾਈ ਕੀਤੀ, ਜੋ ਉਨ੍ਹਾਂ ਨੂੰ ਪੰਜਾਬ ਤੋਂ ਲਾਤੀਨਾ ਸੂਬੇ ਵਿੱਚ ਲੈ ਕੇ ਆਏ ਸਨ।ਬੇਸਹਾਰਾ ਨੌਜਵਾਨਾਂ ਨੇ ਕਾਰਬਿਨਿਏਰੀ (ਪੁਲਿਸ) ਦੀ ਸੂਬਾਈ ਕਮਾਂਡ ਵੱਲ ਮਾਰਚ ਕੀਤਾ ਅਤੇ ਉਸ ਭਿਆਨਕ ਸੁਪਨੇ ਨੂੰ ਸਾਂਝਾ ਕੀਤਾ ਜੋ ਉਹ ਡੌਂਕੀ ਰੂਟ ਜਾਂ ਇਟਲੀ ਦੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਰੂਟ ਤੋਂ ਲੰਘੇ ਸਨ, ਜੋ ਕਿ ਫਰਜ਼ੀ ਟਰੈਵਲ ਏਜੰਟਾਂ ਦੁਆਰਾ ਬਣਾਇਆ ਗਿਆ ਸੀ। ਉਨ੍ਹਾਂ ਨੇ ਇਨ੍ਹਾਂ ਤਸਕਰਾਂ ਨੂੰ ਇਟਲੀ ਜਾਣ ਲਈ 8 ਲੱਖ ਤੋਂ 21 ਲੱਖ ਰੁਪਏ ਦੇ ਕਰੀਬ ਅਦਾ ਕੀਤੇ ਸੀ, ਪਰ ਫਿਰ ਏਜੰਟਾਂ ਨੇ ਇਹਨਾਂ ਨੂੰ ਲਾਤੀਨਾ ਦੇ ਕੀਵੀ ਫਾਰਮਾਂ ਵਿੱਚ ਫਸਾਇਆ ਅਤੇ ਸ਼ੋਸ਼ਣ ਕੀਤਾ।ਇਨ੍ਹਾਂ ਸੱਤ ਵਿਅਕਤੀਆਂ ਦੇ ਵਿਰੋਧ ਦੇ ਬਾਵਜੂਦ, ਪੰਜਾਬ ਭਰ ਦੇ ਹਜ਼ਾਰਾਂ ਨੌਜਵਾਨ ਪਰਵਾਸ ਦੀ ਤਿਆਰੀ ਲਈ ਫੰਡ ਅਤੇ ਦਸਤਾਵੇਜ਼ ਇਕੱਠੇ ਕਰ ਰਹੇ ਹਨ। ਉਨ੍ਹਾਂ ਵਿੱਚੋਂ ਕਈਆਂ ਨੂੰ ਬਾਅਦ ਵਿੱਚ ਪਤਾ ਲੱਗੇਗਾ ਕਿ ਜਿਨ੍ਹਾਂ ਟਰੈਵਲ ਏਜੰਸੀਆਂ 'ਤੇ ਉਨ੍ਹਾਂ ਨੇ ਭਰੋਸਾ ਕੀਤਾ ਸੀ, ਉਨ੍ਹਾਂ ਨੇ ਉਨ੍ਹਾਂ ਨੂੰ ਇਟਲੀ ਦੇ ਡੌਂਕੀ ਵਾਲੇ ਰੂਟਾਂ 'ਤੇ ਵੀ ਬਿਠਾਇਆ ਸੀ।



ਟਰੈਵਲ ਏਜੰਸੀਆਂ ਵਿੱਚ ਵਾਧਾ : ਪੰਜਾਬ ਨਸ਼ਿਆਂ, ਖੇਤੀ ਸੰਕਟ ਅਤੇ ਬੇਰੋਜ਼ਗਾਰੀ ਦੀ ਉੱਚ ਦਰ ਦੇ ਮੁੱਦਿਆਂ ਨਾਲ ਜੂਝ ਰਿਹਾ ਹੈ, ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਰਾਜ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਟਰੈਵਲ ਏਜੰਸੀਆਂ ਦੀ ਸਥਾਪਨਾ ਵਿੱਚ 25% ਤੋਂ 30% ਵਾਧਾ ਹੋਇਆ ਹੈ। ਪੰਜਾਬ ਟਰੈਵਲ ਏਜੰਟਸ ਐਸੋਸੀਏਸ਼ਨ ਦੇ ਪ੍ਰਧਾਨ ਕੁਲਜੀਤ ਸਿੰਘ ਹੇਅਰ ਅਨੁਸਾਰ ਟਰੈਵਲ ਏਜੰਸੀਆਂ ਵਿੱਚ ਵਾਧਾ ਕੈਨੇਡਾ, ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਵਰਗੇ ਦੇਸ਼ਾਂ ਵਿੱਚ ਉਪਲਬਧ ਵਿਦਿਆਰਥੀ ਵੀਜ਼ਾ ਅਤੇ ਵਰਕ ਵੀਜ਼ਾ ਵਿਕਲਪਾਂ ਵਿੱਚ ਵਾਧੇ ਦੇ ਕਾਰਨ ਹੈ ਪਰ ਸੂਬੇ ਵਿੱਚ ਫਰਜ਼ੀ ਟਰੈਵਲ ਏਜੰਸੀਆਂ, ਖਾਸ ਕਰਕੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਇਸ ਤੋਂ ਵੀ ਵੱਡਾ ਉਛਾਲ ਦੇਖਿਆ ਗਿਆ ਹੈ, ਜਿੱਥੇ ਦਲਾਲ ਨੌਜਵਾਨਾਂ ਅਤੇ ਔਰਤਾਂ ਨੂੰ ਰੋਮਾਨੀਆ, ਸਰਬੀਆ, ਮਾਲਟਾ ਅਤੇ ਇੱਥੋਂ ਤੱਕ ਕਿ ਯੁੱਧ ਪ੍ਰਭਾਵਿਤ ਯੂਕਰੇਨ ਵਰਗੇ ਦੇਸ਼ਾਂ ਵਿੱਚ ਭੇਜਦੇ ਹਨ, ਜਿੱਥੇ ਉਹ ਪੱਛਮੀ ਯੂਰਪ ਵਿੱਚ ਡੌਂਕੀ ਰੂਟ 'ਤੇ ਜਾਂਦੇ ਹਨ। ਹੇਅਰ ਨੇ ਕਿਹਾ ਕਿ ਇਹ ਚਿੰਤਾਜਨਕ ਰੁਝਾਨ ਹੈ ਅਤੇ ਇਹ ਪ੍ਰਸ਼ਾਸਨ ਅਤੇ ਪੁਲਿਸ ਦੀ ਨੱਕ ਹੇਠ ਵਧਦਾ-ਫੁੱਲ ਰਿਹਾ ਹੈ।ਪੰਜਾਬ ਸਰਕਾਰ ਦੇ ਅੰਕੜਿਆਂ ਅਨੁਸਾਰ ਸੂਬੇ ਭਰ ਵਿੱਚ 7200 ਤੋਂ ਵੱਧ ਟਰੈਵਲ ਏਜੰਟ ਹਨ। ਪੰਜਾਬ ਟਰੈਵਲ ਏਜੰਟ ਐਸੋਸੀਏਸ਼ਨ ਦੇ ਮੈਂਬਰ ਵਜੋਂ 105 ਰਜਿਸਟਰਡ ਟਰੈਵਲ ਏਜੰਟ ਹਨ, ਜਦਕਿ ਇਕੱਲੇ ਜਲੰਧਰ ਜ਼ਿਲ੍ਹੇ ਵਿੱਚ 1,400 ਤੋਂ ਵੱਧ ਟਰੈਵਲ ਏਜੰਟ ਹਨ।

ਹਰ ਕੋਈ ਨਹੀਂ ਜਾਣਦਾ ਕਿ ਕਿੰਨੀਆਂ ਫਰਜ਼ੀ ਟਰੈਵਲ ਏਜੰਸੀਆਂ ਮੌਜੂਦ ਹਨ ? ਅਤੇ ਉਨ੍ਹਾਂ ਦੇ ਪਿੱਛੇ ਕੌਣ ਲੋਕ ਹੋ ਸਕਦੇ ਹਨ ? ਉਨ੍ਹਾਂ ਨੂੰ ਤਾਂ ਪਤਾ ਹੀ ਹੈ ਕਿ ਇਹ ਏਜੰਸੀਆਂ ਪਿੰਡ-ਪਿੰਡ ਘੁੰਮਦੀਆਂ ਹਨ, ਹਰ ਇੱਕ ਕੋਲ ਥੋੜ੍ਹੇ ਸਮੇਂ ਲਈ ਹੀ ਰਹਿੰਦੀਆਂ ਹਨ।ਹੇਅਰ ਦਾ ਮੰਨਣਾ ਹੈ ਕਿ ਪਿੰਡਾਂ ਵਿੱਚ ਜਾਅਲੀ ਟਰੈਵਲ ਏਜੰਟਾਂ 'ਤੇ ਨਜ਼ਰ ਰੱਖਣ ਦਾ ਇੱਕੋ ਇੱਕ ਤਰੀਕਾ ਹੈ ਪਿੰਡਾਂ ਦੇ ਮੁਖੀਆਂ ਜਾਂ ਸਰਪੰਚਾਂ ਨੂੰ ਸ਼ਾਮਲ ਕਰਨਾ।ਸਰਪੰਚਾਂ ਨੂੰ ਆਪਣੇ ਪਿੰਡਾਂ ਤੋਂ ਚੱਲ ਰਹੇ ਕਿਸੇ ਵੀ ਫਰਜ਼ੀ ਟਰੈਵਲ ਏਜੰਟ ਜਾਂ ਟਾਊਟ ਬਾਰੇ ਪੁਲਿਸ ਨੂੰ ਸੂਚਿਤ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਜਿਹੇ ਗੈਰ-ਕਾਨੂੰਨੀ



ਟਰੈਵਲ ਏਜੰਟ ਦਫਤਰਾਂ ਤੋਂ ਨਹੀਂ, ਘਰਾਂ ਤੋਂ ਕੰਮ ਕਰਦੇ ਹਨ। ਪੰਜਾਬ ਪੁਲਿਸ ਨੂੰ ਪਿੰਡਾਂ ਵਿੱਚ ਵਧੇਰੇ ਕੁਸ਼ਲ ਹੋਣਾ ਚਾਹੀਦਾ ਹੈ।ਇਸ ਦੌਰਾਨ, ਕਿਸੇ ਵੀ ਵਿਅਕਤੀ ਲਈ ਇਹ ਜਾਣਨਾ ਮੁਸ਼ਕਲ ਹੁੰਦਾ ਹੈ ਕਿ ਜਦੋਂ ਉਹ ਵਿਦੇਸ਼ ਜਾਣ ਜਾਂ ਕੰਮ ਕਰਨ ਦੇ ਇਰਾਦੇ ਨਾਲ ਕਿਸੇ ਟਰੈਵਲ ਏਜੰਸੀ 'ਤੇ ਜਾਂਦੇ ਹਨ ਤਾਂ ਉਹ ਕੀ ਪ੍ਰਾਪਤ ਕਰ ਰਹੇ ਹਨ।

ਪੱਤਰਕਾਰਾਂ ਵੱਲੋਂ ਸਰਵੇਖਣ : ਜ਼ਮੀਨੀ ਸਥਿਤੀ ਨੂੰ ਸਮਝਣ ਲਈ ਭਾਰਤ ਦੀ 'ਦਿ ਵਾਇਰ' ਅਤੇ ਇਟਲੀ ਦੇ 'ਇਰਪੀ ਮੀਡੀਆ' ਦੇ ਪੱਤਰਕਾਰ ਛੇ ਟਰੈਵਲ ਏਜੰਸੀਆਂ ਕੋਲ ਗਏ ਅਤੇ ਜਲੰਧਰ ਅਤੇ ਫਗਵਾੜਾ ਵਿੱਚ ਟਰੈਵਲ ਏਜੰਟਾਂ ਦੇ ਇੱਕ ਕਰਾਸ ਸੈਕਸ਼ਨ ਨਾਲ ਗੱਲ ਕੀਤੀ, ਉਥੇ ਉਹਨਾਂ ਨੇ ਆਪਣੇ ਆਪ ਨੂੰ ਸੰਭਾਵੀ ਪਰਵਾਸੀਆਂ ਦੇ ਰਿਸ਼ਤੇਦਾਰਾਂ ਵਜੋਂ ਪੇਸ਼ ਕੀਤਾ।

ਮਾਲਟੀਜ਼ ਰੂਟ : ਜਲੰਧਰ ਦੀ ਇੱਕ ਛੋਟੀ ਟਰੈਵਲ ਏਜੰਸੀ ਵਿੱਚ ਇੱਕ ਸਲਾਹਕਾਰ ਨੇ ਇਹਨਾਂ ਪੱਤਰਕਾਰਾਂ ਨੂੰ ਸਮਝਾਇਆ ਕਿ ਜੇਕਰ ਕੋਈ ਵਿਅਕਤੀ ਇਟਲੀ ਜਾਣਾ ਚਾਹੁੰਦਾ ਹੈ ਤਾਂ ਉਸਨੂੰ ਪਹਿਲਾਂ ਮੈਡੀਟੇਰੀਅਨ ਸਾਗਰ ਵਿੱਚ ਇੱਕ ਟਾਪੂ ਦੇਸ਼ ਮਾਲਟਾ ਲਈ ਵਰਕ ਵੀਜ਼ਾ ਲਈ ਅਪਲਾਈ ਕਰਨਾ ਚਾਹੀਦਾ ਹੈ।ਸ਼ੈਂਗੇਨ ਵਰਕ ਪਰਮਿਟ, ਯੂਰਪੀਅਨ ਯੂਨੀਅਨ (ਈਯੂ) ਦੇ ਸਾਰੇ ਦੇਸ਼ਾਂ ਵਿੱਚ ਵੈਧ ਹੈ, ਫਿਰ ਇਟਲੀ ਵਿੱਚ ਦਾਖਲਾ ਯਕੀਨੀ ਬਣਾਏਗਾ। ਸਲਾਹਕਾਰ ਨੇ ਕਿਹਾ ਕਿ ਅਗਲੇ ਤਿੰਨ ਸਾਲਾਂ ਲਈ ਇਟਲੀ ਵਿੱਚ ਆਉਣ ਦਾ ਕੋਈ ਹੋਰ ਕਾਨੂੰਨੀ ਤਰੀਕਾ ਨਹੀਂ ਹੈ। ਉਸਨੇ ਕਿਹਾ ਕਿ ਇਟਲੀ ਦਾ ਵੀਜ਼ਾ ਉਪਲਬਧ ਨਹੀਂ ਹੈ।ਸਲਾਹਕਾਰ ਦੇ ਅਨੁਸਾਰ ਟਰੈਵਲ ਏਜੰਸੀ ਦੇ ਮਾਲਟਾ ਵਿੱਚ ਕੰਪਨੀਆਂ ਨਾਲ ਇਕਰਾਰਨਾਮੇ ਸਨ, ਜੋ ਡਿਲੀਵਰੀ ਮੈਨ, ਉਸਾਰੀ ਕਾਮੇ, ਮਿਸਤਰੀ, ਪਲੰਬਰ, ਵੈਲਡਰ, ਇਲੈਕਟ੍ਰੀਸ਼ੀਅਨ, ਸ਼ਟਰਿੰਗ ਕਾਰਪੇਂਟਰ ਅਤੇ ਮਹਿਲਾ ਕਲੀਨਰ ਦੀ ਭਾਲ ਕਰ ਰਹੇ ਸਨ, ਹਰ ਇੱਕ ਨੂੰ 1,000 ਤੋਂ 1,500 ਯੂਰੋ (ਰੁਪਏ) ਦੀ ਤਨਖਾਹ ਦੀ ਪੇਸ਼ਕਸ਼ ਕੀਤੀ ਜਾਂਦੀ ਸੀ।ਉਸਨੇ ਕਿਹਾ ਕਿ ਲੱਖ ਤੋਂ 1.5 ਲੱਖ), ਕਮਿਸ਼ਨ, ਭੋਜਨ ਅਤੇ ਰਿਹਾਇਸ਼ ਸਮੇਤ। 18 ਤੋਂ 45 ਸਾਲ ਦੀ ਉਮਰ ਦੇ ਲੋਕ ਅਪਲਾਈ ਕਰਨ ਦੇ ਯੋਗ ਹਨ।

ਇਹ ਪੁੱਛੇ ਜਾਣ 'ਤੇ ਕਿ ਕੀ ਮਾਲਟੀਜ਼ ਕੰਪਨੀਆਂ, ਵਰਕ ਪਰਮਿਟ ਅਤੇ ਨੌਕਰੀਆਂ ਸਭ ਕਾਨੂੰਨੀ ਹਨ, ਸਲਾਹਕਾਰ ਨੇ ਕਿਹਾ ਕਿ ਸਭ ਕੁਝ ਕਾਨੂੰਨੀ ਹੈ। ਬਿਨੈਕਾਰਾਂ ਦੇ ਕੇਸ ਵੀਜ਼ਾ ਸਹੂਲਤ ਦਫ਼ਤਰ ਨੂੰ ਭੇਜੇ ਜਾਂਦੇ ਹਨ। ਅਸੀਂ ਬਿਨੈਕਾਰ ਦੇ ਦਸਤਾਵੇਜ਼ ਲੈ ਲੈਂਦੇ ਹਾਂ ਅਤੇ 40 ਦਿਨਾਂ ਦੇ ਅੰਦਰ, ਮਾਲਟੀਜ਼ ਸ਼ਹਿਰ ਜਾਂ ਕੰਪਨੀ ਸੱਦਾ, ਕੰਮ ਦਾ ਵੀਜ਼ਾ ਅਤੇ ਨਿਯੁਕਤੀ ਪੱਤਰ ਜਾਰੀ ਕਰਦੀ ਹੈ।ਹਾਲਾਂਕਿ ਮਾਲਟਾ ਜਾਣ ਲਈ ਬਿਨੈਕਾਰ ਨੂੰ 8.5 ਲੱਖ ਰੁਪਏ ਖਰਚ ਕਰਨੇ ਪੈਣਗੇ। ਸਲਾਹਕਾਰ ਨੇ ਕਿਹਾ ਕਿ ਇਹ ਦੋ ਸਾਲਾਂ ਦਾ ਇਕਰਾਰਨਾਮਾ ਹੋਵੇਗਾ ਅਤੇ ਬਿਨੈਕਾਰ ਦੀ ਫਾਈਲ ਤਿਆਰ ਕਰਨ ਤੋਂ ਬਾਅਦ, ਗਾਹਕ ਖੁਦ ਇਸ ਨੂੰ ਦੂਤਾਵਾਸ ਨੂੰ ਜਮ੍ਹਾ ਕਰ ਦੇਵੇਗਾ। ਉਹਨਾਂ ਕਿਹਾ ਕਿ ਐਡਵਾਂਸ 1 ਲੱਖ ਦੇਣੇ ਪੈਣਗੇ, ਬਾਕੀ ਰਕਮ ਬਾਅਦ ਵਿੱਚ ਅਦਾ ਕੀਤੀ ਜਾ ਸਕਦੀ ਹੈ।ਮਾਲਟਾ ਵੀਜ਼ਾ ਦੀ ਸਫਲਤਾ ਦਰ ਨੂੰ ਸਾਬਤ ਕਰਨ ਲਈ, ਸਲਾਹਕਾਰ ਨੇ ਇੱਕ ਛੋਟੇ ਬੋਰਡ ਵੱਲ ਇਸ਼ਾਰਾ ਕੀਤਾ ਜਿੱਥੇ ਸਫਲ ਬਿਨੈਕਾਰਾਂ ਦੇ ਪਾਸਪੋਰਟਾਂ ਦੀਆਂ ਫੋਟੋ ਕਾਪੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ।ਉਸਨੇ ਕਿਹਾ ਕਿ ਅਸੀਂ ਲਗਭਗ ਹਰ ਡੇਢ ਮਹੀਨੇ ਲੜਕਿਆਂ ਨੂੰ ਮਾਲਟਾ ਭੇਜਦੇ ਹਾਂ।

**ਬਾਲਕਨ ਡੌਂਕੀ ਰੂਟ :**

ਰੋਮਾਨੀਆ ਅਤੇ ਸਰਬੀਆ, ਇਟਲੀ ਦੇ ਦੋ ਪ੍ਰਮੁੱਖ ਡੌਂਕੀ ਮਾਰਗਾਂ ਦੇ ਸ਼ੁਰੂਆਤੀ ਬਿੰਦੂ ਹਨ। ਇਟਲੀ ਵਿੱਚ ਬਹੁਤ ਸਾਰੇ ਗੈਰ-ਕਾਨੂੰਨੀ ਪੰਜਾਬੀ ਪ੍ਰਵਾਸੀਆਂ ਨੇ ਪੰਜਾਬ ਦੇ ਟਰੈਵਲ ਏਜੰਟਾਂ ਦੀ ਬਦੌਲਤ ਰੋਮਾਨੀਆ ਤੋਂ ਇਟਲੀ ਦੀ ਆਪਣੀ ਯਾਤਰਾ ਸ਼ੁਰੂ ਕਰ ਦਿੱਤੀ ਹੈ।ਜਲੰਧਰ ਵਿੱਚ, ਇੱਕ ਆਲੀਸ਼ਾਨ ਦਫਤਰ ਵਿੱਚ, ਇੱਕ ਟਰੈਵਲ ਏਜੰਟ ਨੇ ਕਿਹਾ ਕਿ ਵਰਕ ਵੀਜ਼ੇ 'ਤੇ ਰੋਮਾਨੀਆ ਜਾਣਾ ਕਿਸੇ ਵਿਅਕਤੀ ਲਈ ਕਾਨੂੰਨੀ ਤੌਰ 'ਤੇ ਇਟਲੀ ਵਿੱਚ ਦਾਖਲ ਹੋਣ ਦਾ ਸਭ ਤੋਂ ਵਧੀਆ ਤਰੀਕਾ ਹੋਵੇਗਾ। ਏਜੰਟ ਨੇ ਕਿਹਾ ਕਿ ਸਾਡਾ ਕੰਮ ਸੱਚਾ ਹੈ।ਅਸੀਂ ਡੌਂਕੀ ਦੇ ਰਸਤੇ ਦੇ ਮਾਮਲਿਆਂ ਨਾਲ ਨਜਿੱਠਦੇ ਨਹੀਂ ਹਾਂ।ਜਦੋਂ ਰੋਮਾਨੀਆ ਵਿੱਚ ਉਪਲਬਧ ਕੰਪਨੀਆਂ ਅਤੇ ਨੌਕਰੀਆਂ ਬਾਰੇ ਪੁੱਛਿਆ ਗਿਆ, ਤਾਂ ਏਜੰਟ ਨੇ ਪੁੱਛਗਿੱਛ ਨੂੰ ਟਾਲ ਦਿੱਤਾ। ਉਸਨੇ ਕਿਹਾ ਕਿ ਉਪਲਬਧ ਨੌਕਰੀਆਂ ਰੋਮਾਨੀਆ ਵਿੱਚ ਮੰਗ 'ਤੇ ਨਿਰਭਰ ਕਰਦੀਆਂ ਹਨ। ਉਸਨੇ ਅੱਗੇ ਕਿਹਾ ਕਿ ਪ੍ਰਵਾਸੀ ਜ਼ਿਆਦਾਤਰ ਸੁਪਰਮਾਰਕੀਟਾਂ ਅਤੇ ਪਲਾਸਟਿਕ ਅਤੇ ਇਲੈਕਟ੍ਰਾਨਿਕਸ ਫੈਕਟਰੀਆਂ ਵਿੱਚ ਕੰਮ ਕਰਨਗੇ।

ਬਾਅਦ ਵਿੱਚ, ਪਤਾ ਲੱਗਾ ਕਿ ਇਹ ਏਜੰਸੀ ਆਮ ਤੌਰ 'ਤੇ 550 ਡਾਲਰ ਪ੍ਰਤੀ ਮਹੀਨਾ ਦੀ ਤਨਖਾਹ 'ਤੇ ਫਰਨੀਚਰ ਤਰਖਾਣ, ਮਿਸਤਰੀ, ਸਟੀਲ ਫਿਕਸਰਾਂ ਅਤੇ ਪਲਾਸਟਰ ਮਿਸਤਰੀ ਦੇ ਅਹੁਦਿਆਂ ਲਈ ਨੌਜਵਾਨਾਂ ਨੂੰ ਨੌਕਰੀ 'ਤੇ ਰੱਖਦੀ ਹੈ। ਨੌਜਵਾਨ ਔਰਤਾਂ ਨੂੰ 429 ਡਾਲਰ ਦੀ ਤਨਖ਼ਾਹ ਲਈ ਟੇਲਰਿੰਗ ਯੂ.ਐਸ.ਡੀ. ਏ.ਏ.ਜੀ. ਸ਼ਾਮਲ ਸਨ।ਏਜੰਟ ਨੇ ਕਰੋਸ਼ੀਆ ਵਿੱਚ ਨੌਕਰੀਆਂ ਦੀ ਸਿਫਾਰਸ਼ ਵੀ ਕੀਤੀ। ਫਰਨੀਚਰ ਤਰਖਾਣ ਅਤੇ ਇੱਟਾਂ ਅਤੇ ਟਾਈਲਾਂ ਦੇ ਮਿਸਤਰੀ ਲਈ ਯੂ.ਐਸ.ਡੀ. ਜੀ.ਈ. ਦੀ ਤਨਖਾਹ 'ਤੇ ਦੋ ਸਾਲਾਂ ਦਾ ਵਰਕ ਵੀਜ਼ਾ ਉਪਲਬਧ ਸੀ। ਬਿਨੈਕਾਰਾਂ ਨੂੰ ਇੱਕ ਛੋਟੀ ਜਿਹੀ ਵੀਡੀਓ ਵਿੱਚ ਆਪਣੇ ਮਾਲਕਾਂ ਨਾਲ ਜਾਣ-ਪਛਾਣ ਕਰਾਉਣੀ ਚਾਹੀਦੀ ਸੀ।ਏਜੰਟ ਨੇ ਕਿਹਾ ਕਿ ਮੇਰੇ ਪਿੰਡ ਦੀਆਂ ਬਹੁਤ ਸਾਰੀਆਂ ਕੁੜੀਆਂ ਅਤੇ ਮੁੰਡੇ ਰੋਮਾਨੀਆ ਚਲੇ ਗਏ ਹਨ।

(ਚਲਦਾ)

ਦਰਪਣ ਝੂਠ ਨਹੀਂ ਬੋਲਦਾ

# ਐਨ.ਸੀ.ਆਰ.ਟੀ. ਦੇ ਤਾਜ਼ਾ ਬਦਲਾਅ ਕਾਰਨ ਮੁ.ਗਲ ਇਤਿਹਾਸ ਦੇ ਖ਼ਾਰਜ ਹੋਣ ਨਾਲ ਸਿੱਖ ਇਤਿਹਾਸ ਵੀ ਹੋਵੇਗਾ .ਗਾਇਬ

## ਭਾਜਪਾ ਦੇ ਫ਼ਿਰਕੂ ਏਜੰਡੇ ਵਿਰੁੱਧ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਜ਼ਿੰਮੇਵਾਰੀ ਨਿਭਾਉਣ

ਨੈਸ਼ਨਲ ਕਾਉਂਸਲਿੰਗ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐਨਸੀਈਆਰਟੀ) ਨੇ 12ਵੀ ਜਮਾਤ ਅਤੇ ਦੂਜੀਆਂ ਜਮਾਤਾਂ ਦੀਆਂ ਵੀ ਇਤਿਹਾਸ ਦੀਆਂ ਪਾਠ ਪੁਸਤਕਾਂ ਵਿੱਚ ਪੂਰੇ ਦੇ ਪੂਰੇ ਚੈਪਟਰ ਹਟਾਉਣ ਅਤੇ ਦੂਜੀਆਂ ਪਾਠ ਪੁਸਤਕਾਂ ਵਿਚੋਂ ਵੇਰਵਿਆਂ ਨੂੰ ਕੱਟਣ ਦਾ ਹਾਲ ਹੀ ਵਿੱਚ ਜੋ ਫ਼ੈਸਲਾ ਲਿਆ ਗਿਆ ਹੈ, ਉਹ ਸਿੱਖ ਪੰਥ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ। ਮਹਾਮਾਰੀ ਅਤੇ ਬਿਨਾ ਸੋਚੇ-ਸਮਝੇ ਲਾਏ ਗਏ ਲਾਕਡਾਊਨਾਂ ਦੀ ਔਜਾਰ ਦੇ ਤੌਰ 'ਤੇ ਵਰਤੋਂ ਕਰਦਿਆਂ ਸਿਲੇਬਸ ਨੂੰ ਹਲਕਾ ਕਰਨ ਦਾ ਬਹਾਨਾ ਮਾਰਦਿਆਂ ਐਨਸੀਈਆਰਟੀ ਨੇ ਸਕੂਲਾਂ ਦੀਆਂ ਛੇਵੀਂ ਤੋਂ ਬਾਹਰਵੀਂ ਜਮਾਤ ਤੱਕ ਦੀਆਂ ਸਮਾਜ ਵਿਗਿਆਨ, ਇਤਿਹਾਸ, ਰਾਜਨੀਤੀ ਸ਼ਾਸਤਰ ਦੀਆਂ ਪਾਠ ਪੁਸਤਕਾਂ ਵਿਚੋਂ ਮੁ.ਗਲ ਦਰਬਾਰਾਂ ਦੇ ਇਤਿਹਾਸ, ਗੁਜਰਾਤ




ਵਿੱਚ 2022 ਦੇ ਫ਼ਿਰਕੂ ਦੰਗੇ, ਐਮਰਜੈਂਸੀ ਅਤੇ ਦਲਿਤ ਲੇਖਕਾਂ, ਨਕਸਲਵਾਦੀ ਅੰਦੋਲਨ ਅਤੇ ਬਰਾਬਰੀ ਲਈ ਸੰਘਰਸ਼ਾਂ ਵਰਗੇ ਵਿਸ਼ਿਆਂ ਨੂੰ ਹਟਾਉਣ ਦੀ ਵਿਵਾਦਿਤ ਫ਼ਿਰਕੂ ਪ੍ਰਕਿਰਿਆ ਸ਼ੁਰੂ ਕੀਤੀ ਸੀ।

ਇਸ ਦੇ ਪ੍ਰਕਾਸ਼ ਵਿਚੋਂ ਇਹ ਡੂੰਘੀ ਅਤੇ ਪਰੇਸ਼ਾਨ ਕਰਨ ਵਾਲੀ ਗੱਲ ਹੈ ਕਿ 12ਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਦੇ ਭਾਗ-2 ਵਿਚੋਂ ਮੁ.ਗਲਾਂ 'ਤੇ ਇੱਕ ਅਧਿਆਏ ਨੂੰ ਹਟਾ ਦਿੱਤਾ ਗਿਆ ਹੈ। ਭਾਗ-3 ਵਿਚੋਂ, ਆਧੁਨਿਕ ਭਾਰਤੀ ਇਤਿਹਾਸ ਨਾਲ ਸੰਬੰਧਤ ਦੋ ਅਧਿਆਏ ਹਟਾ ਦਿੱਤੇ ਗਏ ਹਨ। ਇਸ ਸਿਲਸਿਲੇ ਵਿੱਚ ਇਨ੍ਹਾਂ ਪਾਠ ਪੁਸਤਕਾਂ ਨੂੰ ਤਿਆਰ ਕਰਨ ਵਾਲੀਆਂ ਟੀਮਾਂ ਦੇ ਮੈਂਬਰਾਂ ਨਾਲ ਸਲਾਹ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ਹੈ। ਇਨ੍ਹਾਂ ਟੀਮਾਂ ਵਿਚ ਐਨਸੀਈਆਰਟੀ ਦੇ ਮੈਂਬਰਾਂ ਤੋਂ ਇਲਾਵਾ ਇਤਿਹਾਸਕਾਰ ਅਤੇ ਸਕੂਲੀ ਅਧਿਆਪਕ ਵੀ ਸ਼ਾਮਿਲ ਸਨ।

ਇਤਿਹਾਸ ਦੀ ਪਾਠ-ਪੁਸਤਕ ਦੇ ਭਾਗ-2 ਵਿਚੋਂ, ਕਿੰਗਸ ਐਂਡ ਕ੍ਰਾਨਿਕਲਸ: 'ਦ ਮੁ.ਗਲ ਕੋਰਟਸ' ਸਿਰਲੇਖ ਵਾਲਾ ਪਾਠ ਕੱਢ ਦਿੱਤਾ ਗਿਆ ਹੈ। ਜਦੋਂ ਕਿ ਵਿਜੈਨਗਰ ਸਾਮਰਾਜ 'ਤੇ ਪਾਠ ਨਹੀਂ ਕੱਢਿਆ ਗਿਆ। ਇਸ ਪਾਠ ਨੂੰ ਹਟਾਇਆ ਜਾਣਾ ਕੱਟੜ ਫਿਰਕਾਪ੍ਰਸਤ ਮਨੋਰਥਾਂ ਨੂੰ ਉਜਾਗਰ ਕਰਦਾ ਹੈ ਜੋ ਕਿ ਭਾਰਤ ਦੇ ਅਤੀਤ ਦੇ ਸੰਬੰਧ 'ਚ ਇਸ ਗਲਤ ਧਾਰਨਾ ਦੇ ਆਧਾਰਿਤ ਹੈ ਕਿ ਸ਼ਾਸਕਾਂ ਦਾ ਧਰਮ ਹੀ, ਉਸ ਦੌਰ ਵਿਚ ਮੁੱਖ ਧਰਮ ਸੀ।

ਇਹ ਸਿੱਖ ਚਿੰਤਕਾਂ, ਜਥੇਦਾਰ ਅਕਾਲ ਤਖ਼ਤ ਸਾਹਿਬ , ਸ਼੍ਰੋਮਣੀ ਕਮੇਟੀ ਲਈ ਵੀ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਸਿੱਖ ਇਤਿਹਾਸ ਤੇ ਮੁ.ਗਲ ਕਾਲ ਨਾਲ-ਨਾਲ ਚਲਦੇ ਹਨ। ਗੁਰੂ ਸਾਹਿਬਾਨ ਦਾ ਅੰਦੋਲਨ ਮੁ.ਗਲ ਸਟੇਟ ਤੇ ਅਨਿਆਂ ਖ਼ਿਲਾ.ਫ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਾ ਸਮਾਂ ਤੇ ਇਤਿਹਾਸ ਬਾਬਰ ਤੋਂ ਲੈ ਕੇ ਬਹਾਦਰ ਸ਼ਾਹ ਤੱਕ ਨਾਲ-ਨਾਲ ਹੀ ਚੱਲਿਆ ਹੈ। ਫਿਰ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸਿੱਖ ਮਿਸਲਾਂ ਦਾ ਇਤਿਹਾਸ ਵੀ ਅੰਗਰੇਜ਼ਾਂ ਦੇ ਕਾਬਜ਼ ਹੋਣ ਤੱਕ ਮੁ.ਗਲਾਂ ਦੇ ਇਤਿਹਾਸ ਦੇ ਸਮਾਨਅੰਤਰ ਚੱਲਿਆ ਹੈ। ਇਸ ਵਿੱਚ ਦਿੱਲੀ ਫ਼ਤਹਿ ਅਤੇ ਦਿੱਲੀ 'ਤੇ ਸਿੱਖਾਂ ਦੇ ਹਮਲਿਆਂ ਅਤੇ ਜਿੱਤਾਂ ਦਾ ਜ਼ਿਕਰ ਵੀ ਜ਼ਰੂਰੀ ਹੈ। ਇਸ ਲਈ ਜੇਕਰ ਸਕੂਲਾਂ, ਕਾਲਜਾਂ ਦੀਆਂ ਕਿਤਾਬਾਂ ਵਿਚੋਂ ਮੁ.ਗਲ ਕਾਲ ਦਾ ਇਤਿਹਾਸ ਮਨ.ਫੀ ਕੀਤਾ ਜਾਂਦਾ ਹੈ ਤਾਂ ਡਰ ਹੈ ਕਿ ਕਿਤੇ ਸਿੱਖ ਇਤਿਹਾਸ ਵੀ ਮਨ.ਫੀ ਨਾ ਹੋ ਜਾਵੇ। ਇਸ ਲਈ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਨੂੰ ਸਿੱਖ ਨੁਕਤਾ-ਨਿਗਾਹ ਨਾਲ ਵਾਚਣ ਲਈ ਉਥਚ ਕੋਟੀ ਦੇ ਸਿੱਖ ਵਿੱਦਿਅਕ ਮਾਹਿਰਾਂ ਦੀ ਇਕ ਕਮੇਟੀ ਬਣਾਵੇ ਜੋ ਸਿਰ.ਫ ਇਕ ਹ.ਫਤੇ ਵਿੱਚ ਕਿਤਾਬਾਂ ਵਿੱਚ ਹੋਈਆਂ ਤਬਦੀਲੀਆਂ ਨੂੰ ਸਿੱਖ ਇਤਿਹਾਸ ਦੇ ਨੁਕਤਾ-ਨਿਗਾਹ ਤੋਂ ਵਿਚਾਰ ਕੇ ਰਿਪੋਰਟ ਦੇਵੇ। ਫਿਰ ਅਕਾਲ ਤਖ਼ਤ ਸਾਹਿਬ ਸ਼੍ਰੋਮਣੀ ਕਮੇਟੀ ਇਸ ਸਥਿਤੀ ਨਾਲ ਨਿਪਟਣ ਲਈ ਅਸਰਦਾਰ ਕਾਰਵਾਈ ਕਰੇ। ਕਿਤੇ ਅਜਿਹਾ ਨਾ ਹੋਵੇ ਕਿ ਸਿੱਖ ਇਤਿਹਾਸ ਦਾ ਵਡਮੁੱਲਾ ਹਿੱਸਾ ਸਮੇਂ ਦੀ ਧੂੜ ਵਿਚ ਗਵਾਚ ਜਾਵੇ। ਐਨਸੀਈਆਰਟੀ ਦਾ ਫ਼ੈਸਲਾ, ਵੰਡਪਾਊਤੇ ਹਿੰਦੂ ਰਾਸ਼ਟਰਵਾਦੀ ਮਨਸੂਬਿਆਂ ਦੁਆਰਾ ਪ੍ਰੇਰਿਤ ਹੈ।

## ਕੇਂਦਰ ਦੀ ਘੁਰਕੀ ਕਾਰਨ ਪੰਜਾਬ ਤੋਂ ਪਾਣੀ ਦਾ ਟੈਕਸ ਨਹੀਂ ਵਸੂਲ ਸਕੇਗਾ ਹਿਮਾਚਲ

ਪੰਜਾਬ ਅਤੇ ਹਰਿਆਣਾ ਤੋਂ ਹਿਮਾਚਲ ਪ੍ਰਦੇਸ਼ ਵੱਲੋਂ ਵਾਟਰ ਸੈਸ ਵਸੂਲਣ ਦੇ ਲਈ ਆਰਡੀਨੈਂਸ ਲਿਆਂਦਾ ਗਿਆ ਸੀ। ਪਰ ਕੇਂਦਰ ਸਰਕਾਰ ਨੇ ਪੱਤਰ ਜਾਰੀ ਕਰਕੇ ਹਿਮਾਚਲ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਉਨ੍ਹਾਂ ਨੇ ਵਾਟਰ ਸੈਸ ਲਗਾਇਆ ਤਾਂ ਸਾਰੀਆਂ ਗਰਾਂਟ ਰੋਕ ਦਿੱਤੀ ਜਾਣਗੀਆਂ । ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ ਨੇ ਕੇਂਦਰ ਦੇ ਫੈਸਲੇ ਦੀ ਪੁਸ਼ਟੀ ਕੀਤੀ ਹੈ।ਕੇਂਦਰ ਸਰਕਾਰ ਵੱਲੋਂ ਹਿਮਾਚਲ ਨੂੰ ਭੇਜੀ ਗਈ ਚਿੱਠੀ ਵਿੱਚ ਲਿਖਿਆ ਹੈ ਕਿ ਤੁਸੀਂ ਕਿਸੇ ਵੀ ਅੰਤਰਰਾਜੀ ਸਮਝੌਤੇ ਦਾ ਉਲੰਘਣ ਨਹੀਂ ਕਰ ਸਕਦੇ ਹੋ, ਨਾ ਹੀ ਕਿਸੇ ਵੀ ਤਰ੍ਹਾਂ ਦਾ ਵਾਟਰ ਸੈਸ ਨਹੀਂ ਲਗਾ ਸਕਦੇ ਹੋ। ਜੇਕਰ ਹਿਮਾਚਲ ਨੇ ਅਜਿਹਾ ਕੀਤਾ ਤਾਂ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਣ ਵਾਲੇ ਫ਼ੰਡ ਕੇਂਦਰ ਸਰਕਾਰ ਰੋਕ ਦੇਵੇਗਾ । ਹਾਲਾਂਕਿ ਕੇਂਦਰ ਦੀ ਚਿੱਠੀ ਨੂੰ ਲੈ ਕੇ ਹਿਮਾਚਲ ਸਰਕਾਰ ਦਾ ਕੋਈ ਬਿਆਨ ਨਹੀਂ ਆਇਆ ਹੈ । ਯਾਦ ਰਹੇ ਕਿ ਮਾੜੀ ਮਾਲੀ ਹਾਲਤ ਤੋਂ ਪਰੇਸ਼ਾਨ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਸਰਕਾਰ ਨੇ ਪਨ ਬਿਜਲੀ ਉਤਪਾਦਨ 'ਤੇ ਵਾਟਰ ਸੈਬਸ ਲਾਗੂ ਕੀਤਾ ਸੀ। ਸੈਬਸ ਲਗਾਉਣ ਵੇਲੇ ਗੁਆਂਢੀ ਸੂਬੇ ਉਤਰਾਖੰਡ ਅਤੇ ਜੰਮੂ-ਕਸ਼ਮੀਰ ਦਾ ਹਵਾਲਾ (ਬਾਕੀ ਸ.ਫਾ 31 'ਤੇ)

## ਇਤਿਹਾਸ ਦੇ ਅਹਿਮ ਅਧਿਆਏ ਦਾ 'ਹੀਰੋ' ਕਿਉਂ ਨਹੀਂ ਬਣ ਸਕਿਆ ਸੱਤਿਆਪਾਲ ਮਲਿਕ !

ਆਜ਼ਾਦੀ ਤੋਂ ਬਾਅਦ ਕਈ ਅਜਿਹੇ ਮੌਕੇ ਆਏ ਜਦੋਂ ਕੁਝ ਆਗੂ ਸਹੀ ਸਮੇਂ 'ਤੇ ਸਹੀ ਕਦਮ ਚੁੱਕ ਕੇ 'ਹੀਰੋ' ਬਣ ਗਏ ਅਤੇ ਜੋ ਅਜਿਹਾ ਨਹੀਂ ਕਰ ਸਕੇ ਉਹ ਇਤਿਹਾਸ ਦੇ 'ਨਾਇਕ' ਨਹੀਂ ਬਣ ਸਕੇ। ਸ੍ਰੀ ਸਤਿਆਪਾਲ ਮਲਿਕ ਨਾਲ ਵੀ ਅਜਿਹਾ ਹੀ ਹੋਇਆ, ਉਹ ਸਹੀ ਸਮੇਂ 'ਤੇ ਸਹੀ ਪਹਿਲਕਦਮੀ ਕਰਨ ਤੋਂ ਖੁੰਝ ਗਿਆ ! ਪਰ 'ਦ ਵਾਇਰ' ਦੀ ਮਸ਼ਹੂਰ ਇੰਟਰਵਿਊ ਉਸ ਨੂੰ ਇਤਿਹਾਸ ਦੇ ਇੱਕ ਵਿਸ਼ੇਸ਼ ਅਧਿਆਏ ਦੀ ਸੰਦਰਭ ਸੂਚੀ ਵਿੱਚ ਜ਼ਰੂਰ ਦਰਜ ਕਰੇਗੀ।ਇੱਕ ਵਿਸ਼ੇਸ਼ ਫਾਈਲ ਅਤੇ ਇੱਕ ਕਾਰਪੋਰੇਟ ਘਰਾਣੇ ਤੋਂ ਸੱਤਾਧਾਰੀ ਪਾਰਟੀ ਦੇ ਇੱਕ ਨੇਤਾ ਰਾਹੀਂ ਕਥਿਤ ਰਿਸ਼ਵਤ-ਪੇਸ਼ਕਸ਼ ਦਾ ਸੰਦਰਭ ਮਾਰਚ 2019 ਵਿੱਚ ਸਾਹਮਣੇ ਆਇਆ ਸੀ, ਪਰ ਇਸਦੇ ਸਾਰੇ ਪਹਿਲੂਆਂ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। ਫਿਰ ਸੀਬੀਆਈ ਦੀ ਜਾਂਚ ਕਾਰਨ ਇਹ ਮਾਮਲਾ ਸਾਹਮਣੇ ਆਇਆ। ਇਹ ਵੱਖਰੀ ਗੱਲ ਹੈ ਕਿ ਅੱਜ ਤੱਕ ਉਪਰੋਕਤ ਮਾਮਲੇ ਵਿੱਚ ਕੁਝ ਨਹੀਂ ਹੋਇਆ। ਜ਼ਰਾ ਸੋਚੋ, ਫਰਵਰੀ-ਮਾਰਚ



2019 ਵਿੱਚ ਹੀ ਜੇਕਰ ਮਲਿਕ ਨੇ ਰਾਜਪਾਲ ਦਾ ਅਹੁਦਾ ਛੱਡ ਕੇ ਜਾਂ ਕੇਂਦਰ ਵੱਲੋਂ ਬਰਖਾਸਤ ਕੀਤੇ ਜਾਣ ਦੀ ਸੂਰਤ ਵਿੱਚ ਕੋਈ ਵੱਡੀ ਮੁਹਿੰਮ ਸ਼ੁਰੂ ਕਰ ਦਿੱਤੀ ਹੁੰਦੀ ਤਾਂ ਕੌਮੀ ਸਿਆਸਤ ਵਿੱਚ ਭੂਚਾਲ ਆ ਜਾਣਾ ਸੀ। ਇਹ ਸੰਭਵ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਦਾ ਨਤੀਜਾ ਕੁਝ ਹੋਰ ਹੁੰਦਾ !

ਇਹ ਸੱਚ ਹੈ ਕਿ ਮਲਿਕ ਸਾਹਿਬ ਨੇ ਸਮੇਂ-ਸਮੇਂ 'ਤੇ ਕੁਝ ਅਜਿਹੇ ਬਿਆਨ ਦਿੱਤੇ ਜੋ ਮੋਦੀ ਸਰਕਾਰ ਨੂੰ ਪਰੇਸ਼ਾਨ ਕਰ ਰਹੇ ਸਨ। ਕਿਸਾਨ ਅੰਦੋਲਨ ਨਾਲ ਜੁੜੇ ਮੁੱਦਿਆਂ 'ਤੇ ਉਨ੍ਹਾਂ ਦੇ ਬਿਆਨਾਂ ਨੇ ਯਕੀਨੀ ਤੌਰ 'ਤੇ ਮੋਦੀ ਸਰਕਾਰ ਨੂੰ ਥੋੜ੍ਹਾ ਪਰੇਸ਼ਾਨ ਕੀਤਾ ਹੈ। ਪਰ ਇਸ ਨੇ ਬਹੁਤ ਕੁਝ ਨਹੀਂ ਕੀਤਾ ! ਜੇਕਰ ਮਲਿਕ ਚਾਹੁੰਦਾ ਤਾਂ ਪੁਲਵਾਮਾ ਕਾਂਡ ਦਾ ਮਾਮਲਾ ਬਹੁਤ ਵੱਡਾ ਹੋ ਸਕਦਾ ਸੀ। ਉਹ ਸਰਕਾਰ ਨੂੰ ਹਿਲਾ ਸਕਦਾ ਹੈ। ਕਿਉਂਕਿ ਉਸ ਸਮੇਂ ਵੀ ਸਮਾਜ ਦੇ ਮੁਕਾਬਲਤਨ ਸਮਝਦਾਰ ਅਤੇ ਪੜ੍ਹੇ-ਲਿਖੇ ਲੋਕਾਂ ਦੇ ਮਨਾਂ ਵਿੱਚ ਪੁਲਵਾਮਾ ਕਾਂਡ ਨੂੰ ਲੈ ਕੇ ਸ਼ੰਕੇ ਅਤੇ ਸਵਾਲ ਪੈਦਾ ਹੋਏ ਸਨ। ਪਰ ਸੱਤਿਆਪਾਲ ਮਲਿਕ ਨੇ ਫਿਰ ਸਿਆਸਤ ਵਿਚ 'ਵੱਡੇ ਨਾਇਕ' ਅਤੇ ਤਬਦੀਲੀ ਦੇ ਸਿਪਾਹਸਲਾਰ ਵਜੋਂ ਉਭਰਨ ਦਾ ਇਤਿਹਾਸਕ ਮੌਕਾ ਗੁਆ ਦਿੱਤਾ। ਪੀਐਮ ਮੋਦੀ ਨੇ ਉਨ੍ਹਾਂ ਨੂੰ ਇਸ ਮੁੱਦੇ 'ਤੇ ਚੁੱਪ ਰਹਿਣ ਲਈ ਕਿਹਾ ਅਤੇ ਉਹ ਚੁੱਪ ਰਹੇ।

ਕਸ਼ਮੀਰ ਦੇ ਰਾਜਪਾਲ ਵਜੋਂ ਉਨ੍ਹਾਂ ਨੇ ਇੱਕ ਹੋਰ ਵੱਡੀ ਸਿਆਸੀ ਅਤੇ ਸੰਵਿਧਾਨਕ ਗੜਬੜ ਕਰ ਦਿੱਤੀ। ਜਦੋਂ ਨੈਸ਼ਨਲ ਕਾਨਫਰੰਸ, ਪੀਡੀਪੀ ਅਤੇ ਕਾਂਗਰਸ ਨੇ ਸਾਂਝੀ ਸਰਕਾਰ ਬਣਾਉਣ ਦੀ ਪਹਿਲ ਕੀਤੀ ਤਾਂ (ਬਾਕੀ ਸ.ਫਾ 31 'ਤੇ)

# ਮੋਦੀ ਰਾਜ ਦੌਰਾਨ ਭਾਰਤੀ ਲੋਕਤੰਤਰ ਪਤਨ ਕਾਲ ਵਲ

ਫਾਈਨੇਸ਼ੀਅਲ ਟਾਈਮਜ਼ ਨੇ ਆਪਣੀ ਸੰਪਾਦਕੀ ਵਿੱਚ ਭਾਰਤ ਵਿੱਚ ਲੋਕਤੰਤਰ ਦੇ ਮੌਜੂਦਾ ਰੂਪ ਦੇ ਬਾਰੇ ਚਿੰਤਾ ਪ੍ਰਗਟ ਕਰਦਿਆਂ ਕੁਝ ਮਹੱਤਵਪੂਰਨ ਸਵਾਲ ਉਠਾਏ ਸਨ। ਇਹ ਅਖਬਾਰ ਲੰਡਨ ਤੋਂ ਨਿਕਲਦਾ ਹੈ ਅਤੇ ਵਿਸ਼ਵ ਭਰ ਵਿੱਚ ਮਸ਼ਹੂਰ ਇਸ ਅਖਬਾਰ ਨੂੰ ਸਾਰੇ ਵਿੱਤੀ ਸੰਸਥਾਨਾਂ, ਸਿੱਖਿਆ ਸੰਸਥਾਵਾਂ ਵਲੋਂ ਗੰਭੀਰਤਾ ਨਾਲ ਲਿਆ ਜਾਂਦਾ ਹੈ। ਹਾਲ ਹੀ ਵਿੱਚ ਹਿੰਡਬਰਗ ਰਿਪੋਰਟ ਦੇ ਬਾਅਦ ਅਡਾਨੀ ਸਮੂਹ ਦੀ ਕਥਿਤ ਵਿੱਤੀ ਸਥਿਤੀਆਂ ਨੇ ਇਸ ਅਖਬਾਰ ਵਿੱਚ ਲੇਖ ਲਿਖੇ ਹਨ, ਜਿਸ ਨੂੰ ਆਧਾਰ ਬਣਾਕੇ ਰਾਹੁਲ ਗਾਂਧੀ ਨੇ ਲਗਾਤਾਰ ਸਵਾਲ ਉਠਾਏ ਹਨ।ਇਸ ਦਾ ਜਵਾਬ ਅਡਾਨੀ ਸਮੂਹ ਵਲੋਂ ਫਾਈਨੇਂਸ਼ੀਅਲ ਟਾਈਮਜ਼ ਵਿੱਚ ਦਿੱਤਾ ਗਿਆ ਸੀ, ਅਤੇ ਲੇਖ ਨੂੰ ਹਟਾਉਣ ਲਈ ਕਿਹਾ ਗਿਆ ਸੀ।ਪਰ ਅਖਬਾਰ ਨੇ ਹਟਾਉਣ ਤੋਂ ਇਨਕਾਰ ਕਰ ਦਿਤਾ ਸੀ।

ਭਾਵੇਂ ਭਾਰਤ ਅਧਿਕਾਰਤ ਤੌਰ 'ਤੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਜਾਵੇਗਾ। ਪਰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਹੋਣ ਦੇ ਇਸ ਦੇ ਦਾਅਵੇ ਨੂੰ ਮੋਦੀ ਰਾਜ ਦੌਰਾਨ ਲਗਾਤਾਰ ਖੋਰਾ ਲਗ ਰਿਹਾ ਹੈ। ਬੀਤੇ ਦਿਨੀਂ, ਗੁਜਰਾਤ ਦੀ ਇੱਕ ਅਦਾਲਤ ਨੇ ਭਾਰਤ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਦੀ ਇੱਕ ਅਪੀਲ ਨੂੰ ਰੱਦ ਕਰ ਦਿੱਤਾ ਸੀ, ਜਿਸ ਵਿੱਚ ਇੱਕ ਸ਼ੱਕੀ ਮਾਣਹਾਨੀ ਦੀ ਸਜ਼ਾ ਉਪਰ ਰੋਕ ਲਗਾਉਣ ਦੀ



ਮੰਗ ਕੀਤੀ ਗਈ ਸੀ।ਇਸ ਸਜ਼ਾ ਦੇ ਆਧਾਰ 'ਤੇ ਸਰਕਾਰ ਨੂੰ ਸੰਸਦ ਦੀ ਮੈਂਬਰਸ਼ਿਪ ਤੋਂ ਰਾਹੁਲ ਗਾਂਧੀ ਨੂੰ ਬਰਖਾਸਤ ਕਰਨ ਦਾ ਮੌਕਾ ਮਿਲ ਗਿਆ ਸੀ। ਇਸ ਦੇ ਲਈ ਉਸ ਨੂੰ ਦੋ ਸਾਲ ਦੀ ਕੈਦ ਅਤੇ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।ਯਾਦ ਰਹੇ ਕਿ ਵਾਇਨਾਡ ਤੋਂ ਸੰਸਦ ਮੈਂਬਰ ਰਾਹੁਲ ਗਾਂਧੀ ਨੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਰਨਾਟਕ ਦੇ ਕੋਲਾਰ ਵਿੱਚ ਕਥਿਤ ਤੌਰ 'ਤੇ ਇਹ ਬਿਆਨ ਦਿੱਤਾ ਸੀ ਕਿ ਸਾਰੇ ਚੋਰਾਂ ਦਾ ਉਪਨਾਮ ਮੋਦੀ ਕਿਉਂ ਹੈ ?"

ਰਾਹੁਲ ਗਾਂਧੀ ਲਈ ਪੈਦਾ ਹੋਇਆ ਕਾਨੂੰਨੀ ਅੜਿੱਕਾ ਮੋਦੀ ਦੇ ਰਾਜ ਕਾਲ ਦੌਰਾਨ ਲੋਕਤੰਤਰੀ ਢਹਿ-ਢੇਰੀ ਹੋਣ ਦੀ ਸਭ ਤੋਂ ਵੱਡੀ ਉਦਾਹਰਣ ਹੈ। ਵਿਸ਼ਵ ਆਰਥਿਕ ਗਿਰਾਵਟ ਦੇ ਵਿਚਾਲੇ ਭਾਰਤ ਇੱਕ ਮਜ਼ਬੂਤ ਜਮਹੂਰੀ ਭਾਰਤ, ਜੋ ਸੱਚਮੁੱਚ ਚੀਨ ਲਈ ਇੱਕ ਚੈਲਿੰਜ ਅਤੇ ਇੱਕ ਗਲੋਬਲ ਰੋਲ ਮਾਡਲ ਵਜੋਂ ਕੰਮ ਕਰ ਸਕਦਾ ਸੀ, ਪਰ ਲੋਕਤੰਤਰੀ ਸੰਸਥਾਵਾਂ ਤਬਾਹ ਹੋਣ ਕਾਰਣ ਭਾਰਤ ਆਪਣੀ ਮੰਜਿਲ ਤੋਂ ਭਟਕ ਰਿਹਾ ਹੈ।

ਜਦੋਂ ਤੋਂ ਭਾਜਪਾ ਨੇ 2014 ਵਿੱਚ ਰਾਹੁਲ ਗਾਂਧੀ ਦੀ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਹਿੰਦੂ ਰਾਸ਼ਟਰਵਾਦੀ ਪਲੇਟਫਾਰਮ 'ਤੇ ਪਛਾੜਿਆ ਹੈ, ਤਦ ਤੋਂ ਮੋਦੀ ਦੇ ਸਮਰਥਕਾਂ ਨੇ ਮੀਡੀਆ, ਸਿਵਲ ਸੁਸਾਇਟੀ ਅਤੇ ਰਾਜਨੀਤੀ ਸਮੇਤ ਸਾਰੇ ਖੇਤਰਾਂ ਵਿੱਚ ਅਜ਼ਾਦੀ ਦੇ ਪ੍ਰਗਟਾਵੇ ਨੂੰ ਦਬਾ ਦਿੱਤਾ ਹੈ, ਅਤੇ ਭਾਰਤ ਦੇ ਮੁਸਲਿਮ ਤੇ ਸਿੱਖ ਘੱਟ ਗਿਣਤੀਆਂ ਕੌਮਾਂ ਵਿਰੁਧ ਨਫਰਤੀ ਧਾਰਮਿਕ ਹਿੰਦੂਤਵੀ ਏਜੰਡੇ ਨੂੰ ਹਵਾ ਦਿੱਤੀ ਗਈ ਹੈ।ਮੁਸਲਮਾਨਾਂ ਵਿਰੁੱਧ ਹਿੰਸਾ ਜਾਰੀ ਹੈ।ਆਮ ਲੋਕਾਂ ਵਿੱਚ ਸਹਿਮ ਪਾਇਆ ਜਾ ਰਿਹਾ ਹੈ ਕਿ ਉਹ ਮੋਦੀ ਦੇ ਖ਼ਿਲਾ.ਫ ਜਨਤਕ ਪੱਧਰ ਉਪਰ ਬੋਲਣ ਤੋਂ ਗੁਰੇਜ਼ ਕਰਨ। ਫਰੀਡਮ ਹਾਊਸ, ਇੱਕ ਅਮਰੀਕੀ ਐਨਜੀਓ, ਨੇ 2021 ਵਿੱਚ ਭਾਰਤ ਨੂੰ "ਸੁਤੰਤਰ" ਦਰਜੇ ਤੋਂ ਘਟਾ ਕੇ (ਬਾਕੀ ਸ.ਫਾ 31 'ਤੇ)

ਮਾਮਲਾ ਗੁਰਦੁਆਰੇ ਨੂੰ ਬੋਧੀ ਅਸਥਾਨ ਵਿੱਚ ਬਦਲਣ ਦਾ

# ਇਤਿਹਾਸਕ ਅਸਥਾਨ ਨੂੰ ਬੋਧੀ ਅਸਥਾਨ ’ਚ ਤਬਦੀਲ ਕਰਨ ਦਾ ਫ਼ੈਸਲਾ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ : ਐਡਵੋਕੇਟ ਧਾਮੀ



ਅੰਮ੍ਰਿਤਸਰ: ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਅਸਥਾਨ ਨੂੰ ਬੋਧੀ ਅਸਥਾਨ ਵਿੱਚ ਤਬਦੀਲ ਕੀਤੇ ਜਾਣ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਮੇਚੁਕਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਸਥਿਤ ਹੈ, ਜਿਸ ਨੂੰ ਹਾਲ ਹੀ ਵਿੱਚ ਬੁੱਧ ਧਰਮ ਦੇ ਅਸਥਾਨ ਦੇ ਰੂਪ ਵਿੱਚ ਬਦਲ ਦਿੱਤਾ ਗਿਆ ਹੈ। 8 ਅਪ੍ਰੈਲ ਨੂੰ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਸੋਸ਼ਲ ਮੀਡੀਆ ’ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਸ ਤੋਂ ਸਾਫ਼ ਨਜ਼ਰ ਆ ਰਿਹਾ ਹੈ ਕਿ ਹੁਣ ਇਸ ਸਿੱਖ ਅਸਥਾਨ ਨੂੰ ਬੋਧੀ ਅਸਥਾਨ ਵਜੋਂ ਤਬਦੀਲ ਕੀਤਾ ਜਾ ਚੁੱਕਾ ਹੈ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਹਰਕਤ ਨੂੰ ਸਿੱਖਾਂ ’ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਕਿਸੇ ਵੀ ਧਰਮ ਅਸਥਾਨ ਨੂੰ ਹੋਰ ਧਰਮ ਦੇ ਕੇਂਦਰ ਵਿਚ ਤਬਦੀਲ ਕਰ ਦੇਣਾ ਸੰਵਿਧਾਨ ਦੀ ਧਾਰਾ 25 ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੀ ਭਲਾਈ ਲਈ ਵੱਖ-ਵੱਖ ਦੇਸ਼ਾਂ ਦੀ ਧਾਰਮਿਕ ਯਾਤਰਾ ਕੀਤੀ ਸੀ, ਜਿਸ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਹਿਤ ਹੀ ਗੁਰੂ ਸਾਹਿਬ ਦੇ ਮੇਚੁਕਾ ਵਿਖੇ ਵੀ ਜਾਣ ਦਾ ਹਵਾਲਾ ਮਿਲਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰੂ ਸਾਹਿਬ ਦੀ ਯਾਦ ਵਿਚ ਮੇਚੁਕਾ ਵਿਖੇ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਸਥਾਪਤ ਸੀ। ਗੁਰਦੁਆਰਾ ਸਾਹਿਬ ਦੇ ਵਿਕਾਸ ਲਈ ਇਤਿਹਾਸਕਾਰ ਕਰਨਲ ਦਲਵਿੰਦਰ ਸਿੰਘ ਗਰੇਵਾਲ ਨੇ ਅਹਿਮ ਯੋਗਦਾਨ ਪਾਇਆ ਸੀ। ਗਰੇਵਾਲ ਨੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਮਾਰਚ 1987 ਵਿੱਚ ਇਸ ਗੁਰਦੁਆਰਾ ਸਾਹਿਬ ਨੂੰ ਸੰਗਤ ਅਰਪਣ ਕੀਤਾ ਸੀ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਹੁਣ ਪਹਿਲੇ ਪਾਤਸ਼ਾਹ ਦੀ ਇਸ ਯਾਦਗਾਰ ਨੂੰ ਖ਼ਤਮ ਕਰਨ ਦੀ ਕੋਝੀ ਹਰਕਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸਿੱਖਾਂ ਦੇ ਇਸ ਇਤਿਹਾਸਕ ਅਸਥਾਨ ’ਤੇ ਜਾ ਕੇ ਇਸ ਨੂੰ ਬੋਧੀ ਅਸਥਾਨ ਵਜੋਂ ਦਿਖਾ ਰਹੇ ਹਨ। ਇਹ ਕਦਮ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਹੈ, ਜਿਸ ਦਾ ਹਰ ਪੱਧਰ ’ਤੇ ਕਰੜਾ ਵਿਰੋਧ ਕੀਤਾ ਜਾਵੇਗਾ।ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਮਾਮਲਾ ਬੇਹੱਦ ਸੰਜੀਦਾ ਹੈ, ਜਿਸ ਵਿੱਚ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਤੁਰੰਤ ਦਖ਼ਲ ਦੇਣਾ ਚਾਹੀਦਾ ਹੈ।

## ਅਕਾਲੀ ਦਲ ਅਮਰੀਕਾ ਦੇ ਆਗੂਆਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਵਿਚਲੇ ਅਕਾਲੀ ਦਲ ਬਾਦਲ ਦੇ ਵੱਖ ਵੱਖ ਸਿਰਕੱਢ ਆਗੂਆਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਅਕਾਲੀ ਦਲ ਬਾਦਲ ਦੇ ਸਰਪ੍ਰਸਤ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ’ਤੇ ਗਹਿਰੇ ਦੁੱਖ ਦਾ ਇਜਹਾਰ ਕੀਤਾ ਹੈ। ਇਸ ਮੌਕੇ ਯੂਬਾ ਸਿਟੀ ਤੋਂ ਅਕਾਲੀ ਆਗੂ ਗੁਰਨਾਮ ਸਿੰਘ ਪੰਮਾ, ਦਲਬੀਰ ਸਿੰਘ ਗਿੱਲ, ਸੁਖਵਿੰਦਰ ਸਿੰਘ, ਜਸਬੀਰ ਸਿੰਘ ਕੁਲਾਰ, ਲਖਵਿੰਦਰ ਸਿੰਘ ਸਹੋਤਾ, ਜਸਵਿੰਦਰ ਸਿੰਘ ਹੀਰ, ਕਰਮਜੀਤ ਸਿੰਘ ਚੌਹਾਨ, ਰਾਜਵਿੰਦਰ ਸਿੰਘ ਮਾਨ, ਨਰਿੰਦਰ ਸਿੰਘ ਅਟਵਾਲ ਆਦਿ ਵਲੋਂ ਸਿਆਸਤ ਦਾ ਬੋਹੜ ਮੰਨੇ ਜਾਂਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਅਮਰੀਕਨ ਅਕਾਲੀ ਆਗੂ ਗੁਰਨਾਮ ਸਿੰਘ ਪੰਮਾ ਨੇ (**ਬਾਕੀ ਸ.ਫਾ 29 ’ਤੇ**)

## ਸ਼ੁਤਰਾਣਾ ਵਿਖੇ ਪੰਥਕ ਰਿਵਾਇਤ ਤੇ ਗੁਰਮਤੇ ਦੀ ਬਹਾਲੀ ਬਾਰੇ ਚਰਚਾ ਹੋਈ



ਪਾਤੜਾ/ਸ਼ੁਤਰਾਣਾ/ਏ.ਟੀ.ਨਿਊਜ਼ :-ਪੰਥ ਸੇਵਕ ਸਖਸ਼ੀਅਤਾਂ ਵੱਲੋਂ ਆਉਂਦੇ ਮੀਰੀ ਪੀਰੀ ਦਿਵਸ ਉੱਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਿੱਤੇ ‘ਵਿਸ਼ਵ ਸਿੱਖ ਇਕੱਤਰਤਾ’ ਦੇ ਸੱਦੇ ਤਹਿਤ ਸਥਾਨਕ ਗੁਰ-ਸੰਗਤ, ਖਾਲਸਾ ਪੰਥ ਦੇ ਜਥਿਆਂ, ਸੰਪਰਦਾਵਾਂ, ਸਖਸੀਅਤਾਂ ਅਤੇ ਪੰਥ ਸੇਵਕਾਂ ਨਾਲ ਤਾਲਮੇਲ ਤੇ ਮੁਲਾਕਾਤਾਂ ਦੇ ਸਿਲਸਿਲੇ ਤਹਿਤ ਪਾਤੜਾਂ ਨੇੜਲੇ ਪਿੰਡ ਸ਼ੁਤਰਾਣਾ ਵਿਖੇ ਗੁਰਦੁਆਰਾ ਨਾਮ ਜਪ ਸਾਹਿਬ ਵਿਖੇ ਇਕ ਇਕੱਤਰਤਾ ਹੋਈ। ਇਸ ਇਕੱਤਰਤਾ ਵਿੱਚ ਖਾਲਸਾ ਪੰਥ ਤੇ ਗੁਰ-ਸੰਗਤ ਦੀ ਸੇਵਾ ਵਿੱਚ ਸਰਗਰਮ ਜਥਿਆਂ ਦੇ ਨੁਮਾਇੰਦਿਆਂ ਤੇ ਸਮਾਜ ਵਿੱਚ ਸਰਗਰਮ ਸਖਸ਼ੀਅਤਾਂ ਨੇ ਹਿੱਸਾ ਲਿਆ।ਇਸ ਮੌਕੇ ਪੰਥ ਸੇਵਕ ਸਖਸ਼ੀਅਤਾਂ ਨੇ ਸੈਫੀ ਦੇ ਸਰਪ੍ਰਸਤ ਪੁਸ਼ਪਿੰਦਰ ਸਿੰਘ ਤਾਊ ਅਤੇ ਪਿੰਡ ਸ਼ੁਤਰਾਣਾ ਦੀ ਗੁਰ-ਸੰਗਤਿ ਨੂੰ ਵਿਸ਼ਵ ਸਿੱਖ ਇਕੱਤਰਤਾ ਦਾ ਸੱਦਾ ਦਿੱਤਾ। ਬੈਠਕ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਪਲਵਿੰਦਰ ਸਿੰਘ ਸ਼ੁਤਰਾਣਾ, ਭਾਈ ਜਗਦੀਸ਼ ਸਿੰਘ ਪਟਿਆਲਾ, ਪੰਥ ਸੇਵਕ ਰਣਜੀਤ ਸਿੰਘ, ਕੁਲਦੀਪ ਸਿੰਘ ਦਤਾਲ, ਸੋਹਨ ਸਿੰਘ ਦਤਾਲ, ਗਗਨਦੀਪ ਸਿੰਘ ਪਾਤੜਾ, ਵਰਿੰਦਰ ਸਿੰਘ ਪਾਤੜਾ, ਵਰਿੰਦਰ ਸਿੰਘ, ਯਾਦਵਿੰਦਰ ਸਿੰਘ, ਬਗੇਲ ਸਿੰਘ, ਗੁਰਵਿੰਦਰ ਸਿੰਘ, ਸੁੱਖਵਿੰਦਰ ਸਿੰਘ, ਹਰਮਨ ਸਿੰਘ ਝੀਲ, ਲਖਵਿੰਦਰ ਸਿੰਘ ਲੱਖਾ ਵੀ ਹਾਜ਼ਰ ਸਨ।



# ਅੰਤਰਰਾਸ਼ਟਰੀ ਝਰੋਖਾ

## ਵਰਜੀਨੀਆ ਦੇ ਸਕੂਲਾਂ 'ਚ ਸਿੱਖ ਧਰਮ ਬਾਰੇ ਪੜ੍ਹਾਇਆ ਜਾਵੇਗਾ

### ਸਿੱਖ ਕੁਲੀਸ਼ਨ ਦੇ ਦੋ ਸਾਲਾਂ ਦੇ ਯਤਨਾਂ ਨੂੰ ਪਿਆ ਬੂਰ

ਨਿਊਯਾਰਕ/ਏ.ਟੀ. ਨਿਊਜ਼ : ਯੂਟਾ ਤੇ ਮਿਸੀਸਿਪੀ ਤੋਂ ਬਾਅਦ ਵਰਜੀਨੀਆ ਅਮਰੀਕਾ ਦਾ ਉਹ 17ਵਾਂ ਸੂਬਾ ਬਣ ਗਿਆ ਹੈ ਜਿਸ ਨੇ ਸਿੱਖ ਧਰਮ ਤੇ ਇਤਿਹਾਸ ਨੂੰ ਆਪਣੇ ਸਕੂਲੀ ਸਿਲੇਬਸ 'ਚ ਸ਼ਾਮਲ ਕੀਤਾ ਹੈ।

ਵਰਜੀਨੀਆ ਸਟੇਟ ਬੋਰਡ ਆਫ ਐਜੂਕੇਸ਼ਨ ਨੇ ਇਤਿਹਾਸ ਤੇ ਸਮਾਜ ਵਿਗਿਆਨ ਨਾਲ ਸਬੰਧਤ ਨਵੇਂ ਸਿਲੇਬਸ ਦੇ ਹੱਕ 'ਚ ਵੋਟ ਪਾਈ ਜਿਸ 'ਚ ਪਹਿਲੀ ਵਾਰ ਸਿੱਖ ਧਰਮ ਤੇ ਇਤਿਹਾਸ ਨੂੰ ਸਕੂਲੀ ਸਿਲੇਬਸ ਦਾ ਹਿੱਸਾ ਬਣਾਇਆ ਗਿਆ ਹੈ।

ਇਸ ਨਵੇਂ ਬਦਲਾਅ ਨਾਲ ਹੁਣ ਵਰਜੀਨੀਆ ਦੇ 10 ਲੱਖ ਤੋਂ ਵੱਧ ਵਿਦਿਆਰਥੀ ਸਿੱਖ ਭਾਈਚਾਰੇ, ਸਿੱਖ ਇਤਿਹਾਸ ਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰ ਸਕਣਗੇ।



ਇਸ ਸਬੰਧੀ ਗੱਲ ਕਰਦਿਆਂ ਅਮਰੀਕਾ ਅਧਾਰਤ ਸੰਗਠਨ ਸਿੱਖ ਕੁਲੀਸ਼ਨ ਦੇ ਸੀਨੀਅਰ ਐਜੂਕੇਸ਼ਨ ਮੈਨੇਜਰ ਹਰਮਨ ਸਿੰਘ ਨੇ ਕਿਹਾ ਕਿ ਸਥਾਨਕ ਸੰਗਤ ਨਾਲ ਦੋ ਸਾਲਾਂ ਤੋਂ ਵੱਧ ਸਮੇਂ ਤੱਕ ਵਿਚਾਰ-ਚਰਚਾ ਤੋਂ ਬਾਅਦ ਇਹ ਬਦਲਾਅ ਲਿਆਂਦਾ ਜਾ ਸਕਿਆ ਹੈ। ਉਨ੍ਹਾਂ ਕਿਹਾ ਕਿ ਇਸ ਤਬਦੀਲੀ ਨਾਲ ਸਿੱਖ ਧਰਮ ਤੇ ਇਤਿਹਾਸ ਬਾਰੇ ਵਰਜੀਨੀਆ ਦੇ ਸਾਰੇ ਸਕੂਲਾਂ ਦੇ ਕਲਾਸਰੂਮਾਂ 'ਚ ਪੜ੍ਹਾਇਆ ਜਾਣਾ ਯਕੀਨੀ ਬਣ ਸਕਿਆ ਹੈ।ਉਨ੍ਹਾਂ ਕਿਹਾ ਕਿ ਕੱਟੜਤਾ ਤੇ ਧੱਕੇਸ਼ਾਹੀ ਨਾਲ ਮੁਕਾਬਲਾ ਕਰਨ ਲਈ ਅਹਿਮ ਕਦਮ ਹੈ। ਇਸ ਨਾਲ ਵਿਦਿਆਰਥੀਆਂ ਨੂੰ ਲਾਭ ਹੋਵੇਗਾ।

(ਬਾਕੀ ਸਫ਼ਾ 31 'ਤੇ)

## ਸ਼ਲਾਭ ਕੁਮਾਰ ਨਵ ਗਠਿਤ ਰਿਪਬਲੀਕਨ ਹਿੰਦੂ ਭਾਰਤੀ ਅਮਰੀਕੀ ਕੁਲੀਸ਼ਨ ਦੇ ਮੁਖੀ ਹੋਣਗੇ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਰਿਪਬਲੀਕਨ ਪਾਰਟੀ ਨੇ ਨਵੀਂ ਹਿੰਦੂ ਐਂਡ ਇੰਡੀਅਨ ਅਮੈਰੀਕਨ ਕੁਲੀਸ਼ਨ ਦਾ ਗਠਨ ਕੀਤਾ ਹੈ। ਰਿਪਬਲੀਕਨ ਨੈਸ਼ਨਲ ਕਮੇਟੀ ਦੀ ਮੁਖੀ ਰੋਨਾ ਮੈਕਡੋਨਲ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸ਼ਲਾਭ ਸ਼ੈਲੀ ਕੁਮਾਰ, ਜੋ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਮਰਥਕ ਹਨ, ਨੂੰ ਨਵ ਗਠਿਤ ਰਿਪਬਲੀਕਨ ਹਿੰਦੂ-ਭਾਰਤੀ ਅਮਰੀਕੀ ਕੁਲੀਸ਼ਨ ਦਾ ਕੌਮੀ ਚੇਅਰਮੈਨ ਥਾਪਿਆ ਗਿਆ ਹੈ। ਜਾਰੀ ਪ੍ਰੈਸ ਬਿਆਨ ਵਿੱਚ ਪਾਰਟੀ ਨੇ ਕਿਹਾ ਹੈ ਕਿ ਸ਼ਲਾਭ ਕੁਮਾਰ ਹਿੰਦੂਆਂ ਤੇ ਭਾਰਤੀਆਂ ਵਿਚ ਪਾਰਟੀ ਨੂੰ ਮਜਬੂਤ ਕਰਨ ਲਈ ਕੰਮ ਕਰਨਗੇ। ਮੈਕਡੋਨਲ ਨੇ ਕਿਹਾ ਹੈ ਕਿ ਰਿਪਬਲੀਕਨ ਪਾਰਟੀ ਹਿੰਦੂਆਂ ਤੇ ਭਾਰਤੀ-ਅਮਰੀਕੀ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਉਨਾਂ ਕਿਹਾ ਕਿ ਪਾਰਟੀ ਹਿੰਦੂਆਂ ਤੇ ਭਾਰਤੀ ਅਮਰੀਕੀਆਂ ਵੱਲੋਂ ਅਮਰੀਕਾ ਦੇ ਵਿਕਾਸ ਵਿਚ ਪਾਏ ਯੋਗਦਾਨ ਨੂੰ ਬਹੁਤ ਅਹਿਮੀਅਤ ਦਿੰਦੀ ਹੈ।



## ਅਮਰੀਕੀ ਲੇਖਕ ਸਟੀਫ਼ਨ ਕਿੰਗ ਨੇ ਟਵਿੱਟਰ ਬਲੂ ਟਿੱਕ ਸਬਸਕ੍ਰਿਪਸ਼ਨ 'ਤੇ ਚੁੱਕੇ ਸਵਾਲ

### ਐਲਨ ਮਸਕ ਨੇ ਦਿੱਤਾ ਇਹ ਜਵਾਬ

ਨਵੀਂ ਦਿੱਲੀ/ਏ.ਟੀ.ਨਿਊਜ਼ : ਟਵਿਟਰ ਬਲੂ ਟਿੱਕ ਇਨ੍ਹੀਂ ਦਿਨੀਂ ਚਰਚਾ 'ਚ ਹੈ। ਜਦੋਂ ਤੋਂ ਕੰਪਨੀ ਦੇ ਬੌਸ ਐਲੋਨ ਮਸਕ ਦੁਆਰਾ ਟਵਿੱਟਰ ਬਲੂ ਸਬਸਕ੍ਰਿਪਸ਼ਨ ਪੇਸ਼ ਕੀਤਾ ਗਿਆ ਸੀ, ਕੰਪਨੀ ਨੇ ਉਨ੍ਹਾਂ ਸਾਰੇ ਉਪਭੋਗਤਾਵਾਂ ਦੇ ਬਲੂ ਟਿੱਕਸ ਨੂੰ ਵਾਪਸ ਲੈ ਲਿਆ ਹੈ ਜੋ ਇਸਦਾ ਭੁਗਤਾਨ ਨਹੀਂ ਕਰ ਰਹੇ ਸਨ। ਹਾਲਾਂਕਿ ਕੁਝ ਲੋਕ ਹੁਣ ਮਸਕ ਦੇ ਫੈਸਲੇ 'ਤੇ ਸਵਾਲ ਉਠਾ ਰਹੇ ਹਨ।

ਅਮਰੀਕੀ ਲੇਖਕ ਉਠਾਉਂਦੇ ਸਵਾਲ : ਅਮਰੀਕਾ ਦੇ ਮਸ਼ਹੂਰ ਲੇਖਕ ਸਟੀਫਨ ਕਿੰਗ ਉਸ ਸਮੇਂ ਖੁਸ਼ ਨਹੀਂ ਹਨ ਜਦੋਂ ਮਸਕ ਦੁਆਰਾ ਬਲੂ ਟਿੱਕ ਲਈ ਕੁਝ ਲੋਕਾਂ ਨੂੰ ਪੈਸੇ ਦਿੱਤੇ ਜਾਂਦੇ ਹਨ। ਤੁਹਾਨੂੰ ਦੱਸ ਦਈਏ ਕਿ ਕਿੰਗ ਦਾ ਅਕਾਊਂਟ ਟਵਿਟਰ ਨੇ ਬਿਨਾਂ ਪੈਸੇ ਲਏ ਬਹਾਲ ਕਰ ਦਿੱਤਾ ਹੈ। ਉਸ ਨੇ ਮਸਕ ਨੂੰ ਕਿਹਾ ਹੈ ਕਿ ਬਲੂ ਟਿੱਕ ਲਈ ਪੈਸੇ ਦੇਣ ਨਾਲੋਂ ਯੂਕਰੇਨ-ਰੂਸ ਯੁੱਧ ਦੇ ਪੀੜਤਾਂ ਨੂੰ ਪੈਸਾ ਦਾਨ ਕਰਨਾ ਬਿਹਤਰ ਹੈ।

ਉਨ੍ਹਾਂ ਨੇ ਇਸ ਬਾਰੇ ਇੱਕ ਟਵੀਟ ਵਿੱਚ ਕਿਹਾ ਕਿ ਮਸਕ ਨੂੰ ਮੇਰਾ ਬਲੂ ਟਿੱਕ ਚੈਰਿਟੀ ਨੂੰ ਦੇਣਾ ਚਾਹੀਦਾ ਹੈ। ਮੈਂ ਪ੍ਰਿਤੁਲਾ ਫਾਊਂਡੇਸ਼ਨ ਦੀ ਸਿਫ਼ਾਰਿਸ਼ ਕਰਦਾ ਹਾਂ, ਜੋ ਯੂਕਰੇਨ ਵਿੱਚ ਜੀਵਨ-ਰੱਖਿਅਕ ਸੇਵਾਵਾਂ ਪ੍ਰਦਾਨ ਕਰਦਾ ਹੈ।



ਮਸਕ ਨੇ ਜਵਾਬ ਦਿੱਤਾ

ਅਮਰੀਕੀ ਲੇਖਕ ਦੇ ਇਸ ਟਵੀਟ ਦਾ ਜਵਾਬ ਐਲੋਨ ਮਸਕ ਦੀ ਤਰਫੋਂ ਦਿੱਤਾ ਗਿਆ ਸੀ। ਮਸਕ ਨੇ ਲਿਖਿਆ ਕਿ ਮੈਂ ਯੂਕਰੇਨ ਦੀ ਮਦਦ ਲਈ ਹੁਣ ਤੱਕ 100 ਮਿਲੀਅਨ ਡਾਲਰ ਦਾਨ ਕੀਤਾ ਹੈ ਅਤੇ ਤੁਸੀਂ ਹੁਣ ਤੱਕ ਕਿੰਨਾ ਦਾਨ ਕੀਤਾ ਹੈ।

ਮਸਕ ਇਨ੍ਹਾਂ ਲੋਕਾਂ ਲਈ ਭੁਗਤਾਨ ਕਰ ਰਿਹਾ :ਮਸਕ ਨੇ ਪਿਛਲੇ ਦਿਨੀਂ ਮੰਨਿਆ ਹੈ ਕਿ ਉਹ ਖੁਦ ਕੁਝ ਮਸ਼ਹੂਰ ਹਸਤੀਆਂ ਦੇ ਬਲੂ ਟਿੱਕਸ ਲਈ ਭੁਗਤਾਨ ਕਰ ਰਿਹਾ ਹੈ। ਇਨ੍ਹਾਂ ਵਿੱਚ ਬਾਸਕਟਬਾਲ ਸਟਾਰ ਲੇਬਰੋਨ ਜੇਮਸ, ਵਿਲੀਅਮ ਸ਼ੈਟਨਰ ਅਤੇ ਲੇਖਕ ਸਟੀਫਨ ਕਿੰਗ ਸ਼ਾਮਲ ਹਨ।ਜ਼ਿਕਰਯੋਗ ਹੈ ਕਿ ਟਵਿਟਰ ਨੂੰ ਹਾਸਲ ਕਰਨ ਤੋਂ ਬਾਅਦ, ਮਸਕ ਨੇ ਬਲੂਟਿਕ ਸਰਵਿਸ ਦਾ ਭੁਗਤਾਨ ਕੀਤਾ ਸੀ, ਜਿਸ ਲਈ ਉਪਭੋਗਤਾਵਾਂ ਨੂੰ ਹਰ ਮਹੀਨੇ ਕੁਝ ਰਕਮ ਅਦਾ ਕਰਨੀ ਪਵੇਗੀ।

## ਪੰਜਾਬੀ ਸਿੱਖ ਹਰਮਨ ਸਿੰਘ ਸੁਪਰੀਮ ਕੋਰਟ ਜੁਡੀਸ਼ੀਅਲ ਲਾਅ ਕਲਰਕ ਬਣੇ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਪੰਜਾਬੀ ਸਿੱਖ ਹਰਮਨ ਸਿੰਘ ਦੀ ਸੁਪਰੀਮ ਕੋਰਟ ਜੁਡੀਸ਼ੀਅਲ ਲਾਅ ਕਲਰਕ ਵਜੋਂ ਨਿਯੁਕਤੀ ਹੋਈ ਹੈ। ਉਹ ਪਹਿਲੇ ਸਿੱਖ ਹਨ ਜੋ ਇਸ ਅਹੁਦੇ ਉਪਰ ਨਿਯੁਕਤ ਹੋਏ ਹਨ। ਉਹ ਸੁਪਰੀਮ ਕੋਰਟ ਦੇ ਜਸਟਿਸ ਸੋਨੀਆ ਸੋਟੋਮੇਅਰ ਲਈ ਕੰਮ ਕਰਨਗੇ। ਹਰਮਨ ਸਿੰਘ ਨੇ ਅੰਡਰਗਰੈਜੂਏਟ ਡਿਗਰੀ ਕੋਲੰਬੀਆ ਯੂਨੀਵਰਸਿਟੀ ਤੋਂ ਕੀਤੀ ਸੀ ਜਿਥੇ ਉਸ ਨੇ ਗਣਿਤ ਤੇ ਅਰਥ ਸ਼ਾਸ਼ਤਰ ਦੀ ਪੜ੍ਹਾਈ ਕੀਤੀ। ਲਾਅ ਸਕੂਲ ਤੋਂ ਪਹਿਲਾਂ ਉਨਾਂ ਨੇ ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਵਿਖੇ ਮਨੁੱਖੀ ਹੱਕਾਂ ਸਬੰਧੀ ਕੰਮ ਕੀਤਾ। ਉਪਰੰਤ ਉਹ ਲਾਅ ਸਕੂਲ ਵਿਚ ਦਾਖਲ ਹੋਏ ਜਿਥੇ ਉਨਾਂ ਨੇ ਸਿਵਲ ਰਾਈਟਸ ਲਿਟੀਗੇਸ਼ਨ ਦੀ ਪੜ੍ਹਾਈ ਕੀਤੀ।

## ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ 6 ਸਾਲਾ ਬੱਚੀ ਤੇ ਉਸ ਦੇ ਮਾਪਿਆਂ ਨੂੰ ਮਾਰੀ ਗੋਲੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਚਰਲੋਟ ਨੇੜੇ ਇਕ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਇਕ 6 ਸਾਲਾ ਬੱਚੀ ਤੇ ਉਸ ਦੇ ਮਾਪਿਆਂ ਨੂੰ ਜ਼ਖਮੀ ਕਰ ਦੇਣ ਦੀ ਖਬਰ ਹੈ। ਪੁਲਿਸ ਨੇ 24 ਸਾਲਾ ਰਾਬਰਟ ਲੋਇਸ ਸਿੰਗਲੈਟਰੀ ਨੂੰ ਗ੍ਰਿਫਤਾਰ ਕਰ ਲਿਆ ਹੈ। ਗੈਸਟਨ ਕਾਊਂਟੀ ,ਉੱਤਰੀ ਕੈਰੋਲੀਨਾ ਦੇ ਬੁਲਾਰੇ ਐਡਮ ਜੋ ਬੋਗ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸਿੰਗਲੈਟਰੀ ਹਿਲਜਬੋਰੋਘ ਕਾਊਂਟੀ, ਫਲੋਰਿਡਾ ਪੁਲਿਸ ਦੀ ਹਿਰਾਸਤ ਵਿੱਚ ਹੈ। ਇਸ ਤੋਂ ਪਹਿਲਾਂ ਗੈਸਟਨ ਕਾਊਂਟੀ ਪੁਲਿਸ ਨੇ ਕਿਹਾ ਸੀ ਕਿ ਉਹ ਸਿੰਗਲੈਟਰੀ ਦੀ ਭਾਲ ਕਰ ਰਹੀ ਹੈ ਜੋ ਹੱਥਿਆਰਬੰਦ ਹੈ ਤੇ ਉਹ ਖਤਰਨਾਕ ਹੋ ਸਕਦਾ ਹੈ। ਗਵਾਂਢੀਆਂ ਦਾ ਕਹਿਣਾ ਹੈ ਕਿ ਝਗੜਾ ਉਸ ਸਮੇਂ ਸ਼ੁਰੂ ਹੋਇਆ ਜਦੋਂ ਇਕ ਬਾਸਕਟਬਾਲ ਸਿੰਗਲੈਟਰੀ ਦੇ ਵੇਹੜੇ ਵਿੱਚ ਚਲਾ ਗਿਆ। ਬਾਸਕਟਬਾਲ ਲੈਣ ਗਏ ਬੱਚਿਆਂ ਨੂੰ ਉਸ ਨੇ ਬੁਰਾ ਭਲਾ ਕਿਹਾ। ਇਕ ਬੱਚੀ ਦੇ ਪਿਤਾ ਨੇ ਸਿੰਗਲੈਟਰੀ ਨੂੰ ਸਮਝਾਇਆ ਕਿ ਉਹ ਬੱਚਿਆਂ ਨੂੰ ਬੁਰਾ ਭਲਾ ਕਹਿਣਾ ਬੰਦ ਕਰੇ ਤੇ ਜੇਕਰ ਕੋਈ ਸਮੱਸਿਆ ਹੈ ਤਾਂ ਉਹ ਉਸ ਦੇ ਘਰ ਆਵੇ ਆਪਾਂ ਬੈਠ ਕੇ ਹੱਲ ਕਰ ਲੈਂਦੇ ਹਾਂ। ਇਸ ਉਪਰੰਤ ਸਿੰਗਲੈਟਰੀ ਆਪਣੀ ਗੰਨ ਲੈ ਕੇ ਗਵਾਂਢੀਆਂ ਦੇ ਘਰ ਗਿਆ ਤੇ ਬਿਨਾਂ ਸੋਚੇ ਸਮਝੇ ਉਸ ਨੇ ਗੋਲੀ ਚਲਾ ਦਿੱਤੀ।



## ਏਸ਼ੀਆ ਦਾ ਸਭ ਤੋਂ ਵੱਧ ਪੜ੍ਹਿਆ-ਲਿਖਿਆ ਪਿੰਡ

### ਸਭ ਤੋਂ ਵੱਧ ਪੜ੍ਹੇ ਲਿਖੇ ਲੋਕਾਂ ਦਾ ਪਿੰਡ ਹੈ ਅਲੀਗੜ੍ਹ ਦੇ ਜਵਾਂ ਬਲਾਕ ਵਿੱਚ ਸਥਿਤ 'ਧੋਰਾ ਮਾਫ਼ੀ'

ਭਾਰਤ ਦੇ ਅੰਦਰ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਹਨ, ਜਿਸ ਕਾਰਨ ਦੇਸ਼ ਦਾ ਡੰਕਾ ਪੂਰੀ ਦੁਨੀਆ 'ਚ ਵੱਜ ਰਿਹਾ ਹੈ। ਸਾਡੇ ਦੇਸ਼ ਦਾ ਸੱਭਿਆਚਾਰ ਹੋਵੇ ਜਾਂ ਇੱਥੋਂ ਦਾ ਖਾਣਾ ਜਾਂ ਇੱਥੋਂ ਦੇ ਪਿੰਡ ਸਭ ਆਪਣੇ ਆਪ ਵਿੱਚ ਸ਼ਾਨਦਾਰ ਹਨ। ਇਹੀ ਕਾਰਨ ਹੈ ਕਿ ਭਾਰਤ ਦਾ ਨਾਂ ਪੂਰੀ ਦੁਨੀਆ 'ਚ ਸਿਖਰ 'ਤੇ ਜਾਣਿਆ ਜਾਂਦਾ ਹੈ। ਅੱਜ ਅਸੀਂ ਤੁਹਾਨੂੰ ਇਕ ਅਜਿਹੇ ਪਿੰਡ ਬਾਰੇ ਦੱਸਾਂਗੇ ਜਿਸ ਨੂੰ ਭਾਰਤ ਹੀ ਨਹੀਂ ਸਗੋਂ ਪੂਰੇ ਏਸ਼ੀਆ ਦਾ ਸਭ ਤੋਂ ਪੜ੍ਹਿਆ-ਲਿਖਿਆ ਪਿੰਡ ਕਿਹਾ ਜਾਂਦਾ ਹੈ। ਇੱਥੇ ਹਰ ਘਰ ਵਿੱਚ ਤੁਹਾਨੂੰ ਕਿਸੇ ਨਾ ਕਿਸੇ ਵਿਭਾਗ ਦਾ ਅਧਿਕਾਰੀ ਮਿਲੇਗਾ। ਜ਼ਿਆਦਾਤਰ ਪੜ੍ਹਾਈ ਇਸ ਪਿੰਡ ਵਿੱਚ ਹੀ ਮਾਨਤਾ ਪ੍ਰਾਪਤ ਹੈ। ਇਸ ਤੋਂ ਬਾਅਦ ਉਹ ਕਿਸੇ ਹੋਰ ਚੀਜ਼ ਨੂੰ ਮਾਨਤਾ ਦਿੰਦੇ ਹਨ।ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ ਭਾਰਤ ਬਾਕੀ ਦੇਸ਼ਾਂ ਤੋਂ ਪਿੱਛੇ ਨਹੀਂ ਹੈ। ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਦੇ ਜਵਾਂ ਬਲਾਕ ਵਿੱਚ ਸਥਿਤ ਧੋਰਾ ਮਾਫੀ ਪਿੰਡ ਪੂਰੇ ਏਸ਼ੀਆ ਵਿੱਚ ਮਸ਼ਹੂਰ ਹੈ ਕਿਉਂਕਿ ਇਹ ਪਿੰਡ ਸਭ ਤੋਂ ਵੱਧ ਪੜ੍ਹੇ ਲਿਖੇ ਲੋਕਾਂ ਦਾ ਪਿੰਡ ਹੈ। ਇੱਥੇ ਹਰ ਵਿਅਕਤੀ ਚੰਗੀ ਸਿੱਖਿਆ ਪ੍ਰਾਪਤ ਕਰਕੇ ਕਿਸੇ ਨਾ ਕਿਸੇ ਚੰਗੇ ਅਹੁਦੇ 'ਤੇ ਬੈਠਾ ਹੈ। ਇਹੀ ਕਾਰਨ ਹੈ ਕਿ ਇਸ ਪਿੰਡ ਵਿੱਚ ਕਈ ਅਫਸਰ ਰੈਂਕ ਦੇ ਲੋਕ ਰਹਿੰਦੇ ਹਨ।



**ਲਿਮਕਾ ਬੁੱਕ ਆਫ ਰਿਕਾਰਡਜ਼ 'ਚ ਦਰਜ ਕੀਤਾ ਗਿਆ ਨਾਂ**

ਦੱਸ ਦੇਈਏ ਕਿ ਇਸ ਪਿੰਡ ਦਾ ਨਾਂ 2002 ਵਿੱਚ ਲਿਮਕਾ ਬੁੱਕ ਆਫ ਰਿਕਾਰਡ ਵਿੱਚ ਵੀ ਦਰਜ ਹੋ ਚੁੱਕਾ ਹੈ। ਇੱਥੇ ਸਾਖਰਤਾ ਦਰ 75 ਫੀਸਦੀ ਤੋਂ ਵੱਧ ਹੈ। ਇਸ ਪਿੰਡ ਵਿੱਚ ਪੱਕੇ ਘਰਾਂ ਤੋਂ ਇਲਾਵਾ 24 ਘੰਟੇ ਬਿਜਲੀ ਅਤੇ ਪਾਣੀ ਦੀ ਸਹੂਲਤ ਵੀ ਹੈ। ਇਸ ਤੋਂ ਇਲਾਵਾ ਇੱਥੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ, ਵੱਡੇ ਡਿਗਰੀ ਕਾਲਜ ਖੁੱਲ੍ਹੇ ਹੋਏ ਹਨ।

**ਇੱਥੇ ਲੋਕ ਖੇਤੀ ਨਹੀਂ ਕਰਦੇ**

ਇਸ ਪਿੰਡ ਦੀ ਖਾਸ ਗੱਲ ਇਹ ਹੈ ਕਿ ਇੱਥੇ ਰਹਿਣ ਵਾਲੇ ਪਿੰਡ ਵਾਸੀ ਖੇਤੀ ਦੀ ਬਜਾਏ ਚੰਗੀਆਂ ਥਾਵਾਂ 'ਤੇ ਨੌਕਰੀ ਕਰ ਰਹੇ ਹਨ। ਇਸ ਪਿੰਡ ਵਿੱਚ ਖੇਤੀ ਹੁੰਦੀ ਹੈ ਪਰ ਉਸ ਲਈ ਬਾਹਰੋਂ ਮਜ਼ਦੂਰ ਆਉਂਦੇ ਹਨ। ਇਸ ਪਿੰਡ ਦੇ ਕਰੀਬ 80 ਫੀਸਦੀ ਲੋਕ ਦੇਸ਼ ਵਿੱਚ ਕਿਤੇ ਨਾ ਕਿਤੇ ਵੱਡੀ ਪੋਸਟ 'ਤੇ ਤਾਇਨਾਤ ਹਨ। ਪਿੰਡ ਦੇ ਬਹੁਤ ਸਾਰੇ ਲੋਕ ਡਾਕਟਰ, ਇੰਜੀਨੀਅਰ, ਵਿਗਿਆਨੀ, ਪ੍ਰੋਫੈਸਰ ਅਤੇ ਆਈਏਐਸ ਅਫਸਰ ਬਣ ਚੁੱਕੇ ਹਨ।

## ਬਰੈਂਪਟਨ ਦੀ ਸਟ੍ਰੀਟ ਨੂੰ 'ਮੂਸੇਵਾਲਾ' ਨਾਮ ਦਿੱਤਾ ਜਾ ਸਕਦੈ



ਬਰੈਪਟਨ: ਬਰੈਪਟਨ ਦੇ ਡਿਪਟੀ ਮੇਅਰ ਤੇ ਕੌਂਸਲਰ ਹਰਕੀਰਤ ਸਿੰਘ ਵੱਲੋਂ ਸਿਟੀ ਵਿੱਚ ਤਜਵੀਜ਼ ਪੇਸ਼ ਕੀਤੀ ਗਈ ਹੈ। ਜਿਸ ਵਿੱਚ ਬਰੈਂਪਟਨ ਦੀ ਸਟ੍ਰੀਟ ਨੂੰ 'ਮੂਸਾ' ਨਾਮ ਦਿੱਤਾ ਜਾ ਸਕਦਾ ਹੈ, ਜੋ ਗਾਇਕ ਸ਼ੁਭਦੀਪ ਸਿੰਘ ਸਿੱਧੂ ਦੇ ਪਿੰਡ ਦਾ ਨਾਮ ਹੈ। ਤਜਵੀਜ਼ ਨੂੰ ਜਲਦ ਪ੍ਰਵਾਨਗੀ ਮਿਲਣ ਦੀ ਉਮੀਦ ਹੈ। ਹਰਕੀਰਤ ਸਿੰਘ ਨੇ ਸਾਡੇ ਨਾਲ ਗੱਲ ਕਰਦੇ ਕਿਹਾ ਕਿ ਬਰੈਂਪਟਨ ਵਾਸੀਆਂ ਲਈ ਸਿੱਧੂ ਮੂਸੇਵਾਲਾ ਇੱਕ ਅਹਿਮ ਸ਼ਖਸੀਅਤ ਹੈ।

ਬਰੈਂਪਟਨ ਸਿਟੀ ਕੌਂਸਲ ਵੱਲੋਂ ਇਹ ਕਦਮ ਅਜਿਹੇ ਸਮੇਂ ਚੁਕਿਆ ਗਿਆ ਹੈ ਜਦੋਂ 29 ਮਈ ਨੂੰ ਸ਼ੁਭਦੀਪ ਸਿੰਘ ਸਿੱਧੂ ਦੀ ਬਰਸੀ ਮਨਾਈ ਜਾਣੀ ਹੈ। ਇਸ ਤੋਂ ਪਹਿਲਾਂ ਬਰੈਂਪਟਨ ਸ਼ਹਿਰ ਵੱਲੋਂ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਮਿਊਰਲ ਦੀ ਪ੍ਰਵਾਨਗੀ ਦਿੱਤੀ ਗਈ ਸੀ ਜਿਸ ਤਹਿਤ ਵਿੱਚ 96 ਵਰਗ ਫੁੱਟ ਦੀ ਇਕ ਕੰਧ 'ਤੇ ਪੇਂਟਿੰਗ

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

26 ਅਪ੍ਰੈਲ ਤੋਂ 2 ਮਈ, 2023

## ਗੁਰੂ ਦੇ ਅਦਬ ਸਬੰਧੀ ਸਾਡੀ ਜ਼ਿੰਮੇਵਾਰੀ

ਬੀਤੇ ਦਿਨੀਂ ਮੋਰਿੰਡਾ ਵਿਖੇ ਹਿਰਦੇ ਵਲੂੰਧਰਣ ਵਾਲੀ ਘਟਨਾ ਵਾਪਰੀ ਹੈ। ਗੁਰਦੁਆਰਾ ਸਾਹਿਬ ਅੰਦਰ ਮੌਜੂਦ ਬੰਦਿਆਂ ਨੇ ਦੋਸ਼ੀ ਦੀ ਕੁੱਟਮਾਰ ਕੀਤੀ ਅਤੇ ਬਾਅਦ ਵਿੱਚ ਪੁਲਿਸ ਨੂੰ ਦੇ ਦਿੱਤਾ। ਬਾਅਦ ਵਿੱਚ ਹੋਰਨਾਂ ਥਾਵਾਂ ਤੋਂ ਸੰਗਤ ਆਈ, ਸੜਕਾਂ ਰੋਕੀਆਂ ਗਈਆਂ ਆਦਿ ਜੋ ਵੀ ਵਾਪਰਿਆ ਆਪਾਂ ਸਭ ਨੇ ਖਬਰਾਂ ਰਾਹੀਂ ਵੇਖਿਆ/ਸੁਣਿਆ। ਜੋ ਵਾਪਰਿਆ, ਉਹ ਕਿਉਂ ਵਾਪਰਿਆ ? ਕਿਵੇਂ ਵਾਪਰਿਆ ? ਸਿੱਖ ਵਜੋਂ ਗੁਰੂ ਦੇ ਅਦਬ ਸਬੰਧੀ ਸਾਡੀ ਢਿੱਲ ਕਿੱਥੇ ਰਹੀ ? ਇਹ ਸਭ ਛੱਡ ਕੇ ਸਾਰੀ ਚਰਚਾ ਬੇਅਦਬੀ ’ਤੇ ਕੇਂਦਰਿਤ ਹੋ ਜਾਂਦੀ ਹੈ। ਇਹ ਨਹੀਂ ਕਿ ਉਹ ਬਿਲਕੁਲ ਨਹੀਂ ਹੋਣੀ ਚਾਹੀਦੀ, ਹੋਣੀ ਚਾਹੀਦੀ ਹੈ ਪਰ ਸਿੱਖ ਵਜੋਂ ਸਾਡੇ ਲਈ ਬੇਅਦਬੀ ਹੋਣ ਤੋਂ ਪਹਿਲਾਂ ਦੀ ਜ਼ਿੰਮੇਵਾਰੀ ਆਇਦ ਹੈ, ਗੁਰੂ ਦਾ ਅਦਬ ਸਿਰਮੌਰ ਹੈ, ਜਿੱਥੇ ਉਕਾਈ ਹੁੰਦੀ ਹੈ, ਅਸੀਂ ਉਹ ਕਿਉਂ ਛੱਡ ਰਹੇ ਹਾਂ ? 2015 ਤੋਂ ਲਗਾਤਾਰ ਕਰੀਬ ਇਹੀ ਕੁਝ ਹੀ ਵਾਪਰ ਰਿਹਾ ਹੈ, ਸਿੱਖਾਂ ਵਜੋਂ ਸਾਡੇ ਵੱਡੇ ਹਿੱਸੇ ਦੇ ਅਮਲ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ। ਜਦਕਿ ਹੁਣ ਇਹ ਘਟਨਾਵਾਂ ਨਾ ਰਹਿ ਕੇ ਇੱਕ ਵਰਤਾਰਾ ਹੀ ਬਣ ਗਿਆ ਹੈ। ਸਾਨੂੰ ਬਤੌਰ ਸਿੱਖ ਗੁਰੂ ਪਾਤਿਸਾਹ ਜੀ ਦੇ ਅਦਬ ਸਤਿਕਾਰ ਨੂੰ ਮੁੱਖ ਰੱਖਦਿਆਂ ਇਸ ਵਰਤਾਰੇ ਦੀ ਜਿਸ ਤਰ੍ਹਾਂ ਪੜਚੋਲ ਕਰਨੀ ਚਾਹੀਦੀ ਸੀ, ਇਸ ਸਬੰਧੀ ਜਿਸ ਤਰ੍ਹਾਂ ਦਾ ਅਮਲ ਕਰਨਾ ਚਾਹੀਦਾ ਸੀ, ਨਾ ਹੀ ਉਹ ਹੋਇਆ ਅਤੇ ਇਸ ਦੇ ਨਾਲ ਹੀ ਪੰਥਕ ਤੌਰ ’ਤੇ ਅੰਦਰੂਨੀ ਚਿੰਤਨ ਦੀ ਵੀ ਵੱਡੀ ਘਾਟ ਰਹੀ ਹੈ।

ਸਿੱਖ ਲਈ ਗੁਰੂ ਸਾਹਿਬ ਦਾ ਅਦਬ ਅਹਿਮ ਹੈ ਪਰ ਸਾਡੇ ਵਿੱਚ ਵੱਧ ਚਰਚਾ ਬੇਅਦਬੀ ਬਾਰੇ ਹੁੰਦੀ ਹੈ। ਅਜਿਹਾ ਨਹੀਂ ਹੈ ਕਿ ਇਹ ਚਰਚਾ ਨਹੀਂ ਹੋਣੀ ਚਾਹੀਦੀ ਬਲਕਿ ਇਹ ਹੋਣੀ ਹੀ ਹੈ ਕਿਉਂਕਿ ਗੁਰੂ ਸਾਹਿਬ ਦੇ ਅਦਬ ਵਿੱਚ ਖਲਲ ਦੀ ਘਟਨਾ ਸਿੱਖ ਹਿਰਦਿਆਂ ਨੂੰ ਵਲੂੰਧਰ ਦਿੰਦੀ ਹੈ ਪਰ ਲੋੜ ਇਹ ਵੇਖਣ ਦੀ ਹੈ ਕਿ ਬੇਅਦਬੀ ਕਿਉਂ ਅਤੇ ਕਿਵੇਂ ਹੋ ਰਹੀ ਹੈ ? ਤੇ ਕਾਰਨਾਂ ਨੂੰ ਦੂਰ ਕਰਨ ਬਾਰੇ ਚਰਚਾ ਦੀ ਲੋੜ ਹੈ ਪਰ ਇਸ ਪੱਖ ਤੋਂ ਚਰਚਾ ਨਹੀਂ ਹੁੰਦੀ। ਜੇ ਕੋਈ ਮੰਦੀ ਭਾਵਨਾ ਨਾਲ ਗੁਰੂ ਘਰ ਆ ਰਿਹਾ ਤਾਂ ਉਹ ਕਾਮਯਾਬ ਕਿਵੇਂ ਹੋ ਜਾਂਦਾ ਹੈ ? ਦੋਸ਼ੀ ਨੂੰ ਸਜਾ ਤੇ ਸੰਗਤ ਦੇ ਰੋਹ ਦਾ ਪ੍ਰਗਟਾਵਾ ਜਰੂਰੀ ਹੈ ਪਰ ਕੀ ਇੰਨਾ ਹੀ ਕਾਫੀ ਹੈ ?

ਬੇਅਦਬੀ ਦੀਆਂ ਬਹੁਤੀਆਂ ਘਟਨਾਵਾਂ ਉਥੇ ਵਾਪਰੀਆਂ ਹਨ ਜਿੱਥੇ ਗੁਰੂ ਸਾਹਿਬ ਦੇ ਅਦਬ ਨਾਲ ਜੁੜੀ ਪੰਥਕ ਪਰੰਪਰਾ ਦੀ ਪਾਲਣਾ ਨਹੀਂ ਸੀ ਹੋ ਰਹੀ। ਕੀ ਸਾਨੂੰ ਇਹ ਨਹੀਂ ਵੇਖਣਾ ਚਾਹੀਦਾ ਕਿ ਅਸੀਂ ਘਟਨਾ ਤੋਂ ਬਾਅਦ ਜੋ ਅਮਲ ਅਪਣਾਅ ਰਹੇ ਹਾਂ ਉਹ ਗੁਰਮਤਿ ਆਸ਼ੇ ਤੇ ਪੰਥਕ ਰਿਵਾਰਿਤ ਅਨੁਸਾਰੀ ਹੈ ਜਾਂ ਨਹੀਂ। ਸਿਰਫ ਦੋਸ਼ੀ ਨੂੰ ਸਜਾ ਦੇਣ ਦੀ ਗੱਲ ਨਹੀਂ ਹੈ ਸਾਡਾ ਬਾਕੀ ਅਮਲ ਵੀ ਗੁਰਮਤਿ ਆਸ਼ੇ ਤੇ ਪੰਥਕ ਰਿਵਾਰਿਤ ਵਾਲਾ ਨਹੀਂ ਹੁੰਦਾ। ਅਸੀਂ ਸੜਕ/ਥਾਣੇ-ਕਚਹਿਰੀ ਧਰਨਾ ਜਰੂਰ ਦਿੰਦੇ ਹਾਂ ਪਰ ਕੀ ਅਸੀਂ ਕਦੇ ਸੰਗਤੀ ਰੂਪ ਵਿੱਚ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਇਹ ਫੈਸਲਾ ਲਿਆ ਘਟਨਾ ਦੀ ਸਾਰੀ ਸੱਚਾਈ ਪਤਾ ਕਰਕੇ ਸੰਗਤ ਸਾਹਮਣੇ ਰੱਖਾਂਗੇ। ਇਹ ਵੇਖਾਂਗੇ ਕਿ ਕਿੱਥੇ ਕਮੀ ਰਹੀ ਕਿ ਦੋਖੀ ਕਾਮਯਾਬ ਹੋ ਸਕਿਆ ? ਜੋ ਕਮੀ ਸਾਹਮਣੇ ਆਈ ਉਹ ਭਵਿੱਖ ਵਿੱਚ ਦੂਰ ਕੀਤੀ ਜਾਵੇਗੀ। ਕੀ ਇਹ ਫੈਸਲੇ ਅਸੀਂ ਬੀਤੇ ਵਿਚ ਕੀਤੇ ਹਨ ? ਜੇ ਨਹੀਂ ਤਾਂ ਕਿਉਂ ? ਕੀ ਸਾਨੂੰ ਇਸ ਬਾਰੇ ਨਹੀਂ ਸੋਚਣਾ ਚਾਹੀਦਾ ?

ਹਾਲਤ ਇਹ ਹੈ ਕਿ ਜਿਸ ਗੁਰਦੁਆਰਾ ਸਾਹਿਬ ਵਿੱਚ ਘਟਨਾ ਵਾਪਰਦੀ ਹੈ ਉਸ ਇਲਾਕੇ ਦੇ ਬਹੁਤ ਗੁਰਦੁਆਰਾ ਸਾਹਿਬਾਨ ਵਿੱਚ ਵੀ ਹਾਲਾਤ ਉਹੋ-ਜਿਹੇ ਹੀ ਹੁੰਦੇ ਹਨ ਜਿਸ ਦਾ ਫਾਇਦਾ ਚੁੱਕ ਕੇ ਦੋਖੀ ਬੇਅਦਬੀ ਕਰਨ ਵਿੱਚ ਕਾਮਯਾਬ ਹੁੰਦਾ ਹੈ। ਕਦੇ ਅਸੀਂ ਉਹਨਾਂ ਅਸਥਾਨਾਂ ਤੋਂ ਕਮੀਆਂ ਦੂਰ ਕਰਨ ਦਾ ਯਤਨ ਨਹੀਂ ਕਰਦੇ। ਆਖਿਰ ਕਿਉਂ ? ਇਹ ਘਟਨਾਵਾਂ ਬਾਰੇ ਸਾਡਾ ਸਭ ਤੋਂ ਵੱਡਾ ਫੈਸਲਾ ਹੁਣ ਤੱਕ ਕੀ ਰਿਹਾ ਹੈ ? ਸੀ.ਸੀ.ਟੀ.ਵੀ. ਲਵਾਉਣੇ ? ਕੀ ਕੈਮਰਾ ਬੇਅਦਬੀ ਰੋਕ ਦੇਵੇਗਾ ? ਕੈਮਰਾ ਬੇਅਦਬੀ ਹੋਣ ਤੋਂ ਬਾਅਦ ਦੋਸ਼ੀ ਦੀ ਪਹਿਚਾਣ ਕਰ ਸਕਦਾ ਹੈ ਪਰ ਸਾਡਾ ਫਰਜ ਤਾਂ ਬੇਅਦਬੀ ਹੋਣ ਤੋਂ ਪਹਿਲਾਂ ਦਾ ਹੈ। ਇਹ ਗੱਲਾਂ ਵਿਚਾਰੇ ਬਿਨ੍ਹਾਂ ਹਲਾਤ ਹੋਰ ਮਾੜੇ ਹੁੰਦੇ ਜਾਣੇ ਹਨ। ਪਹਿਲਾਂ ਪਹਿਲਾਂ ਹੋਈਆਂ ਘਟਨਾਵਾਂ ਵਿੱਚ ਗੁਰਦੁਆਰਾ ਸਾਹਿਬ ਕੋਈ ਨਹੀਂ ਸੀ ਹੁੰਦਾ, ਹੁਣ ਇਹ ਗੱਲ ਇਥੋਂ ਤੱਕ ਪੁੱਜ ਗਈ ਹੈ ਕਿ ਵੱਡੀ ਗਿਣਤੀ ਵਿੱਚ ਸੰਗਤ ਮੌਜੂਦ ਹੋਣ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਸਾਡਾ ਕੇਂਦਰੀ ਧੁਰਾ ਅਕਾਲ ਤਖਤ ਸਾਹਿਬ ਇਸ ਵੇਲੇ ਸੇਧ ਦੇਣ ਤੇ ਸੰਗਤ ਨੂੰ ਸੂਤਰਬਧ ਕਰਕੇ ਪੰਥਕ ਫੈਸਲਾ ਕੱਢਣ ਦੀ ਸਥਿਤੀ ਵਿੱਚ ਨਹੀਂ ਹੈ। ਜੇਕਰ ਹੁੰਦਾ ਤਾਂ ਇਹ ਹਾਲਾਤ ਨਾ ਹੁੰਦੇ। ਗੁਰੂ ਪਾਤਿਸ਼ਾਹ ਨੇ ਖਾਲਸੇ ਨੂੰ ਖੁਦ ਇਨਸਾਫ ਕਰਨ ਦੇ ਸਮਰੱਥ ਬਣਾਇਆ ਹੈ। ਸੱਚ ਅਤੇ ਝੂਠ ਦੇ ਨਿਤਾਰੇ ਲਈ ਗੁਰੂ ਖਾਲਸਾ ਪੰਥ ‘ਸਵਾ ਲੱਖ’ ਵੀ ਨਿਆਂ ਕਰਨ ਦੇ ਸਮਰੱਥ ਹੈ। ਇਹ ਗੱਲ ਠੀਕ ਹੈ ਕਿ ਸਾਰੇ ਰਾਹ ਵੇਖਣੇ ਚਾਹੀਦੇ ਹਨ, ਪਰਖਣੇ ਚਾਹੀਦੇ ਹਨ ਪਰ ਕਿਸੇ ਮਨੁੱਖ ਉੱਤੇ ਜਾਂ ਉਸ ਵੱਲੋਂ ਬਣਾਏ ਢਾਂਚਿਆਂ ਉੱਤੇ ਹੀ ਟੇਕ ਰੱਖ ਕੇ ਬੈਠ ਜਾਣਾ ਅਤੇ ਬੇਵੱਸ ਹੋ ਕੇ ਲਗਾਤਾਰ ਇਨਸਾਫ ਦੀ ਫਰਿਆਦ ਕਰੀ ਜਾਣਾ, ਇਹ ਪੰਥ ਦੀ ਰਵਾਇਤ ਨਹੀਂ ਹੈ। ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਕਿ ਕੁੱਲ ਆਲਮ ਨੂੰ ਨਿਆਂ ਕਰਨ ਦੇ ਸਮਰੱਥ ਹਨ, ਉਨ੍ਹਾਂ ਬਾਬਤ ਨਿਆਂ ਦੀ ਟੇਕ ਦੁਨਿਆਵੀ ਇਕਾਈਆਂ ’ਤੇ ਰੱਖਣੀ ਬਹੁਤ ਛੋਟੀ ਗੱਲ ਹੈ। ਜਿਆਦਾਤਰ ਇਹੋ ਜਿਹੇ ਹਰ ਮਸਲੇ ਵਿੱਚ ਨਿਆਂ ਦੀ ਆਸ ਇਨ੍ਹਾਂ ਇਕਾਈਆਂ ਉੱਤੇ ਰੱਖੀ ਜਾਂਦੀ ਹੈ ਅਤੇ ਮੁਲਕ ਦਾ ਕਨੂੰਨ ਹਰ ਵਾਰ ਠਿੱਠ ਕਰਦਾ ਹੈ। ਸਾਨੂੰ ਫੈਸਲੇ ਲੈਣ ਦੀ ਪੰਥਕ ਰਵਾਇਤ ਨੂੰ ਮੁੜ ਸੁਰਜੀਤ ਕਰਨ ਦੇ ਰਾਹ ਪੈਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਬੰਧੀ ਸਿੱਖ ਸ਼ਖ਼ਸੀਅਤਾਂ, ਜਥੇਬੰਦੀਆਂ ਅਤੇ ਕਮੇਟੀਆਂ ਨੂੰ ਮਿਲ ਕੇ ਪੰਚ ਪ੍ਰਧਾਨੀ ਪ੍ਰਣਾਲੀ ਤਹਿਤ ਆਪਣੇ ਫੈਸਲੇ ਲੈਣੇ ਚਾਹੀਦੇ ਹਨ ਅਤੇ ਨਿਆਂ ਕਰਨ ਦੀ ਪੰਥਕ ਰਵਾਇਤ ਮੁੜ ਬਹਾਲ ਕਰਨੀ ਚਾਹੀਦੀ ਹੈ।

ਸੋ ਅਜਿਹੇ ਵਿਚ ਸਥਾਨਕ ਸੰਗਤਾਂ ਨੂੰ ਆਪ ਹੀ ਇਹ ਗੱਲਾਂ ਵਿਚਾਰ ਕੇ ਫੈਸਲੇ ਲੈਣੇ ਪੈਣੇ ਹਨ। ਸਾਨੂੰ ਸਭ ਨੂੰ ਆਪੋ-ਆਪਣੀ ਜ਼ਿੰਮੇਵਾਰੀ ਸਮਝ ਕੇ ਉੱਦਮ ਕਰਨੇ ਚਾਹੀਦੇ ਹਨ। ਸਿੱਖ ਲਈ ਗੁਰੂ ਦਾ ਅਦਬ ਸਿਰਮੌਰ ਹੈ ਅਤੇ ਗੁਰੂ ’ਤੇ ਓਟ ਰੱਖ ਕੇ ਹੀ ਸਾਨੂੰ ਆਪ ਉੱਦਮ ਕਰਨੇ ਚਾਹੀਦੇ ਹਨ, ਗੁਰੂ ਭਲੀ ਕਰੇਗਾ !

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

ਮਾਮਲਾ ਗੈਂਗਸਟਰ ਅਤੀਕ ਦੀ ਹੱਤਿਆ ਦਾ

# ਲੋਕਤੰਤਰ ਵਿੱਚ ਮੁੱਖ ਮੰਤਰੀ ਜਾਂ ਪੁਲਿਸ ਕਾਨੂੰਨ ਤੋਂ ਉੱਪਰ ਨਹੀਂ



ਪ੍ਰੋ. ਅਪੂਰਵਾਨੰਦ
ਦਿਲੀ ਯੂਨੀਵਰਸਿਟੀ



PTI

> ਅਜੇ ਦੋ ਦਿਨ ਪਹਿਲਾਂ ਹੀ ਅਤੀਕ ਅਹਿਮਦ ਦੇ ਬੇਟੇ ਨੂੰ ਪੁਲਿਸ ਨੇ ਇੱਕ ‘ਮੁਕਾਬਲੇ’ ਵਿੱਚ ਮਾਰ ਦਿੱਤਾ ਸੀ। ਪਰ ਉਸ ਦਾ ਜਸ਼ਨ ਉਦੋਂ ਤੱਕ ਅਧੂਰਾ ਸੀ ਜਦੋਂ ਤੱਕ ਲੋਕ ਅਤੀਕ ਅਹਿਮਦ ਦਾ ਖ਼ੂਨ ਸੜਕ ਉੱਪਰ ਖਿਲਰਿਆ ਨਹੀਂ ਦੇਖ ਲੈਂਦੇ। ਪਰ ਹਮਲਾਵਰਾਂ ਨੇ ਲੋਕਾਂ ਨੂੰ ਨਿਰਾਸ਼ ਨਹੀਂ ਕੀਤਾ।ਯਾਦ ਰਹੇ ਕਿ ਅਤੀਕ ਦੇ ਬੇਟੇ ਦੇ ਕਤਲ ਤੋਂ ਬਾਅਦ ਇੱਕ ਹਿੰਦੂਤਵੀ ਸਾਧਵੀ ਨੇ ਲਿਖਿਆ ਸੀ ਕਿ ਕਤਲ ਸਿਰ਼ਫ ਇੱਕ ਝਾਕੀ ਸੀ, ਅਤੀਕ ਅਜੇ ਵੀ ਬਾਕੀ ਹੈ। ਅਤੇ ਅਤੀਕ ਦੀ ਹੱਤਿਆ ਕਰ ਦਿੱਤੀ ਗਈ ਸੀ।

ਇਹ ਕਾਨੂੰਨ ਦੇ ਰਾਜ ਦਾ ਇੱਕ ਸ਼ਰੇਆਮ ਕਤਲ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸਮਾਜ ਇਸ ਦਾ ਜਸ਼ਨ ਮਨਾ ਰਿਹਾ ਹੈ। ਇਥੇ ਇਹ ਕਹਿਣਾ ਜ਼ਿਆਦਾ ਸਹੀ ਹੈ ਕਿ ਹਿੰਦੂ ਸਮਾਜ ਦਾ ਇੱਕ ਹਿੱਸਾ ਇਸ ਘਟਨਾ ਦੀ ਖੁਸ਼ੀ ਮਨਾ ਰਿਹਾ ਹੈ। ਇਹ ਇੱਕ ਡੂੰਘੀ ਬਿਮਾਰੀ ਦਾ ਲੱਛਣ ਹੈ ਜੋ ਉਸ ਸਮਾਜ ਵਿੱਚ ਜੜ੍ਹ ਫੜ ਚੁੱਕੀ ਹੈ। ਇਸ ਬਿਮਾਰੀ ਦਾ ਇਲਾਜ ਕੀ ਹੈ ? ਜਾਂ ਬਿਮਾਰ ਨੂੰ ਪਤਾ ਵੀ ਹੈ ਕਿ ਉਹ ਬਿਮਾਰ ਹੈ ?

ਪ੍ਰਯਾਗਰਾਜ ਵਿੱਚ ਕਾਤਲ ਪੱਤਰਕਾਰ ਬਣਕੇ ਪੁਲੀਸ ਦੇ ਘੇਰੇ ਵਿੱਚ ਵੜਕੇ ਹੌਲੀ-ਹੌਲੀ ਅਤੀਕ ਅਹਿਮਦ ਅਤੇ ਅਸ਼ਰਫ ਕੋਲ ਜਾ ਪਹੁੰਚੇ ਤੇ ਗੋਲੀਆਂ ਚਲਾ ਦਿੱਤੀਆਂ। ਇੰਜ ਜਾਪਦਾ ਸੀ ਜਿਵੇਂ ਪੁਲਿਸ ਨੇ ਅਤੀਕ ਦੀ ਸੁਰਖਿਆ ਵਿਚ ਅਣਗਹਿਲੀ ਵਰਤੀ ਹੈ।ਨਹੀਂ ਤਾਂ ਕਿਵੇਂ ਸੰਭਵ ਸੀ ਕਿ ਉਹ ਪੁਲਿਸ ਦਾ ਘੇਰਾ ਤੋੜ ਸਕਦੇ।ਹੈਰਾਨੀ ਦੀ ਗੱਲ ਇਹ ਹੈ ਕਿ ਸ਼ੂਟਰਾਂ ਨੇ ਕਤਲ ਦਾ ਕੰਮ ਪੂਰਾ ਕਰਕੇ ’ਜੈ ਸ਼੍ਰੀ ਰਾਮ’ ਦੇ ਨਾਅਰੇ ਲਾਉਂਦੇ ਹੋਏ ਆਤਮ ਸਮਰਪਣ ਕਰ ਦਿੱਤਾ। .

ਲੋਕ ਟੈਲੀਵਿਜ਼ਨ ’ਤੇ ਕਤਲ ਦਾ ਸਾਰਾ ਦ੍ਰਿਸ਼ ਦੇਖਦੇ ਰਹੇ। ਟੀਵੀ ਨਿਊਜ਼ ਰੀਡਰ ਵਾਰ-ਵਾਰ ਉਤਸ਼ਾਹੀ ਸੁਰ ਵਿੱਚ ਇਸ ਘਟਨਾ ਨੂੰ ਵਾਰ ਵਾਰ ਦਿਖਾਉਂਦੇ ਰਹੇ ਅਤੇ ਹਰ ਫਰੇਮ ਦਾ ਵਿਸ਼ਲੇਸ਼ਣ ਕਰਦੇ ਰਹੇ। ਟੀ.ਵੀ.ਚੈਨਲ ਆਪਣੇ ਇਸ ਫਰਜ਼ ਪ੍ਰਤੀ ਬਹੁਤ ਸੁਚੇਤ ਸਨ ਕਿ ਸਾਰੇ ਦਰਸ਼ਕ ਇਸ ਕਤਲ ਦਾ ਆਨੰਦ ਮਾਣ ਸਕਣ। ’ਲਾਈਵ ਕਤਲ’ ਦੇਖਣ ਦਿਖਾਉਣ ਦਾ ਮਜ਼ਾ ਹੀ ਕੁਝ ਹੋਰ ਹੈ !ਟ ੀਵੀ ਛੱਡੋ, ’ਹਿੰਦੂ’ ਵਰਗੇ ਅਖ਼ਬਾਰਾਂ ਨੇ ਕਤਲ ਦੀ ਖ਼ਬਰ ਦਿੰਦੇ ਹੋਏ ਲਿਖਿਆ ਕਿ ਕਿਵੇਂ ਅਤੀਕ ਅਹਿਮਦ ਨੂੰ ਮਿੱਟੀ ਵਿੱਚ ਰੋਲ ਦਿਤਾ।, ਜਿਵੇਂ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਵਾਅਦਾ ਕੀਤਾ ਸੀ ਕਿ ’ਮਾਫੀਆ ਨੂੰ ਮਿੱਟੀ ਵਿੱਚ ਮਿਲਾ ਦੇਵਾਂਗਾ’, ਇਹ ਮੁੱਖ ਮੰਤਰੀ ਦੀ ਜ਼ੁਬਾਨ ਸੀ। ਇਹ ਵਰਤਾਰਾ ਹੁਣ ਸਭਿਅਕ ਲੋਕਾਂ ਨੂੰ ਵੀ ਮਨਜ਼ੂਰ ਹੈ।

ਮੁੱਖ ਮੰਤਰੀ ਨੇ ਪੁਲੀਸ ਘੇਰੇ ਵਿੱਚ ਹੋਏ ਇਨ੍ਹਾਂ ਕਤਲਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਸ ਦੇ ਮੰਤਰੀ ਨੇ ਕਤਲ ਤੋਂ ਬਾਅਦ ਤਸੱਲੀ ਪ੍ਰਗਟਾਈ ਹੈ ਕਿ ਇਸ ਜਨਮ ਵਿੱਚ ਹੀ ਪਾਪ-ਪੁੰਨਾਂ ਦਾ ਹਿਸਾਬ-ਕਿਤਾਬ ਹੋ ਜਾਂਦਾ ਹੈ। ਦੂਜੇ ਮੰਤਰੀ ਨੇ ਇਸ ਨੂੰ ਰੱਬੀ ਨਿਆਂ ਕਿਹਾ। ਇਸ ਤੋਂ ਬਾਅਦ ਵੀ ਜੇਕਰ ਕੋਈ ਮੰਨ ਲਵੇ ਕਿ ਕਾਤਲਾਂ ਨੇ ਕਮਜ਼ੋਰ ਪੁਲਿਸ ਨੂੰ ਝਕਾਨੀ ਦੇ ਕੇ ਦੋ ਭਰਾਵਾਂ ਦਾ ਕਤਲ ਕੀਤਾ ਹੈ ਤਾਂ ਉਸ ਦੀ ਅਕਲ ’ਤੇ ਤਰਸ ਕੀਤਾ ਸਕਦਾ ਹੈ।ਇਹ ਵੀ ਖ਼ਬਰ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਯੂਥ ਵਿੰਗ ਨੇ ਇਲਾਹਾਬਾਦ ਵਿੱਚ ਪਟਾਕੇ ਚਲਾ ਕੇ ਇਸ ਦਾ ਜਸ਼ਨ ਮਨਾਇਆ। ਇਹ ਸੀਰੀਅਲ ਧਮਾਕੇ ਦੀ ਇੱਕ ਕਿਸ਼ਤ ਸੀ। ਅਜੇ ਦੋ ਦਿਨ ਪਹਿਲਾਂ ਹੀ ਅਤੀਕ ਅਹਿਮਦ ਦੇ ਬੇਟੇ ਨੂੰ ਪੁਲਿਸ ਨੇ ਇੱਕ ‘ਮੁਕਾਬਲੇ’ ਵਿੱਚ ਮਾਰ ਦਿੱਤਾ ਸੀ। ਪਰ ਉਸ ਦਾ ਜਸ਼ਨ ਉਦੋਂ ਤੱਕ ਅਧੂਰਾ ਸੀ ਜਦੋਂ ਤੱਕ ਲੋਕ ਅਤੀਕ ਅਹਿਮਦ ਦਾ ਖ਼ੂਨ ਸੜਕ ਉਪਰ ਖਿਲਰਿਆ ਨਹੀਂ ਦੇਖ ਲੈਂਦੇ। ਪਰ ਹਮਲਾਵਰਾਂ ਨੇ ਲੋਕਾਂ ਨੂੰ ਨਿਰਾਸ਼ ਨਹੀਂ ਕੀਤਾ।ਯਾਦ ਰਹੇ ਕਿ ਅਤੀਕ ਦੇ ਬੇਟੇ ਦੇ ਕਤਲ ਤੋਂ ਬਾਅਦ ਇੱਕ ਹਿੰਦੂਤਵੀ ਸਾਧਵੀ ਨੇ ਲਿਖਿਆ ਸੀ ਕਿ ਕਤਲ ਸਿਰ਼ਫ ਇੱਕ ਝਾਕੀ ਸੀ, ਅਤੀਕ ਅਜੇ ਵੀ ਬਾਕੀ ਹੈ। ਅਤੇ ਅਤੀਕ ਦੀ ਹੱਤਿਆ ਕਰ ਦਿੱਤੀ ਗਈ ਸੀ।ਅਤੀਕ ਅਹਿਮਦ ਨੇ ਖੁਦ ਸੁਪਰੀਮ ਕੋਰਟ ਵਿੱਚ ਆਪਣੀ ਹੱਤਿਆ ਦੀ ਸੰਭਾਵਨਾ ਨੂੰ ਲੈ ਕੇ ਅਪੀਲ ਕੀਤੀ ਸੀ। ਅਦਾਲਤ ਨੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ।ਅਦਾਲਤ ਨੇ ਕਿਹਾ ਸੀ ਕਿ ਉਹ ਰਾਜ ਦੀ ਸੁਰੱਖਿਆ ਹੇਠ ਹੈ। ਅਦਾਲਤ ਨੂੰ ਇਹ ਪਤਾ ਹੋਣ ਦੇ ਬਾਵਜੂਦ ਕਿ ਰਾਜ ਵਿੱਚ ਅਜਿਹੀਆਂ ਹੱਤਿਆਵਾਂ ਦਾ ਵਾਧਾ ਹੋਇਆ ਹੈ, ਉਸਨੇ ਅਤੀਕ ਅਹਿਮਦ ਦੇ ਖਦਸ਼ੇ ਵੱਲ ਧਿਆਨ ਨਹੀਂ ਦਿੱਤਾ।

ਖਦਸ਼ਾ ਸੱਚ ਸੀ ? ਕੀ ਅਦਾਲਤ ਅਜੇ ਵੀ ਹੋਰ ਕੇਸਾਂ ਦੀ ਸੁਣਵਾਈ ਲਈ ਆਪਣੀ ਵਿਵੇਕਸ਼ੀਲਤਾ ਨੂੰ ਯਕੀਨੀ ਬਣਾਵੇਗੀ ,ਸਖਤ ਨੋਟਿਸ ਲਵੇਗੀ ?ਇਹ ਕੋਈ ਇਤਫ਼ਾਕ ਨਹੀਂ ਹੈ ਕਿ ਕਤਲ ਤੋਂ ਬਾਅਦ ਕਾਤਲਾਂ ਨੇ ’ਜੈ ਸ਼੍ਰੀ ਰਾਮ’ ਦਾ ਨਾਅਰਾ ਲਗਾਇਆ ਸੀ। ਇਹ ਅੱਜਕਲ ਅਪਰਾਧੀਆਂ ਲਈ ਢਾਲ ਬਣ ਗਿਆ ਹੈ। ਖਾਸ ਕਰਕੇ ਜੇ ਕਤਲ ਕਿਸੇ ਮੁਸਲਮਾਨ ਦਾ ਹੋ ਰਿਹਾ ਹੋਵੇ।ਕੀ ਮੈਨੂੰ ਪੜ੍ਹ ਕੇ ਕਿਹਾ ਜਾਵੇਗਾ ਕਿ ਇਹ ਲੇਖਕ ਅਪਰਾਧੀ ਅਤੀਕ ਅਹਿਮਦ ਦਾ ਸਮਰਥਕ ਹੈ ? ਸੰਭਵ ਹੈ ਕਿ ਇਹ ਕਿਹਾ ਜਾਵੇ। .

ਮਿਸਾਲ ਵਜੋਂ ਅਤੀਕ ਅਹਿਮਦ ਦੇ ਬੇਟੇ ਨੂੰ ‘ਮੁਕਾਬਲੇ’ ਵਿਚ ਮਾਰੇ ਜਾਣ ਦੀ ਆਲੋਚਨਾ ਕਰਨ ’ਤੇ ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਕੀ ਤੁਸੀਂ ਅਪਰਾਧੀਆਂ ਦਾ ਸਮਰਥਨ ਕਰਦੇ ਹੋ। ਵੈਸੇ ਵੀ ਤੁਸੀਂ ਖੁਸ਼ ਕਿਉਂ ਨਹੀਂ ਹੁੰਦੇ ਜੇ ਸਮਾਜ ਇਹਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ । ਅਪਰਾਧੀਆਂ ਦੇ ਸਮਰਥਕ ਹੀ ਅਪਰਾਧੀ ਹੋ ਸਕਦੇ ਹਨ ਅਤੇ ਉਹ ਹਨ। ਪਰ ਮੇਰੀ ਚਿੰਤਾ ਉਸ ਰਾਜ ਦੇ ਅਪਰਾਧੀ ਬਣ ਜਾਣ ਦੀ ਹੈ ਜਿਸ ਨੇ ਸਾਡੀ ਰੱਖਿਆ ਕਰਨੀ ਹੈ। ਅਤੇ ਚਿੰਤਾ ਇਹ ਵੀ ਹੈ ਕਿ ਰਾਜ ਨੇ ਸਮਾਜ ਦੇ ਇੱਕ ਹਿੱਸੇ ਨੂੰ ਇਸ ਕਤਲ ਵਿੱਚ ਆਪਣਾ ਭਾਈਵਾਲ ਬਣਾ ਲਿਆ ਹੈ ਜੋ ਕਿ ਬਹੁਤ ਖਤਰਨਾਕ ਵਰਤਾਰਾ ਹੈ। ਸਾਡੀ ਚਿੰਤਾ ਇਹ ਹੈ ਕਿ ਕਾਨੂੰਨ ਦੇ ਰਾਜ ਦਾ ਅਰਥ ਲੋਕਾਂ ਦੇ ਮਨਾਂ ਵਿੱਚੋਂ ਗਾਇਬ ਹੋ ਗਿਆ ਹੈ ਪਰ ਮਾਮਲਾ ਕਾਨੂੰਨ ਦੇ ਰਾਜ ਦੀ ਹੱਤਿਆ ਤੋਂ ਵੀ ਵੱਡਾ ਹੈ। ਕਾਤਲ ‘ਜੈ ਸ਼੍ਰੀ ਰਾਮ’ ਦੇ ਨਾਅਰੇ ਕਿਉਂ ਲਾ ਰਹੇ ਸਨ ? ‘ਜੈ ਸ਼੍ਰੀ ਰਾਮ’ ਦੇ ਨਾਅਰੇ ਨਾਲ ਮੁਸਲਮਾਨਾਂ ਵਿਰੁੱਧ ਹਿੰਸਾ ਕੀਤੀ ਜਾਂਦੀ ਹੈ। ਫਿਰ ਕੀ ਸਿਰਫ ਇੱਕ ਮੁਜਰਿਮ ਨੂੰ ਮਾਰਿਆ ਗਿਆ ਸੀ ?ਸਵਾਲ ਬੇਤੁਕਾ ਹੈ ਪਰ ਜੇਕਰ ਇਹ ਬਹੁਤ ਸਾਰੇ ਲੋਕਾਂ ਦੇ ਮਨਾਂ ਵਿੱਚ ਘੁੰਮ ਰਿਹਾ ਹੈ ਤਾਂ ਇਸ ਨੂੰ ਵੀ ਪ੍ਰਕਾਸ਼ਿਤ ਕੀਤਾ ਜਾਣਾ ਚਾਹੀਦਾ ਹੈ। ਕੀ ਕਾਤਲਾਂ ਨੇ ਇਸ ਨਾਅਰੇ ਨਾਲ ਆਪਣੀ ਪਛਾਣ ਕਰਵਾਈ ਸੀ ਕਿ ਉਹ ਕੌਣ ਹਨ ? ਅਤੇ ਦੱਸਿਆ ਗਿਆ ਸੀ ਕਿ ਇਹ ਕਤਲ ਇਸ ਨਾਅਰੇ ਨੂੰ ਮੰਨਣ ਵਾਲਿਆਂ ਦੀ ਸ਼ਹਿ ’ਤੇ ਕੀਤਾ ਜਾ ਰਿਹਾ ਹੈ। ਕੁਝ ਦੋਸਤ ਕਤਲ ਦੀ ਤਰੀਕ ਨੂੰ ਲੈ ਕੇ ਇਸ ਕਤਲ ਦੀ ਇਮਾਨਦਾਰੀ ’ਤੇ ਸਵਾਲ ਉਠਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੱਤਿਆਪਾਲ ਮਲਿਕ ਦੇ ਸਰਕਾਰ ਵਿਰੋਧੀ ਇੰਟਰਵਿਊ ਤੋਂ ਧਿਆਨ ਹਟਾਉਣ ਲਈ ਅਤੀਕ ਅਹਿਮਦ ਦੀ ਹੱਤਿਆ ਕੀਤੀ ਗਈ ਸੀ। ਤਾਂ ਕਿ ਅਸੀਂ ਇਸ ਕਤਲ ਬਾਰੇ ਗੱਲ ਕਰਦੇ ਰਹੀਏ ਅਤੇ ਮਲਿਕ ਦੇ ਦੋਸ਼ਾਂ ਦੀ ਚਰਚਾ ਦਬਾ ਦਿੱਤੀ ਜਾਵੇ ? ਮੁਸਲਮਾਨਾਂ ’ਤੇ ਹਮਲਿਆਂ ਨੂੰ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਅਸਲ ਕੌਮੀ ਮੁੱਦਿਆਂ ਤੋਂ ਧਿਆਨ ਹਟਾਉਣ ਦੀ ਸਾਜ਼ਿਸ਼ ਦੱਸਿਆ ਗਿਆ ਹੈ। ਸਾਨੂੰ ਅਸਲ ਮੁੱਦਿਆਂ ’ਤੇ ਡਟੇ ਰਹਿਣ ਲਈ ਕਿਹਾ ਜਾਂਦਾ ਹੈ।ਸਵਾਲ ਇਹ ਹੈ ਕਿ ਅਸੀਂ ਕਿਸ ਦੇ ਧਿਆਨ ਭਟਕਣ ਤੋਂ ਫਿਕਰਮੰਦ ਹਾਂ ? ਕਿਹੜੇ ਲੋਕਾਂ ਦੇ ? ਇਹ ਘਟਨਾ ਕਿਸ ਦੀ ਨੀਂਦ ਉਡਾ ਰਹੀ ਹੈ ਅਤੇ ਕਿਸ ਲਈ ਅਸਲ ਮਾਡਲ ਤੋਂ ਧਿਆਨ ਹਟਾਉਣ ਦੀ ਇੱਕ ਚਾਲ ਹੈ ਤਾਂ ਕੀ ਸਾਨੂੰ ਰਾਸ਼ਟਰ ਦੇ ਹਿੱਤ ਵਿੱਚ ਇਨ੍ਹਾਂ ਕਤਲਾਂ ਨੂੰ ਹੋਣ ਦੇਣਾ ਚਾਹੀਦਾ ਹੈ ? ਆਖਿਰਕਾਰ, ਇੱਕ ਅਪਰਾਧੀ ਦੀ ਮੌਤ ਹੋ ਗਈ ਹੈ, ਹੈ ਨਾ ? ਪਰ ਕੀ ਸਾਨੂੰ ਇਸ ਕਤਲ ਬਾਰੇ ਸੱਚਮੁੱਚ ਗੱਲ ਨਹੀਂ ਕਰਨੀ ਚਾਹੀਦੀ ? ਕੀ ਇਹ ਕਤਲ ਅਸਲ ਮੁੱਦਾ ਨਹੀਂ ਹਨ ?

. ਅਸਲ ਸਵਾਲ ਇਹ ਬਣਿਆ ਹੋਇਆ ਹੈ ਕਿ ਕੀ ਇੱਕ ਲੋਕਤੰਤਰ ਵਿੱਚ ਕਾਨੂੰਨ ਦੀ ਪ੍ਰਕਿਰਿਆ ਇਸ ਤਰ੍ਹਾਂ ਹੀ ਸਿਰੇ ਲੱਗੇਗੀ ? ਇਹ ਸਭ ਮੰਨਦੇ ਹਨ ਕਿ ਦੋਸ਼ੀਆਂ ਨੂੰ ਸਜ਼ਾਵਾਂ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ ਪਰ ਪੁਲੀਸ ਜੱਜ ਨਾ ਬਣੇ । ਲੋਕਤੰਤਰ ਵਿੱਚ ਮੁੱਖ ਮੰਤਰੀ ਕਾਨੂੰਨ ਤੋਂ ਉਪਰ ਨਹੀਂ ਹੋ ਜਾਂਦਾ।



# ਗੁਰਾਂ ਦੇ ਨਾਂਅ ’ਤੇ ਵਸਦਾ ਹੈ ਪੰਜਾਬ



- 1947 ਤੋਂ ਲੈ ਕੇ ਹੁਣ ਤੱਕ ਹੁੰਦਾ ਆਇਆ ਹੈ ਪੰਜਾਬ ਨਾਲ ਧੱਕਾ
- ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਪਿੱਛੇ ਵੀ ਭਾਰਤ ਦੇ ਸਿਆਸੀ ਆਗੂਆਂ ਦੀ ਸੀ ਵੱਡੀ ਸਾਜਿਸ਼
- ਦੇਸ਼ ’ਤੇ ਪਈ ਹਰ ਮੁਸੀਬਤ ਵੇਲੇ ਭਾਰਤ ਦਾ ਰਖਵਾਲਾ ਬਣਿਆ ਪੰਜਾਬ
- ਸਮੇਂ ਦੀਆਂ ਕੇਂਦਰ ਸਰਕਾਰਾਂ ਦੀ ਧੱਕੇਸ਼ਾਹੀ ਵੀ ਪੰਜਾਬ ਨੂੰ ਡੋਬ ਨਾ ਸਕੀ
- ਦੇਸ਼ ਦੇ ਅੰਨ ਭੰਡਾਰ ਵਿੱਚ ਵੱਡਾ ਹਿੱਸਾ ਪਾਉਂਦਾ ਹੈ ਪੰਜਾਬ
- ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀ ਅਗਵਾਈ ਵਾਲੀਆਂ ਕਾਂਗਰਸ ਸਰਕਾਰਾਂ ਸਮੇਂ ਪੰਜਾਬ ਵਿਰੁੱਧ ਹੁੰਦੀਆਂ ਰਹੀਆਂ ਨੇ ਵੱਡੀਆਂ ਸਾਜਿਸ਼ਾਂ
- ਪੰਜਾਬ ਨੂੰ ਉਜਾੜਨ ਦੇ ਵਿਰੋਧੀਆਂ ਦੇ ਮਨਸੂਬੇ ਅਜੇ ਤੱਕ ਨਾ ਹੋਏ ਸਫ਼ਲ
- ਪੰਜਾਬ ’ਚ ਲੰਬਾ ਸਮਾਂ ਰਾਸ਼ਟਰਪਤੀ ਰਾਜ ਲਗਾ ਕੇ ਕੇਂਦਰ ਨੇ ਕੀਤਾ ਸਿੱਧਾ ਸ਼ਾਸ਼ਨ ਤੇ ਮਨਮਰਜ਼ੀਆਂ
- ਪੰਜਾਬ ਦੇ ਸਿਆਸੀ ਆਗੂਆਂ ਦੀ ਪੰਜਾਬ ਪ੍ਰਤੀ ਨਾਂਹ ਪੱਖੀ ਭੂਮਿਕਾ
- ਮਿੱਠਾ ਜ਼ਹਿਰ ਬਣ ਕੇ ਚੂੰਬੜੇ ਰਹੇ ਪੰਜਾਬ ਦੇ ਸਿਆਸੀ ਆਗੂ

1947 ਤੋਂ ਲੈ ਕੇ ਹੁਣ ਤਕ ਪੰਜਾਬ ਨੂੰ ਉਜਾੜਨ ਦੇ ਅਨੇਕਾਂ ਵਾਰ ਬਾਹਰੀ ਅਤੇ ਘਰੇਲੂ ਯਤਨ ਹੋਏ, ਪਰ ਹਰ ਵਾਰ ਪੰਜਾਬ ਪਹਿਲਾਂ ਨਾਲੋਂ ਵੀ ਤਕੜਾ ਹੋ ਕੇ ਉਭਰਦਾ ਰਿਹਾ। ਪੰਜਾਬ ਨੂੰ ਉਜਾੜਨ ਦਾ ਯਤਨ ਕਰਨ ਵਾਲੇ ਇਹ ਭੁੱਲ ਜਾਂਦੇ ਹਨ ਕਿ ਪੰਜਾਬ ਤਾਂ ਗੁਰਾਂ ਦੇ ਨਾਂਅ ’ਤੇ ਵਸਦਾ ਹੈ, ਇਸੇ ਕਾਰਨ ਪੰਜਾਬ ਵੱਲੋਂ ਹਰ ਬਿਪਤਾ ਦਾ ਡਟ ਕੇ ਮੁਕਾਬਲਾ ਕੀਤਾ ਜਾਂਦਾ ਹੈ ਅਤੇ ਪੰਜਾਬ ਉਜੜਦਾ ਉਜੜਦਾ ਮੁੜ ਉਭਰ ਕੇ ਸਾਹਮਣੇ ਆ ਜਾਂਦਾ ਹੈ ਅਤੇ ਪਹਿਲਾਂ ਨਾਲੋਂ ਵੀ ਤਕੜਾ ਹੋ ਕੇ ਵਿਚਰਦਾ ਹੈ। ਹੱਦ ਤਾਂ ਉਦੋਂ ਹੋ ਗਈ, ਜਦੋਂ ਪੰਜਾਬ ਦੇ ਜੰਮੇ ਜਾਏ ਪੁੱਤਰ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਅਤੇ ਪੰਜਾਬ ਦੇ ਅਨੇਕਾਂ ਸਿਆਸੀ ਆਗੂ ਮਿੱਠਾ ਜ਼ਹਿਰ ਬਣ ਕੇ ਪੰਜਾਬ ਨੂੰ ਚੁੰਬੜੇ ਰਹੇ। ਇਹਨਾਂ ਸਿਆਸੀ ਆਗੂਆਂ ਦੀ ਨਾਂਹ ਪੱਖੀ ਭੂਮਿਕਾ ਨੇ ਵੀ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਪਰ ਪੰਜਾਬ ਮੁੜ ਪੈਰਾਂ ਸਿਰ ਖਲੌਂਦਾ ਰਿਹਾ।

1947 ਵਿੱਚ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ ਨਾਲ ਅਨੇਕਾਂ ਧੱਕੇਸ਼ਾਹੀਆਂ ਹੋਈਆਂ ਹਨ, ਵੱਖ- ਵੱਖ ਸਮੇਂ ਦੀਆਂ ਕੇਂਦਰ ਸਰਕਾਰਾਂ ਵੱਲੋਂ ਪੰਜਾਬ ਵਿਰੁੱਧ ਵੱਡੀਆਂ ਸਾਜਿਸ਼ਾਂ ਕੀਤੀਆਂ ਗਈਆਂ ਹਨ। ਜਿਹਨਾਂ ਵਿੱਚ ‘ਅਪ੍ਰੇਸ਼ਨ ਨੀਲਾ ਤਾਰਾ’ ਵੀ ਸ਼ਾਮਲ ਹੈ। ਅਸਲ ਵਿੱਚ 1947 ਵਿੱਚ ਦੇਸ਼ ਦੇ ਆਜ਼ਾਦ ਹੋਣ ਸਮੇਂ ਪੰਜਾਬ ਦੀ ਵੰਡ ਪਿੱਛੇ ਵੀ ਭਾਰਤ ਦੇ ਉਸ ਸਮੇਂ ਦੇ ਮੋਹਰੀ ਸਿਆਸੀ ਆਗੂਆਂ ਦੀ ਵੱਡੀ ਸਾਜਿਸ਼ ਸੀ। ਇਹਨਾਂ ਸਿਆਸੀ ਆਗੂਆਂ ਵੱਲੋਂ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਉਜਾੜਨ ਅਤੇ ਉਹਨਾਂ ਨੂੰ ਅਲੱਗ ਥਲੱਗ ਕਰਨ ਲਈ ਹੀ ਪੰਜਾਬ ਦੀ ਵੰਡ ਕਰਨ ਲਈ ਸਹਿਮਤੀ ਦਿੱਤੀ ਗਈ, ਜਿਸ ਕਾਰਨ 1947 ਵਿੱਚ ਲੱਖਾਂ ਪੰਜਾਬੀ ਉਜੜਨ ਲਈ ਮਜ਼ਬੂਰ ਹੋਏ। ਮੀਡੀਆ ਰਿਪੋਰਟਾਂ ਅਨੁਸਾਰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਸਿੱਖਾਂ ਪ੍ਰਤੀ ਮਾੜੀ ਸੋਚ ਰੱਖਦੇ ਸਨ, ਇਹੀ ਕਾਰਨ ਸੀ ਜਦੋਂ 1947 ਵਿੱਚ ਪਾਕਿਸਤਾਨ ਵਾਲੇ ਪੰਜਾਬ ਤੋਂ ਉਜੜ ਕੇ ਆਏ ਸਿੱਖਾਂ ਨੂੰ ਦਿੱਲੀ ਦੇ ਨੇੜੇ ਵਸਾਉਣ ਦੀ ਗਲ ਉਸ ਸਮੇਂ ਦੇ ਸੀਨੀਅਰ ਸਰਕਾਰੀ ਅਫ਼ਸਰ ਮਹਿੰਦਰ ਸਿੰਘ ਰੰਧਾਵਾ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਕੋਲ ਕੀਤੀ ਸੀ ਤਾਂ ਇਸਦਾ ਬਹੁਤ ਰੁੱਖਾ ਜਵਾਬ ਪੰਡਤ ਨਹਿਰੂ ਨੇ ਦਿਤਾ ਸੀ। ਅਸਲ ਵਿੱਚ ਪੰਡਤ ਨਹਿਰੂ ਨੂੰ ਇਹ ਪਤਾ ਹੀ ਨਹੀਂ ਸੀ ਕਿ ਸਰਕਾਰੀ ਅਫ਼ਸਰ ਮਹਿੰਦਰ ਸਿੰਘ ਰੰਧਾਵਾ ਵੀ ਸਿੱਖ ਹਨ, ਕਿਉਂਕਿ ਮਹਿੰਦਰ ਸਿੰਘ ਰੰਧਾਵਾ ਕਲੀਨਸ਼ੇਵ ਸਨ। ਇਹ ਗਲ ਕਈ ਵਾਰ ਮੀਡੀਆ ਵਿੱਚ ਆ ਚੁਕੀ ਹੈ। ਇਸ ਗਲ ਤੋਂ ਪਤਾ ਚਲ ਜਾਂਦਾ ਹੈ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਤੋਂ ਹੀ ਪੰਜਾਬ ਨਾਲ ਵਿਤਕਰਾ ਅਤੇ ਧੱਕੇਸ਼ਾਹੀਆਂ ਦਾ ਦੌਰ ਸ਼ੁਰੂ ਹੋ ਗਿਆ ਸੀ।

ਇਤਿਹਾਸ ਤੋਂ ਪਤਾ ਚਲਦਾ ਹੈ ਕਿ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਜਦੋਂ ਅੰਗਰੇਜ਼ ਸਿੱਖਾਂ ਨੂੰ ਵੀ ਹਿੰਦੂਆਂ ਅਤੇ ਮੁਸਲਮਾਨਾਂ ਵਾਂਗ ਵੱਖਰਾ ਮੁਲਕ ਦੇਣਾ ਚਾਹੁੰਦੇ ਸਨ ਤਾਂ ਉਸ ਸਮੇਂ ਦੇ ਭਾਰਤ ਦੇ ਹਿੰਦੂ ਆਗੂਆਂ ਨੇ ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ ਅਤੇ ਹੋਰ ਸਿਖ ਆਗੂਆਂ ਨੂੰ ਮਿੱਠੀਆਂ ਗੱਲਾਂ ਕਰਕੇ ਭਰਮਾਅ ਲਿਆ ਅਤੇ ਉਸ ਸਮੇਂ ਦੇ ਸਿੱਖ ਆਗੂਆਂ ਨੂੰ ਅੰਗਰੇਜ਼ਾਂ ਤੋਂ ਸਿੱਖਾਂ ਲਈ ਵੱਖਰਾ ਦੇਸ਼ ਨਾ ਲੈਣ ਅਤੇ ਭਾਰਤ ਨਾਲ ਹੀ ਰਹਿਣ ਲਈ ਮਨਾ ਲਿਆ ਅਤੇ ਸਿੱਖ ਆਗੂਆਂ ਨਾਲ ਕਈ ਤਰਾਂ ਦੇ ਵਾਅਦੇ ਕੀਤੇ ਗਏ ਪਰ ਜਦੋਂ ਭਾਰਤ





ਆਜ਼ਾਦ ਹੋ ਗਿਆ ਅਤੇ ਮਾਸਟਰ ਤਾਰਾ ਸਿੰਘ ਸਮੇਤ ਅਨੇਕਾਂ ਸਿੱਖ ਆਗੂਆਂ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨੂੰ ਸਿੱਖਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨ ਲਈ ਕਿਹਾ ਤਾਂ ਪੰਡਤ ਨਹਿਰੂ ਸਾਫ਼ ਮੁਕਰ ਗਏ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਦੇਸ਼ ਆਜ਼ਾਦ ਹੋਣ ਸਮੇਂ ਹੀ ਪੰਜਾਬ ਨਾਲ ਵਿਤਕਰੇ ਕਰਨ ਦੀ ਸ਼ੁਰੂਆਤ ਹੋ ਗਈ ਸੀ।

ਜਦੋਂ ਪੰਡਤ ਨਹਿਰੂ ਦੀ ਧੀ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਬਣੀ ਤਾਂ ਉਸਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਬਹੁਤ ਕੁਝ ਕੀਤਾ। ਇੰਦਰਾ ਗਾਂਧੀ ਨੇ 1984 ਵਿੱਚ ਪੰਜਾਬ ਨੂੰ ਫੌਜ਼ ਹਵਾਲੇ ਕਰ ਦਿੱਤਾ ਅਤੇ ਸਿੱਖਾਂ ਦੇ ਪਵਿੱਤਰ ਸ੍ਰੀ ਦਰਬਾਰ ਸਾਹਿਬ ਸਮੇਤ ਵੱਖ- ਵੱਖ ਸਿੱਖ ਗੁਰਧਾਮਾਂ ’ਤੇ ਭਾਰਤੀ ਫੌਜ ਤੋਂ ਹਮਲਾ ਕਰਵਾ ਦਿਤਾ ਅਤੇ ਸਿੱਖਾਂ ਦੇ ਗੁਰਧਾਮਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ। ਇਸ ਨੂੰ ਆਪ੍ਰੇਸ਼ਨ ਨੀਲਾ ਤਾਰਾ ਜਾਂ ਅਪ੍ਰੇਸ਼ਨ ਬਲਿਊ ਸਟਾਰ ਦਾ ਨਾਮ ਦਿੱਤਾ ਗਿਆ। ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਦੀ ਸੋਚ ਨੂੰ ਅਪਨਾਉਂਦਿਆਂ 1984 ਦੇ ਦਹਾਕੇ ਦੌਰਾਨ ਵੱਡੀ ਗਿਣਤੀ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਕਹਿ ਕੇ ਮਰਵਾਉਣਾ ਸ਼ੁਰੂ ਕਰ ਦਿਤਾ। ਇੰਦਰਾ ਗਾਂਧੀ ਨੇ ਭਾਰਤ ਦੀ ਪ੍ਰਧਾਨ ਮੰਤਰੀ ਹੁੰਦਿਆਂ ਪੂਰੀ ਦੁਨੀਆਂ ਵਿੱਚ ਸਿੱਖਾਂ ਵਿਰੁੱਧ ਵੱਡੇ ਪੱਧਰ ’ਤੇ ਪ੍ਰਚਾਰ ਕਰਵਾਇਆ ਅਤੇ ਪੂਰੀ ਦੁਨੀਆਂ ਸਾਹਮਣੇ ਸਿੱਖਾਂ ਨੂੰ ਅੱਤਵਾਦੀ ਬਣਾ ਕੇ ਪੇਸ਼ ਕੀਤਾ।

ਪ੍ਰਧਾਨ ਮੰਤਰੀ ਹੁੰਦਿਆਂ ਇੰਦਰਾ ਗਾਂਧੀ ਅਕਸਰ ਪੱਤਰਕਾਰਾਂ ਸਾਹਮਣੇ ਕਹਿੰਦੀ ਹੁੰਦੀ ਸੀ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ, ਜਿਸ ਕਰਕੇ ਉਥੇ ਸ਼ਾਂਤੀ ਕਿਸ ਤਰਾਂ ਰਹਿ ਸਕਦੀ ਹੈ। 1984 ਵਿੱਚ ਹੀ ਇੰਦਰਾ ਗਾਂਧੀ ਨੇ ਇਕ ਸਾਜਿਸ਼ ਤਹਿਤ ‘ਬਲੈਕ ਕੈਟਸ’ (ਕਾਲੀਆਂ ਬਿੱਲੀਆਂ) ਦੀ ਫੌਜ ਗੁਪਤ ਰੂਪ ਵਿੱਚ ਤਿਆਰ ਕੀਤੀ। ਇਹਨਾਂ ਕਾਲੀਆਂ ਬਿੱਲੀਆਂ ਨੇ ਖਾੜਕੂਆਂ ਦੇ ਭੇਸ ਵਿੱਚ ਹਿੰਸਕ ਅਤੇ ਗਲਤ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿਤੀਆਂ, ਇਸ ਤਰੀਕੇ ਨਾਲ ਬਦਨਾਮੀ ਸਿੱਖ ਖਾੜਕੂਆਂ ਦੀ ਕੀਤੀ ਗਈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੂਰੇ ਭਾਰਤ ਵਿੱਚ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ, ਸਿੱਖ ਵਿਰੋਧੀ ਦੰਗਿਆ, ਜਿਸ ਨੂੰ ਸਿੱਖ ਨਸਲਕੁਸ਼ੀ ਕਿਹਾ ਜਾਂਦਾ ਹੈ, ਵਿੱਚ ਤਿੰਨ ਦਿਨਾਂ ਵਿੱਚ ਹੀ ਪੂਰੇ ਦੇਸ਼ ਵਿੱਚ ਹਜ਼ਾਰਾਂ ਸਿੱਖ ਮਾਰ ਦਿਤੇ ਗਏ, ਸਿੱਖਾਂ ਦੀਆਂ ਧੀਆਂ ਭੈਣਾਂ ਨਾਲ ਸ਼ਰੇਆਮ ਬਲਾਤਕਾਰ ਕੀਤੇ ਗਏ, ਸਿੱਖਾਂ ਦੇ ਘਰ ਤੇ ਜਾਇਦਾਦਾਂ ਅੱਗ ਲਾ ਕੇ ਸਾੜ ਦਿਤੀਆਂ ਗਈਆਂ। ਇਥੋਂ ਤਕ ਕਿ ਰੱਬ ਦੇ ਘਰ ਗੁਰਦੁਆਰਿਆਂ ਨੂੰ ਵੀ ਹਿੰਸਕ ਹਿੰਦੂਆਂ ਵੱਲੋਂ ਅੱਗਾਂ ਲਾ ਕੇ ਸਾੜ ਦਿਤਾ ਗਿਆ ਅਤੇ ਧਾਰਮਿਕ ਗ੍ਰੰਥਾਂ ਦੀ ਬੇਹੁਰਮਤੀ ਕੀਤੀ ਗਈ। ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੂੰ ਜਦੋਂ ਸਿੱਖਾਂ ਦਾ ਕਤਲੇਆਮ ਰੋਕਣ ਲਈ ਕਿਹਾ ਗਿਆ ਤਾਂ ਰਾਜੀਵ ਗਾਂਧੀ ਨੇ ਜਵਾਬ ਦਿਤਾ ਕਿ ‘ਜਬ ਬੜਾ ਦਰਖੱਤ ਗਿਰਤਾ ਹੈ, ਤੋ ਧਰਤੀ ਕਾਂਪਤੀ ਹੈ’। ਇਸ ਤਰੀਕੇ ਨਾਲ ਰਾਜੀਵ ਗਾਂਧੀ ਵੱਲੋਂ ਸਿੱਖਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਅ ਦਿੱਤਾ ਗਿਆ। ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਬਣਦਿਆਂ ਸਾਰ ਸਿੱਖਾਂ ਅਤੇ ਪੰਜਾਬ ਵਿਰੁੱਧ ਵੱਡੀਆਂ ਸਾਜਿਸ਼ਾਂ ਕਰਨੀਆਂ ਆਰੰਭ ਕਰ ਦਿੱਤੀਆਂ। ਰਾਜੀਵ ਗਾਂਧੀ ਅਤੇ ਉਸਦੀ ਸਰਕਾਰ ਵੱਲੋਂ ਲੁਕਵੀਂ ਸਾਜਿਸ਼ ਰਚਦਿਆਂ ਪੰਜਾਬ ਵਿੱਚ ਪਾਪੂਲਰ, ਸਫ਼ੈਦਾ ਅਤੇ ਝੋਨੇ ਦੀ ਖੇਤੀ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਗਿਆ। ਮਾਹਿਰ ਕਹਿੰਦੇ ਹਨ ਕਿ ਪਾਪੂਲਰ ਦਾ ਪੌਦਾ ਬਹੁਤ ਜਲਦੀ ਵੱਡਾ ਹੁੰਦਾ ਹੈ ਅਤੇ ਇਸਦੇ ਪੱਤਿਆਂ ਕਾਰਨ ਕੈਂਸਰ ਫੈਲਦਾ ਹੈ। ਮਾਹਿਰਾਂ ਅਨੁਸਾਰ ਝੋਨੇ ਦੀ ਫਸਲ ਪਾਣੀ ਬਹੁਤ ਪੀਂਦੀ ਹੈ, ਜਿਸ ਨਾਲ ਪੰਜਾਬ ਦੀ ਧਰਤੀ ਹੇਠਲਾ ਪਾਣੀ ਖ਼ਤਮ ਹੁੰਦਾ ਜਾ ਰਿਹਾ ਹੈ। ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਸਫ਼ੈਦੇ ਲਗਾਉਣ ਨਾਲ ਉਪਜਾਊ ਜ਼ਮੀਨ ਵੀ ਬੰਜ਼ਰ ਹੋ ਜਾਂਦੀ ਹੈ। ਇਸ ਤਰਾਂ ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਹੁੰਦਿਆਂ ਪੰਜਾਬ ਵਿਰੁੱਧ ਲੁਕਵੀਂ ਸਾਜਿਸ਼ ਰਚਦਿਆਂ ਪੰਜਾਬ ’ਚ ਪਾਪੂਲਰ, ਝੋਨਾਂ ਅਤੇ ਸਫ਼ੈਦੇ ਦੀ ਖੇਤੀ ਵੱਡੇ ਪੱਧਰ ’ਤੇ ਕਰਵਾਉਣੀ ਆਰੰਭ ਕਰ ਦਿਤੀ। ਪੰਜਾਬ ਦੇ ਭੋਲੇ ਭਾਲੇ ਕਿਸਾਨ ਰਾਜੀਵ ਗਾਂਧੀ ਅਤੇ ਉਸਦੀ ਕੇਂਦਰ ਸਰਕਾਰ ਦੀਆਂ ਇਹਨਾਂ ਚਲਾਕੀਆਂ ਨੂੰ ਸਮਝ ਨਹੀਂ ਸਕੇ।

ਸੰਨ 1966 ਵਿੱਚ ਪੰਜਾਬ ਦੇ ਤਿੰਨ ਟੋਟੇ ਕਰਕੇ ਪੰਜਾਬ ਨੂੰ ਲੰਗੜਾ ਪੰਜਾਬ ਜਾਂ ਸੂਬੀ ਬਣਾ ਦਿਤਾ ਗਿਆ ਅਤੇ ਵੱਡੀ ਗਿਣਤੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਹਰਿਆਣਾ ਵਿੱਚ ਰਖੇ ਗਏ।



ਉਸ ਸਮੇਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ’ਤੇ ਹਰਿਆਣਾ ਦਾ ਹੱਕ ਪੈਦਾ ਕਰਕੇ ਅਜਿਹਾ ਰੇੜਕਾ ਪਾਇਆ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਰੇੜਕਾ ਅਜੇ ਤਕ ਨਹੀਂ ਮੁਕਿਆ। ਇਸ ਸਮੇਂ ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਹੈ ਅਤੇ ਚੰਡੀਗੜ੍ਹ ਉਪਰ ਪੰਜਾਬ, ਹਰਿਆਣਾ ਸਮੇਤ ਹਿਮਾਚਲ ਪ੍ਰਦੇਸ਼ ਵੱਲੋਂ ਵੀ ਆਪਣਾ ਹੱਕ ਜਤਾਇਆ ਜਾ ਰਿਹਾ ਹੈ। ਪੰਜਾਬ ਦੀ ਵੰਡ ਸਮੇਂ ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣਾ ਨੂੰ ਦੇ ਕੇ ਪੰਜਾਬ ਨਾਲ ਇੱਕ ਹੋਰ ਵੱਡਾ ਧੱਕਾ ਕੀਤਾ ਗਿਆ। ਇਸ ਤੋਂ ਇਲਾਵਾ ਇੰਦਰਾ ਗਾਂਧੀ ਵੱਲੋਂ ਸਤਿਲੁੱਜ ਯਮੁਨਾ ਲਿੰਕ ਨਹਿਰ ਨੂੰ ਆਰੰਭ ਕਰਵਾ ਕੇ ਪੰਜਾਬ ਦੇ ਪਾਣੀਆਂ ਨੂੰ ਧੱਕੇ ਨਾਲ ਖੋਹਣ ਦਾ ਯਤਨ ਕੀਤਾ ਗਿਆ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿੱਚ ਰੋਸ ਫੈਲ ਗਿਆ, ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚ ਖਾੜਕੂਵਾਦ ਪੈਦਾ ਹੋਇਆ, ਫਿਰ ਖਾੜਕੂਵਾਦ ਨੂੰ ਖ਼ਤਮ ਕਰਨ ਦੇ ਨਾਮ ’ਤੇ ਪੰਜਾਬ ਪੁਲਿਸ ਨੂੰ ਖੁੱਲੀ ਛੁੱਟੀ ਦੇ ਕੇ ਅਨੇਕਾਂ ਸਿੱਖ ਨੌਜਵਾਨਾਂ ਨੂੰ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿਤਾ ਗਿਆ। ਉਸ ਸਮੇਂ ਅਨੇਕਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਕੇ ਅਣਪਛਾਤੀਆਂ ਲਾਸ਼ਾਂ ਕਹਿ ਕੇ ਉਹਨਾਂ ਦਾ ਸਸਕਾਰ ਕਰ ਦਿਤਾ ਗਿਆ। ਜਦੋਂ ਲਾਵਾਰਾਸ਼ ਲਾਸ਼ਾਂ ਦੀ ਜਾਂਚ ਸਿਰੜੀ ਜਸਵੰਤ ਸਿੰਘ ਖਾਲੜਾ ਵੱਲੋਂ ਕੀਤੀ ਗਈ ਤਾਂ ਬੇਲਗਾਮ ਹੋਈ ਪੁਲਿਸ ਨੇ ਜਸਵੰਤ ਸਿੰਘ ਖਾਲੜਾ ਨੂੰ ਵੀ ਲਾਵਾਰਸ ਲਾਸ਼ ਬਣਾ ਦਿਤਾ।

ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਕੇਂਦਰ ਸਰਕਾਰ ਵੱਲੋਂ ਲੰਬਾ ਸਮਾਂ ਰਾਸ਼ਟਰਪਤੀ ਰਾਜ ਲਗਾ ਕੇ ਲੋਕਾਂ ਨੂੰ ਆਪਣੀ ਸਰਕਾਰ ਚੁਣਨ ਦੇ ਹੱਕ ਤੋਂ ਵਾਂਝੇ ਰਖਿਆ ਗਿਆ ਅਤੇ ਰਾਸ਼ਟਰਪਤੀ ਰਾਜ ਲਗਾ ਕੇ ਸਿੱਧੇ ਰੂਪ ਵਿੱਚ ਪੰਜਾਬ ਦੇ ਉਤੇ ਸ਼ਾਸ਼ਨ ਕੀਤਾ ਗਿਆ ਅਤੇ ਮਨਮਰਜ਼ੀਆਂ ਕੀਤੀਆਂ ਗਈਆਂ। ਰਾਜੀਵ ਗਾਂਧੀ ਨੇ ਪੰਜਾਬ ਮਸਲਾ ਹਲ ਕਰਨ ਦੇ ਨਾਮ ’ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸਮਝੌਤਾ ਕੀਤਾ, ਜਿਸ ਨੂੰ ‘ਰਾਜੀਵ ਲੌਂਗੋਂਵਾਲਾ ਸਮਝੌਤਾ’ ਕਿਹਾ ਜਾਂਦਾ ਹੈ ਪਰ ਰਾਜੀਵ ਸਰਕਾਰ ਖ਼ੁਦ ਹੀ ਇਹ ਸਮਝੌਤਾ ਕਰਕੇ ਇਸ ਨੂੰ ਲਾਗੂ ਕਰਨ ਤੋਂ ਮੁਕਰ ਗਈ। ਇਸ ਸਮਝੌਤੇ ਵਿੱਚ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਗਲ ਕੀਤੀ ਗਈ ਸੀ ਪਰ ਰਾਜੀਵ ਸਰਕਾਰ ਆਪਣੇ ਇਸ ਵਾਅਦੇ ਤੋਂ ਵੀ ਪੂਰੀ ਤਰਾਂ ਮੁਕਰ ਗਈ। ਇਸ ਤਰਾਂ ਪੰਜਾਬ ਨਾਲ ਇੱਕ ਹੋਰ ਧੱਕਾ ਕੀਤਾ ਗਿਆ। ਇਸ ਤੋਂ ਇਲਾਵਾ ਹਰ ਸਮੇਂ ਪੰਜਾਬ ਨਾਲ ਕੇਂਦਰ ਦੀਆਂ ਵੱਖ ਵੱਖ ਸਮੇਂ ਦੀਆਂ ਸਰਕਾਰਾਂ ਵੱਲੋਂ ਪੰਜਾਬ ਨਾਲ ਅਨੇਕਾਂ ਧੱਕੇਸ਼ਾਹੀਆਂ

(ਬਾਕੀ ਸਫ਼ਾ 30 ’ਤੇ)



# ਪੰਜਾਬ 'ਚੋਂ ਅਲੋਪ ਹੋ ਰਹੇ ਹਨ ਪੰਛੀ

## ☛ ਚਿੜੀਆਂ ਤੋਂ ਬਾਅਦ ਸ਼ਿਕਰਿਆਂ ਨੇ ਮਾਰੀ ਲੰਬੀ ਉਡਾਰੀ
## ☛ ਕਿਸਾਨਾਂ ਦੇ 'ਮਿੱਤਰ ਪੰਛੀ' ਚੜ੍ਹੇ ਕੀੜੇਮਾਰ ਦਵਾਈਆਂ ਦੀ ਭੇਟ


ਪੰਜਾਬ ਡਾਇਰੀ
ਜਗਮੋਹਨ ਸਿੰਘ
9463819174

ਇਕ ਸਮਾਂ ਅਜਿਹਾ ਵੀ ਸੀ, ਜਦੋਂ ਪੰਜਾਬ ਵਿੱਚ ਹਰ ਪਾਸੇ ਚਿੜ੍ਹੀਆਂ, ਘੁੱਗੀਆਂ, ਕਬੂਤਰ, ਤੋਤੇ, ਰਾਅ ਤੋਤੇ, ਮੋਰ, ਕਾਂ, ਬਾਜ਼, ਸ਼ਿਕਰੇ, ਚੱਕੀਰਾਹੇ, ਲਾਲੜ੍ਹੀ, ਕਾਲ ਕਲੀਚੀ, ਭੂਰੀ ਗਾਲੜੀ, ਵੱਡਾ ਮਛੇਰਾ, ਬਗਲਾ, ਬਦਾਮੀ ਬਗਲਾ, ਬੌਣਾ ਬਗਲਾ, ਟਟ੍ਹੀਰੀ, ਅਸਮਾਣੀ ਪਿੱਦੀ, ਨੀਲ ਕੰਠ, ਚਿੜ੍ਹਮਾਰ, ਇੱਲ੍ਹਾਂ, ਚਿੱਟੀ ਇੱਲ੍ਹ, ਗਿਰਝਾਂ, ਉੱਲੂ, ਚੁਗਲ, ਕੋਚਰੀ, ਬੁਲਬੁਲ, ਗੰਗਾ ਗੁਟਾਰ, ਛੋਟਾ ਪੱਤਰੰਗਾ, ਗੰਗਾ ਗੁਟਾਰ, ਸੇਰੂੜੀ, ਸ਼ੱਕਰਖੋਰਾ, ਤਿਲੀਅਰ, ਗੁਲਾਬੀ ਤਿਲੀਅਰ, ਬਿਜੜਾ, ਚਿੱਟ ਗਲੀ, ਮੁਨੀਆ, ਦਰਜ਼ੀ, ਪਿੰਦਾ, ਲਟੋਰਾ, ਤਿੱਤਰ, ਭੂਰਾ ਤਿੱਤਰ, ਕਾਲਾ ਤਿੱਤਰ, ਕਮਾਦੀ ਕੁੱਕੜ, ਕਾਲੀ ਗਾਲੜੀ, ਚਿੱਟਾ ਬੂਜਾ, ਧਾਨ ਚਿੜ੍ਹੀ, ਮਮੋਲਾ, ਚਿੱਟਾ ਮਮੋਲਾ, ਵੱਡਾ ਮਮੋਲਾ, ਸੁਨਹਿਰੀ ਕਠਫੋੜਾ, ਤੇਲੀਆ ਮੁਨੀਆ, ਕਾਲੀ ਚਿੜ੍ਹੀ, ਭੂਰੀ ਚਿੜ੍ਹੀ ਅਤੇ ਹੋਰ ਪੰਛੀ ਹਰ ਪਾਸੇ ਉਡਾਰੀਆਂ ਮਾਰਦੇ, ਪੈਲਾਂ ਪਾਉਂਦੇ, ਅਸਮਾਣ ਵਿਚ ਅਠਖੇਲੀਆਂ ਕਰਦੇ, ਖੇਤਾਂ ਖਲਿਆਣਾ ਵਿੱਚ ਚੋਗ ਚੁਗਦੇ, ਆਪਣੀਆਂ ਮਨਮੋਹਕ ਆਵਾਜ਼ਾਂ ਵਿੱਚ ਸੰਗੀਤਮਈ ਧੁਨਾਂ ਪੈਦਾ ਕਰਦੇ ਹੋਏ ਦਿਖਾਈ ਦਿੰਦੇ ਸਨ, ਪਰ ਹੁਣ ਪੰਜਾਬ ਦੇ ਇਹਨਾਂ ਪੰਛੀਆਂ ਵਿਚੋਂ ਵੱਡੀ ਗਿਣਤੀ ਪੰਛੀ ਅਲੋਪ ਹੁੰਦੇ ਜਾ ਰਹੇ ਹਨ। ਇਹ ਇਕ ਕੁਸੈਲੀ ਹਕੀਕਤ ਹੈ ਕਿ ਪੰਜਾਬ ਦੇ ਆਕਾਸ਼ ਵਿੱਚੋਂ ਜਿੱਥੇ ਗਿਰਝਾਂ ਪੂਰੀ ਤਰ੍ਹਾਂ ਅਲੋਪ ਹੋ ਚੁੱਕੀਆਂ ਹਨ, ਉੱਥੇ ਚਿੜੀਆਂ ਵੀ ਗ਼ਾਇਬ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਹੁਣ ਸ਼ਿਕਰੇ ਵੀ ਲੰਬੀ ਉਡਾਰੀ ਮਾਰ ਗਏ ਹਨ, ਕਿਉਂਕਿ ਇਹ ਸ਼ਿਕਰੇ ਕਿਧਰੇ ਹੁਣ ਦਿਖਾਈ



ਹੀ ਨਹੀਂ ਦਿੰਦੇ! ਇਸੇ ਤਰ੍ਹਾਂ ਚੱਕੀਰਾਹੇ ਅਤੇ ਕਾਵਾਂ ਦੀ ਗਿਣਤੀ ਵੀ ਬਹੁਤ ਘਟਦੀ ਜਾ ਰਹੀ ਹੈ। ਪਹਿਲਾਂ ਲੋਕਾਂ ਦੇ ਘਰਾਂ ਦੇ ਕੋਠਿਆਂ ਉੱਪਰ ਮੋਰ ਅਤੇ ਮੋਰਨੀਆਂ ਆਉਂਦੇ ਸਨ ਪਰ ਹੁਣ ਬਾਂਦਰ ਆਉਂਦੇ ਹਨ! ਪਹਿਲਾਂ ਅਕਸਰ ਹੀ ਲੋਕਾਂ ਦੇ ਬਰਾਂਡਿਆਂ ਵਿੱਚ ਚਿੜੀਆਂ ਅਤੇ ਕਬੂਤਰ ਆਪਣੇ ਰੈਣ-ਬਸੇਰਾ ਬਣਾ ਕੇ ਰੱਖਦੇ ਸਨ ਪਰ ਹੁਣ ਇਹ ਦਿਖਾਈ ਹੀ ਬਹੁਤ ਘੱਟ ਦਿੰਦੇ ਹਨ। ਪੰਜਾਬ ਦਾ ਪ੍ਰਸਿੱਧ ਪੰਛੀ ਬਾਜ ਵੀ ਹੁਣ ਪੰਜਾਬ ਵਿਚੋਂ ਪੂਰੀ ਤਰਾਂ ਅਲੋਪ ਹੋ ਚੁਕਿਆ ਹੈ, ਹੁਣ ਤਾਂ ਪੰਜਾਬ ਵਿੱਚ ਬਾਜ ਨੂੰ ਲੱਭਣ ਲਈ ਵੀ ਵਿਗਿਆਨੀਆਂ ਵਲੋਂ ਯਤਨ ਕੀਤੇ ਜਾ ਰਹੇ ਹਨ।

ਖੇਤੀ ਮਾਹਿਰਾਂ ਵੱਲੋਂ ਪੰਜਾਬ ਵਿਚੋਂ ਵੱਡੀ ਗਿਣਤੀ ਕਿਸਮਾਂ ਦੇ ਪੰਛੀਆਂ ਦੇ ਅਲੋਪ ਹੁੰਦੇ ਜਾਣ ਦਾ ਸਭ ਤੋਂ ਵੱਡਾ ਕਾਰਨ ਜ਼ਹਿਰੀਲੀ ਖੇਤੀ, ਮੋਬਾਇਲ ਟਾਵਰਾਂ ਨੂੰ ਮੰਨਿਆ ਜਾਂਦਾ ਹੈ। ਇਸਦੇ ਨਾਲ-ਨਾਲ ਵਾਤਾਵਰਨ ਵਿੱਚ ਆ ਰਹੇ ਵਿਗਾੜ, ਜ਼ਹਿਰੀਲੇ ਹੋ ਰਹੇ ਪੌਣ ਪਾਣੀਆਂ ਅਤੇ ਦਿਨੋਂ ਦਿਨ ਵੱਧ ਰਹੇ ਸ਼ੋਰ ਸ਼ਰਾਬੇ ਅਤੇ ਪ੍ਰਦੂਸ਼ਣ ਨੂੰ ਵੀ ਪੰਛੀਆਂ ਦੇ ਅਲੋਪ ਹੋਣ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ।

ਬਹੁਤ ਸਮਾਂ ਪਹਿਲਾਂ ਪ੍ਰਸਿੱਧ ਪੰਛੀ ਵਿਗਿਆਨੀ ਕਾਰਲਮ ਲੀਨੀਅਨ ਨੇ ਇਹ ਦਾਅਵਾ ਕੀਤਾ ਸੀ ਕਿ ਉਸਨੇ ਇਸ ਧਰਤੀ ਉਪਰ ਸਿਰਫ 4200 ਕਿਸਮਾਂ ਦੇ ਪੰਛੀ ਵੇਖੇ ਸਨ । ਇਸ ਵਿਗਿਆਨੀ ਵਲੋਂ ਵੇਖੇ ਗਏ ਪੰਛੀਆਂ ਵਿੱਚ 1222 ਪੰਛੀ ਰੀੜਧਾਰੀ ਸਨ, ਜਦੋਂਕਿ 400 ਪੰਛੀ ਗੈਰ ਰੀੜਧਾਰੀ ਸਨ, ਜਦੋਂਕਿ ਇਹਨਾਂ ਪੰਛੀਆਂ ਵਿੱਚ 1936 ਕਿਸਮਾਂ ਸਿਰਫ ਕੀੜੇ ਮਕੌੜਿਆਂ ਦੀਆਂ ਹੀ ਸਨ। ਇਸ ਤੋਂ ਬਾਅਦ ਵੱਖ- ਵੱਖ ਵਿਗਿਆਨੀਆਂ ਵਲੋਂ ਕੀਤੀਆਂ ਗਈਆਂ ਹੋਰ ਖੋਜਾਂ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਇਸ ਧਰਤੀ ਉਪਰ ਪੰਛੀਆਂ ਅਤੇ ਹੋਰ ਜੀਵਾਂ ਦੀਆਂ ਕਿਸਮਾਂ 15 ਲੱਖ ਦੇ ਕਰੀਬ ਹਨ।

ਵਿਗਿਆਨੀਆਂ ਵਲੋਂ ਸੰਨ 1962 ਵਿੱਚ ਕੀਤੀ ਗਈ ਖੋਜ ਵਿੱਚ ਦਾਅਵਾ ਕੀਤਾ ਗਿਆ ਕਿ ਸਾਡੀ ਧਰਤੀ ਉਪਰ ਪੰਛੀਆਂ ਅਤੇ ਹੋਰ ਜੀਵ ਜੰਤੂਆਂ ਦੀਆਂ ਪੰਜਾਹ ਲੱਖ ਤੋਂ ਲੈ ਕੇ 2 ਕਰੋੜ ਤੋਂ ਵੱਧ ਕਿਸਮਾਂ ਵਿਚਰ ਰਹੀਆਂ ਹਨ। ਇਸ ਖੋਜ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਕਿ ਪੂਰੀ ਦੁਨੀਆਂ ਵਿੱਚ 9672 ਕਿਸਮ ਦੇ ਪੰਛੀ ਨੀਲੇ ਅੰਬਰ ਵਿੱਚ ਉਡਾਰੀਆਂ ਮਾਰਦੇ ਹਨ।



ਇਹ ਹਕੀਕਤ ਹੈ ਕਿ ਵੱਡੀ ਗਿਣਤੀ ਪੰਛੀ ਕੁਦਰਤ ਦਾ ਸੰਤੁਲਨ ਬਣਾ ਕੇ ਰੱਖਣ ਵਿੱਚ ਆਪੋ ਆਪਣਾ ਯੋਗਦਾਨ ਪਾਉਂਦੇ ਹਨ। ਅਸਲ ਵਿੱਚ ਪੰਛੀ ਕਿਸਾਨਾਂ ਦੇ ਮਿੱਤਰ ਹਨ, ਪਰ ਕਿਸਾਨਾਂ ਵਲੋਂ ਕੀੜਿਆਂ ਨੂੰ ਮਾਰਨ ਲਈ ਫਸਲਾਂ ਉਪਰ ਛਿੜਕੀਆਂ ਜਾਂਦੀਆਂ ਜ਼ਹਿਰਾਂ ਅਤੇ ਕੀੜੇਮਾਰ ਦਵਾਈਆਂ ਕਾਰਨ ਕਿਸਾਨਾਂ ਦੇ ਮਿੱਤਰ ਕੀੜੇ ਅਤੇ ਪੰਛੀ ਵੀ ਮਾਰੇ ਜਾ ਰਹੇ ਹਨ। ਕਈ ਕਿਸਮਾਂ ਦੇ ਪੰਛੀ, ਜਿਹਨਾਂ ਵਿੱਚ ਕੀੜੇ ਮਕੌੜੇ ਵੀ ਆ ਜਾਂਦੇ ਹਨ, ਅਜਿਹੇ ਹਨ, ਜੋ ਕਿ ਫਸਲਾਂ ਦਾ ਪਰ ਪਰਾਗਣ ਕਰਵਾ ਕੇ ਫਸਲ ਦੇ ਝਾੜ ਵਿੱਚ ਭਰਪੂਰ ਵਾਧਾ ਕਰਦੇ ਹਨ। ਅਜਿਹੇ ਮਿੱਤਰ ਪੰਛੀਆਂ ਅਤੇ ਮਿੱਤਰ ਕੀੜੇ ਮਕੌੜਿਆਂ ਦੇ ਹੁੰਦੇ ਹੋਏ ਖੇਤਾਂ ਵਿੱਚ ਫਸਲਾਂ ਉਪਰ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਵੱਡੀ ਗਿਣਤੀ ਪੰਛੀ ਅਜਿਹੇ ਵੀ ਹਨ, ਜੋ ਕਿ ਖੇਤਾਂ ਵਿੱਚ ਖੜੀਆਂ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ ਮਕੌੜਿਆਂ ਨੂੰ ਖਾ ਕੇ ਫਸਲਾਂ ਦਾ ਬਚਾਓ ਕਰਦੇ ਹਨ। ਬਾਜ ਅਜਿਹਾ ਪੰਛੀ ਹੈ, ਜੋ ਕਿ ਚੂਹੇ, ਨਿਊਲੇ ਅਤੇ ਹੋਰ ਜਹਿਰੀਲੇ ਜੀਵਾਂ ਨੂੰ ਖਾ ਜਾਂਦਾ ਹੈ, ਇਹ ਚੂਹੇ ਤੇ ਹੋਰ ਜੀਵ ਫਸਲਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ ਪਰ ਹੁਣ ਫਸਲਾਂ ਉਪਰ ਕਿਸਾਨਾਂ ਵਲੋਂ ਛਿੜਕੀਆਂ ਜਾਂਦੀਆਂ ਜਹਿਰੀਲੀਆਂ ਦਵਾਈਆਂ ਕਾਰਨ ਬਾਜ ਪੰਜਾਬ ਵਿਚੋਂ ਅਲੋਪ ਹੋ ਗਿਆ ਹੈ, ਜਿਸ ਕਾਰਨ ਚੂਹਿਆਂ ਤੇ ਹੋਰ ਕੀੜੇ ਮਕੌੜਿਆਂ ਦੀ ਗਿਣਤੀ ਬਹੁਤ ਵੱਧ ਗਈ ਹੈ, ਜੋ ਕਿ ਕਿਸਾਨਾਂ ਦੀਆਂ ਫਸਲਾਂ ਦਾ ਬਹੁਤ ਨੁਕਸਾਨ ਕਰ ਰਹੇ ਹਨ।

ਜ਼ਹਿਰੀਲੀ ਖੇਤੀ, ਜਹਿਰੀਲੇ ਪੌਣ ਪਾਣੀ ਦੀ ਲਪੇਟ ਵਿੱਚ ਪੰਜਾਬ ਵਿੱਚ ਵਿਦੇਸ਼ਾਂ ਤੋਂ ਆਉਣ ਵਾਲੇ ਪਰਵਾਸੀ ਪੰਛੀ ਵੀ ਆ ਰਹੇ ਹਨ। ਇਹ ਹੀ ਕਾਰਨ ਹੈ ਕਿ ਕਾਲੇ ਸਾਗਰ (ਬਲੈਕ ਸੀ) ਤੋਂ ਮੰਗੋਲੀਆ ਅਤੇ ਉਤਰ ਪੂਰਬੀ ਚੀਨ ਤਕ ਕੇਂਦਰੀ ਯੁਰੇਸ਼ੀਆ ਅਤੇ ਸਾਈਬੇਰੀਆ, ਰੂਸ, ਕਜ਼ਾਕਿਸਤਾਨ ਅਤੇ ਚੀਨ ਦੇ ਉੱਚੇ ਪਹਾੜੀ ਇਲਾਕਿਆਂ ਤੋਂ ਸਿਆਲ ਰੁੱਤੇ ਪੰਜਾਬ ਵਿੱਚ ਆਉਣ ਵਾਲੇ 80 ਤੋਂ ਵੱਧ ਵੱਖ- ਵੱਖ ਕਿਸਮਾਂ ਦੇ ਪਰਵਾਸੀ ਪੰਛੀਆਂ ਕੂੰਜਾਂ, ਲੈਗੇ, ਗੀਜ਼, ਕੋਮਨ ਰੂਟ, ਪਿਰਟੇਲ, ਸੀਲ.ਗਜ਼, ਗ੍ਰੇਲਲੈਂਗ ਰੂਟ, ਬਲੈਕ ਕੂਟ, ਇਲਾ ਬਾਰਹੈਡਿਡ, ਸਪੁਨ, ਬਿੱਲਜ਼, ਸਾਇਬੇਰੀਅਨ ਗਲਜ਼, ਮਲਾਰਡ, ਵਿਜ਼ਨ, ਰੈਡਕ੍ਰੇਸੀਟਿਡ, ਪੋਚਿਡ, ਗੱਡਵਾਲ, ਸਨੈਕ ਬਰਡ, ਪੈਨਲੇਟ, ਸਾਵਲਰ, ਲਾਰਜ ਕਾਰਮੋਰੇਂਟ, ਗ੍ਰੇਟਈ, ਫਲੈਮਿੰਗੋ, ਰੂਡੀਸ਼ੈੱਲ ਡੱਕ, ਸਪੋਨ ਬਿੱਲਜ਼, ਨਿਊ ਬਰਡ ਦੀ ਗਿਣਤੀ ਵੀ ਦਿਨੋਂ ਦਿਨ ਘੱਟਦੀ ਜਾ ਰਹੀ ਹੈ। ਸਿਆਲ ਰੁੱਤੇ ਪੰਜਾਬ ਦੇ ਹਰ ਪਿੰਡ ਵਿੱਚ ਨਜ਼ਰ ਆਉਣ ਵਾਲੀਆਂ ਕੂੰਜਾਂ ਤਾਂ ਪਤਾ ਨਹੀਂ ਕਿਧਰੇ ਲੰਬੀਂ ਉਡਾਰੀ ਮਾਰ ਗਈਆਂ ਹਨ, ਇਹ ਕੂੰਜਾਂ ਹੁਣ ਸਿਆਲ ਰੁੱਤੇ ਵੀ ਬਹੁਤ ਘੱਟ ਗਿਣਤੀ ਵਿੱਚ ਦਿਖਾਈ ਦਿੰਦੀਆਂ ਹਨ। ਦੋ ਦਹਾਕੇ ਪਹਿਲਾਂ ਤਕ ਦੇ ਪੰਜਾਬ ਦੇ ਹਰ ਪਿੰਡ ਵਿੱਚ ਖੇਤਾਂ ਵਿੱਚ, ਛੱਪੜਾਂ, ਨਦੀਆਂ, ਨਹਿਰਾਂ, ਦਰਿਆਵਾਂ ਕਿਨਾਰੇ ਸਾਈਬੇਰੀਆ ਅਤੇ ਹੋਰ ਮੁਲਕਾਂ ਤੋਂ ਸਿਆਲ ਰੁੱਤੇ ਪੰਜਾਬ ਆਈਆਂ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਬਹੁਤ ਵੱਡੀ ਗਿਣਤੀ ਵਿੱਚ ਚੋਗਾ ਚੁਗਦੇ, ਅਠਖੇਲੀਆਂ ਕਰਦੇ, ਉਚੀਆਂ ਨੀਂਵੀਂਆਂ ਉਡਾਰੀਆਂ ਮਾਰਦੇ ਅਤੇ ਹੋਰ ਚੋਹਲ ਮੋਹਲ ਕਰਦੇ ਦਿਖਾਈ ਦਿੰਦੇ ਸਨ ਪਰ ਹੁਣ ਤਾਂ ਸਿਆਲ ਦੀ ਰੁੱਤੇ ਵੀ ਇਹ ਪਰਵਾਸੀ ਪੰਛੀ ਬਹੁਤ ਘੱਟ ਗਿਣਤੀ ਵਿੱਚ (ਬਾਕੀ ਸਫ਼ਾ 31 'ਤੇ)



## ਪੰਜਾਬੀਆਂ ਨਾਲ ਰੁੱਸ ਗਏ ਨੇ ਪੰਛੀ

ਇਕ ਪਾਸੇ ਪੰਜਾਬ ਦੇ ਵਸਨੀਕ ਜਹਾਜ਼ ਚੜ੍ਹ ਕੇ ਵਿਦੇਸ਼ ਜਾ ਰਹੇ ਹਨ, ਉਥੇ ਪੰਜਾਬ ਦੇ ਪੰਛੀ ਵੀ ਪੰਜਾਬ ਨੂੰ ਬੇਦਾਵਾ ਦੇ ਰਹੇ ਹਨ। ਇਸ ਤਰਾਂ ਲੱਗਦਾ ਹੈ ਕਿ ਪੰਜਾਬੀਆਂ ਅਤੇ ਪੰਛੀਆਂ ਵਿੱਚ ਪੰਜਾਬ ਨੂੰ ਬੇਦਾਵਾ ਦੇ ਕੇ ਛੱਡਣ ਲਈ ਕੋਈ ਮੁਕਾਬਲਾ ਚੱਲ ਰਿਹਾ ਹੋਵੇ।



# ਭਾਰਤ ਲਈ ਆਬਾਦੀ ਇੱਕ ਜਾਇਦਾਦ ਨਹੀਂ ਸਗੋਂ ਵੱਡੀ ਚੁਣੌਤੀ





“ਕੁਪੋਸ਼ਿਤ, ਅਰਧ-ਸਿੱਖਿਅਤ ਅਤੇ ਡਿਗਰੀ ਤੋਂ ਘੱਟ ਨੌਜਵਾਨਾਂ ਦੀ ਭੀੜ ਦੇ ਨਾਲ, ਭਾਰਤ ਉਸ ਸਮਰੱਥਾ ਨੂੰ ਹਾਸਲ ਨਹੀਂ ਕਰ ਸਕਦਾ ਜੋ ਚੀਨ ਨੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਹਾਸਲ ਕੀਤਾ ਹੈ।”

“ਵਿਸ਼ਵ ਬੈਂਕ ਨੇ 1980 ਵਿੱਚ ਚੀਨ ਬਾਰੇ ਇੱਕ ਮਸ਼ਹੂਰ ਰਿਪੋਰਟ ਵਿੱਚ ਦੱਸਿਆ ਕਿ ਕਿਵੇਂ ਪਿਛਲੇ ਤਿੰਨ ਦਹਾਕਿਆਂ ਵਿੱਚ ਚੀਨ ਨੇ ਆਪਣੀ ਪੂਰੀ ਆਬਾਦੀ ਲਈ ਪ੍ਰਾਇਮਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਸਨ।”

ਭਾਰਤ ਨੇ ਇੱਕ ਵਾਰ ਫਿਰ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਅਸਲ ਵਿੱਚ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਭਾਰਤ ਚੀਨ ਨੂੰ ਪਿੱਛੇ ਛੱਡ ਦੇ ਆਬਾਦੀ ਦੇ ਮਾਮਲੇ ਵਿੱਚ ਦੁਨੀਆਂ 'ਚ ਨੰਬਰ ਵੰਨ ਗਿਆ ਹੈ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਦੀ ਆਬਾਦੀ ਵਧ ਕੇ 142.86 ਕਰੋੜ ਹੋ ਗਈ ਹੈ। ਚੀਨ ਦੀ ਆਬਾਦੀ ਲਗਾਤਾਰ ਘਟ ਰਹੀ ਹੈ ਜਦਕਿ ਭਾਰਤ ਦੀ ਆਬਾਦੀ ਵਧ ਰਹੀ ਹੈ। ਦਹਾਕਿਆਂ ਤੋਂ ਵਧਦੀ ਆਬਾਦੀ ਚਿੰਤਾ ਦਾ ਵਿਸ਼ਾ ਰਹੀ ਹੈ ਅਤੇ ਸਮੇਂ-ਸਮੇਂ 'ਤੇ ਇਸ 'ਤੇ ਕਾਬੂ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ। ਕੁਝ ਸਾਲ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲ੍ਹੇ ਤੋਂ ਆਪਣੇ ਭਾਸ਼ਣ ਵਿੱਚ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਠਾਇਆ ਸੀ ਪਰ ਅੱਜ ਤੱਕ ਆਬਾਦੀ ਕੰਟਰੋਲ ਦੀ ਕੋਈ ਠੋਸ ਨੀਤੀ ਜਾਂ ਰਣਨੀਤੀ ਸਾਹਮਣੇ ਨਹੀਂ ਆਈ। ਇਸ ਵਧਦੀ ਆਬਾਦੀ ਬਾਰੇ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਇਸ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੈ। ਦੇਸ਼ ਦੀ ਕੁੱਲ ਆਬਾਦੀ ਵਿੱਚੋਂ 25 ਫੀਸਦੀ ਲੋਕ 0.14 ਸਾਲ ਦੀ ਉਮਰ ਦੇ ਹਨ। ਯਾਨੀ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਨੌਜਵਾਨਾਂ ਦਾ ਹੈ, ਜੋ ਅਸਲ ਵਿੱਚ ਭਾਰਤ ਦੀ ਤਾਕਤ ਹੈ। ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ, ਭਾਰਤ ਦੀ ਇਹ ਨੌਜਵਾਨ ਸ਼ਕਤੀ ਅਸਲ ਵਿੱਚ ਇਸਦੀ ਕਾਰਜ ਸ਼ਕਤੀ ਹੈ ਅਤੇ ਇਸ ਵਿੱਚ ਤਰੱਕੀ ਦੀਆਂ ਅਪਾਰ ਸੰਭਾਵਨਾਵਾਂ ਹਨ। ਜੇਕਰ ਭਾਰਤ ਆਪਣੀ ਯੁਵਾ ਸ਼ਕਤੀ ਨੂੰ ਰੁਜ਼ਗਾਰ ਦਿੰਦਾ ਹੈ ਤਾਂ ਇਸ ਲਈ ਮੌਕਿਆਂ ਦੇ ਦਰਵਾਜ਼ੇ ਵੀ ਖੋਲ੍ਹ ਸਕਦੇ ਹਨ। ਦੂਜੇ ਪਾਸੇ ਮੌਜੂਦਾ ਭਾਰਤ ਦੇ ਗੁੰਝਲਦਾਰ ਹਾਲਾਤ ਦੂਜੇ ਪਾਸੇ ਵੱਲ ਇਸ਼ਾਰਾ ਕਰਦੇ ਹਨ। ਇੰਨੀ ਵੱਡੀ ਯੁਵਾ ਸ਼ਕਤੀ ਦੀ ਸਹੀ ਵਰਤੋਂ ਤਾਂ ਹੀ ਹੋ ਸਕਦੀ ਹੈ ਜਦੋਂ ਉਸ ਲਈ ਸਿੱਖਿਆ ਅਤੇ ਸਿਹਤ ਸਹੂਲਤਾਂ ਉਪਲਬਧ ਹੋਣ, ਪਰ ਅਜੋਕਾ ਭਾਰਤ ਕਿਧਰੋਂ ਵੀ ਅਜਿਹਾ ਕਰਨ ਦੇ ਸਮਰੱਥ ਨਹੀਂ ਜਾਪਦਾ। ਇੱਥੇ ਬੇਰੁਜ਼ਗਾਰਾਂ ਦੀ ਵੱਡੀ ਫੌਜ ਖੜ੍ਹੀ ਹੈ, ਜਿਸ ਦੀ ਭੂਮਿਕਾ ਨੂੰ ਸਮਾਜਿਕ ਤੌਰ 'ਤੇ ਦੇਖਿਆ ਜਾਵੇ ਤਾਂ ਨਿਰਾਸ਼ਾ ਹੀ ਨਹੀਂ ਸਗੋਂ ਚਿੰਤਾਜਨਕ ਸਥਿਤੀ ਬਣਦੀ ਹੈ। ਕੁੱਲ ਮਿਲਾ ਕੇ, ਭਾਰਤ ਕੋਲ ਨਾ ਤਾਂ ਸਿੱਖਿਆ ਪ੍ਰਣਾਲੀ ਹੈ ਜੋ ਨੌਜਵਾਨਾਂ ਨੂੰ ਇੰਨੇ ਸਮਰੱਥ ਬਣਾ ਸਕੇ ਕਿ ਉਹ ਇਸ ਉਦਯੋਗਿਕ ਯੁੱਗ ਵਿੱਚ ਆਪਣੀ ਭੂਮਿਕਾ ਲੱਭ ਸਕਣ ਅਤੇ ਨਾ ਹੀ ਉਨ੍ਹਾਂ ਕੋਲ ਖੇਤੀਬਾੜੀ ਅਤੇ ਉਦਯੋਗ ਖੇਤਰ ਵਿੱਚ ਅਜਿਹੇ ਮੌਕੇ ਹਨ, ਜਿਨ੍ਹਾਂ ਨਾਲ ਜੁੜ ਕੇ ਇਹ ਨੌਜਵਾਨ ਆਪਣਾ ਯੋਗਦਾਨ ਪਾ ਸਕਣ। ਦੇਸ਼ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਸਕਦਾ ਹੈ। ਅਸਲ ਵਿੱਚ ਭਾਰਤ ਦੀ ਵੱਡੀ ਆਬਾਦੀ ਇਸਦੀ ਸਭ ਤੋਂ ਵੱਡੀ ਸਮੱਸਿਆ ਹੈ। ਜੇਕਰ ਹੁਣ ਆਬਾਦੀ ਕੰਟਰੋਲ ਲਈ ਸਖ਼ਤ ਕਦਮ ਨਾ ਚੁੱਕੇ ਗਏ ਅਤੇ ਸਾਰਥਿਕ ਨੀਤੀਆਂ ਨਾ ਬਣਾਈਆਂ ਗਈਆਂ ਤਾਂ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਅਰਾਜਕਤਾ ਦੀ ਸਥਿਤੀ ਪੈਦਾ ਹੋ ਸਕਦੀ ਹੈ ਜਿਸ ਨੂੰ ਕਾਬੂ ਕਰਨਾ ਕਿਸੇ ਵੀ ਸਰਕਾਰ ਲਈ ਸੰਭਵ ਨਹੀਂ ਹੈ।



ਇਤਿਹਾਸਕ ਤੌਰ 'ਤੇ, ਅਸਲੀਅਤ ਇਹ ਰਹੀ ਹੈ ਕਿ ਚੀਨ ਅਤੇ ਭਾਰਤ ਕੋਲ ਹਮੇਸ਼ਾ ਸਭ ਤੋਂ ਵੱਧ ਮਨੁੱਖੀ ਆਬਾਦੀ ਰਹੀ ਹੈ। ਇਸ ਦਾ ਕਾਰਨ ਮਨੁੱਖੀ ਨਿਵਾਸ ਲਈ ਵਧੇਰੇ ਅਨੁਕੂਲ ਵਾਤਾਵਰਨ ਅਤੇ ਉਪਜਾਊ ਜ਼ਮੀਨ ਰਿਹਾ ਹੈ। ਆਧੁਨਿਕ ਤਕਨਾਲੋਜੀ ਦੇ ਵਿਕਾਸ ਤੋਂ ਪਹਿਲਾਂ, ਬਾਕੀ ਸੰਸਾਰ ਵਿੱਚ ਮਨੁੱਖੀ ਜੀਵਨ ਮੁਕਾਬਲਤਨ ਵਧੇਰੇ ਮੁਸ਼ਕਲ ਸੀ। ਹਾਲਾਂਕਿ, ਭਾਰਤ ਦੀ ਜਨਸੰਖਿਆ ਪਹਿਲਾਂ ਕਦੇ ਵੀ ਚੀਨ ਤੋਂ ਵੱਧ ਨਹੀਂ ਗਈ ਹੈ। ਇਸ ਲਈ 2023 ਨੂੰ ਇਤਿਹਾਸਕ ਸਾਲ ਵਜੋਂ ਯਾਦ ਕੀਤਾ ਜਾਵੇਗਾ। ਪਰ ਕੀ ਭਾਰਤ ਇਸ ਨੂੰ ਸੱਚਮੁੱਚ ਇੱਕ ਇਤਿਹਾਸਕ ਸਾਲ ਬਣਾਉਣ ਦੇ ਯੋਗ ਹੋਵੇਗਾ? ਜਨਸੰਖਿਆ ਆਪਣੇ ਆਪ ਵਿੱਚ ਇੱਕ ਮਹਾਨ ਸੰਪਤੀ ਹੈ। ਇੱਕ ਪਰੰਪਰਾਗਤ ਕਹਾਵਤ ਹੈ ਕਿ ਇੱਕ ਪਰਿਵਾਰ ਵਿੱਚ ਜਿੰਨੇ ਜ਼ਿਆਦਾ ਕੰਮ ਕਰਨ ਵਾਲੇ ਹੱਥ ਹੁੰਦੇ ਹਨ, ਉਹ ਓਨਾ ਹੀ ਖੁਸ਼ਹਾਲ ਹੁੰਦਾ ਹੈ। ਪਰ ਖੁਸ਼ਹਾਲੀ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਹੱਥ ਮਜ਼ਬੂਤ, ਸਿਹਤਮੰਦ ਅਤੇ ਸਮਰੱਥ ਹੋਣ। ਇਸ ਲਈ ਜਦੋਂ ਚੀਨ ਨੇ ਸੁਧਾਰ ਅਤੇ ਖੁੱਲ੍ਹਣ ਦੀ ਨੀਤੀ ਅਪਣਾਈ, ਉਸ ਕੋਲ ਇਸ ਨੂੰ ਲਾਗੂ ਕਰਨ ਲਈ ਸਮਰੱਥ ਕਿਰਤ ਸ਼ਕਤੀ ਸੀ। ਜੜ੍ਹਾਂ ਨੂੰ ਮਜ਼ਬੂਤ ਕਰਨ ਦੇ ਇਸ ਮੋਰਚੇ 'ਤੇ ਭਾਰਤ ਦਾ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦਾ ਰਿਕਾਰਡ ਬਿਹਤਰ ਨਹੀਂ ਹੈ। ਕੁਪੋਸ਼ਿਤ, ਅਰਧ-ਸਿੱਖਿਅਤ ਅਤੇ ਘੱਟ ਪੜ੍ਹੇ-ਲਿਖੇ ਨੌਜਵਾਨ ਡਿਗਰੀਆਂ ਦੇ ਨਾਲ ਜੋ ਅੱਜ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰਦੇ, ਭਾਰਤ ਉਸ ਸਮਰੱਥਾ ਨੂੰ ਹਾਸਲ ਨਹੀਂ ਕਰ ਸਕਦਾ ਜੋ ਚੀਨ ਨੇ ਉਦੋਂ ਹਾਸਲ ਕੀਤਾ ਸੀ ਜਦੋਂ ਇਹ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਸੀ। ਇਹ ਮੰਦਭਾਗਾ ਹੈ ਕਿ ਮਨੁੱਖੀ ਵਿਕਾਸ ਅਜੇ ਵੀ ਸਾਡੀ ਤਰਜੀਹ ਨਹੀਂ ਹੈ। ਨਤੀਜੇ ਵਜੋਂ 140 ਕਰੋੜ ਲੋਕਾਂ ਦੇ ਦੇਸ਼ ਵਿੱਚ ਸਿਰਫ਼ ਦਸ ਕਰੋੜ ਲੋਕਾਂ ਦੀ ਖਪਤਕਾਰ ਮੰਡੀ ਬਣਾ ਕੇ ਅਸੀਂ ਫੁੱਲੇ ਨਹੀਂ ਸਮਾ ਰਹੇ। ਹਾਲਾਂਕਿ, ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਨਾ ਇੱਕ ਅਜਿਹਾ ਮੌਕਾ ਹੈ ਜਦੋਂ ਅਜਿਹੀਆਂ ਕਮੀਆਂ ਦੀ ਬੇਰਹਿਮੀ ਨਾਲ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਨਹੀਂ ਤਾਂ, ਆਬਾਦੀ ਭਾਰਤ ਲਈ ਇੱਕ ਜਾਇਦਾਦ ਸਾਬਤ ਹੋਣ ਦੀ ਬਜਾਏ ਇੱਕ ਗੰਭੀਰ ਚੁਣੌਤੀ ਵਿੱਚ ਬਦਲ ਜਾਵੇਗੀ।

# ਭਾਰਤ ਦੀ ਨਿਰੰਤਰ ਵਧ ਰਹੀ ਆਬਾਦੀ ਚਿੰਤਾਜਨਕ



ਡਾ. ਸੰਦੀਪ ਸਿੰਘ ਮੁੰਡੇ
ਮੋਬਾ.:9413652646

ਸਾਡਾ ਦੇਸ਼ ਭਾਰਤ ਆਬਾਦੀ ਦੇ ਪੱਖੋਂ ਵਿਸ਼ਵ ਦੇ ਦੂਸਰੇ ਦੇਸ਼ਾਂ ਨੂੰ ਪਛਾੜਦਾ ਹੋਇਆ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਯੁਕਤ ਰਾਸ਼ਟਰ ਸੰਘ ਦੀ 'ਦਾ ਸਟੇਟ ਆਫ ਵਰਲਡ ਪਾਪੂਲੇਸ਼ਨ ਰਿਪੋਰਟ, 2023' ਦੇ ਅੰਕੜਿਆਂ ਅਨੁਸਾਰ ਹੁਣ ਭਾਰਤ ਦੀ ਅਨੁਮਾਨਿਤ ਆਬਾਦੀ 142.86 ਕਰੋੜ ਹੋ ਗਈ ਹੈ ਅਤੇ ਚੀਨ 142.57 ਕਰੋੜ ਦੀ ਅਨੁਮਾਨਿਤ ਆਬਾਦੀ ਨਾਲ ਪਹਿਲੇ ਨੰਬਰ ਤੋਂ ਹੇਠਾਂ ਖਿਸਕ ਕੇ ਦੂਜੀ ਥਾਂ 'ਤੇ ਆ ਗਿਆ ਹੈ। ਦੁਨੀਆਂ ਦੀ ਕੁੱਲ ਆਬਾਦੀ ਵਿੱਚ ਭਾਰਤ ਦੀ ਆਬਾਦੀ ਦਾ ਹਿੱਸਾ 17.76 ਫੀਸਦੀ ਅਤੇ ਦੁਨੀਆ ਦੇ ਕੁੱਲ ਭੂਮੀ ਖੇਤਰ ਵਿੱਚ ਭਾਰਤ ਦਾ ਹਿੱਸਾ ਕੇਵਲ 2.4 ਫੀਸਦੀ ਭੂਮੀ ਖੇਤਰ ਹੈ। ਇਨ੍ਹਾਂ ਅੰਕੜਿਆ ਮੁਤਾਬਿਕ ਵਿਸ਼ਵ ਦਾ ਲਗਭਗ ਹਰ ਛੇਵਾਂ ਮਨੁੱਖ ਭਾਰਤੀ ਹੈ। ਇਸ ਤਰ੍ਹਾਂ ਵਿਸ਼ਵ ਦੀ ਕੁੱਲ ਆਬਾਦੀ ਦਾ ਛੇਵਾਂ ਹਿੱਸਾ ਦੁਨੀਆਂ ਦੇ ਸਿਰਫ਼ ਢਾਈ ਫ਼ੀਸਦੀ ਤੋਂ ਵੀ ਘੱਟ ਭੂਮੀ ਖੇਤਰ ਉੱਤੇ ਗੁਜ਼ਰ-ਬਸਰ ਕਰ ਰਿਹਾ ਹੈ।

ਨਿਰੰਤਰ ਵੱਧ ਰਹੀ ਆਬਾਦੀ ਦਾ ਵਿਸ਼ਾ ਭਾਰਤ ਦੇਸ਼ ਲਈ ਚਿੰਤਾਜਨਕ ਬਣਦਾ ਜਾ ਰਿਹਾ ਹੈ। ਵਧਦੀ ਆਬਾਦੀ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਲਈ ਨਿੱਤ ਨਵੀਆਂ ਚੁਣੌਤੀਆਂ ਪੈਦਾ ਕਰ ਰਹੀ ਹੈ ਅਤੇ ਭਵਿੱਖ ਵਿਚ ਹੋਰ ਗੰਭੀਰ ਚੁਣੌਤੀਆਂ ਅਤੇ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਨਿਰੰਤਰ ਵਧ ਰਹੀ ਆਬਾਦੀ ਦਾ ਕੁਦਰਤੀ ਸਰੋਤਾਂ ਅਤੇ ਵਾਤਾਵਰਣ 'ਤੇ ਨੁਕਸਾਨਦਾਇਕ ਪ੍ਰਭਾਵ ਪੈ ਰਿਹਾ ਹੈ। ਵਧਦੀ ਆਬਾਦੀ ਕਾਰਨ ਦੁਨੀਆ ਭਰ ਦੇ ਊਰਜਾ ਸਰੋਤਾਂ ਜਿਵੇਂ- ਪੈਟਰੋਲੀਅਮ ਉਤਪਾਦ, ਕੁਦਰਤੀ ਗੈਸ, ਕੋਲਾ ਆਦਿ ਦੀ ਖਪਤ ਵਧ ਰਹੀ ਹੈ, ਜੋ ਕਿ ਭਵਿੱਖ ਲਈ ਵੱਡੇ ਖ਼ਤਰੇ ਦਾ ਸੰਕੇਤ ਹੈ। ਭਾਰਤ ਦੀ ਆਬਾਦੀ ਜਿਸ ਅਨੁਪਾਤ ਨਾਲ ਵਧ ਰਹੀ ਹੈ, ਉਸ ਅਨੁਪਾਤ ਵਿਚ ਭੋਜਨ, ਪਾਣੀ, ਸਿਹਤ, ਦਵਾਈ ਆਦਿ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕਰਨਾ ਆਸਾਨ ਨਹੀਂ ਹੈ। ਵਧਦੀ ਆਬਾਦੀ ਕਾਰਨ ਦੇਸ਼ ਦੀ ਆਰਥਿਕਤਾ ਨੂੰ ਵੀ ਕੁਝ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਾਰਤ ਨੂੰ ਵਧਦੀ ਆਬਾਦੀ ਲਈ ਆਵਾਜਾਈ, ਸਿਹਤ ਸੰਭਾਲ, ਸਿੱਖਿਆ ਅਤੇ ਰਿਹਾਇਸ਼ ਵਰਗੀਆਂ ਲੋੜਾਂ ਪੂਰੀਆਂ ਕਰਨ ਲਈ ਬੁਨਿਆਦੀ ਢਾਂਚੇ ਵਿਚ ਵੱਡੇ ਪੱਧਰ 'ਤੇ ਪਰਿਵਰਤਨ ਕਰਨਾ ਪਵੇਗਾ।

ਮੌਜੂਦਾ ਸਮੇਂ ਵਿਚ ਭਾਰਤ 'ਚ ਸਭ ਤੋਂ ਵੱਧ ਆਬਾਦੀ ਨੌਜਵਾਨਾਂ ਦੀ ਹੈ। ਵਧਦੀ ਆਬਾਦੀ ਨਾਲ ਜੁੜੀਆਂ ਵੱਡੀਆਂ ਚੁਣੌਤੀਆਂ ਵਿੱਚੋਂ ਸਭ ਤੋਂ ਵੱਡੀ ਚੁਣੌਤੀ ਨੌਜਵਾਨਾਂ ਲਈ ਨਵੇਂ ਰੁਜ਼ਗਾਰ ਦੀ ਸਿਰਜਣਾ ਕਰਕੇ ਇਨ੍ਹਾਂ ਨੂੰ ਸਾਰਥਕ ਰੁਜ਼ਗਾਰ ਮੁਹੱਈਆ ਕਰਵਾਉਣਾ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਦੇਸ਼ ਵਿਚ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਵਧੇਗੀ, ਜਿਸ ਦਾ ਆਰਥਿਕ ਵਿਕਾਸ ਅਤੇ ਸਮਾਜਿਕ ਸਥਿਰਤਾ 'ਤੇ ਵੀ ਮਾੜਾ ਪ੍ਰਭਾਵ ਪੈ ਸਕਦਾ ਹੈ। ਜੇਕਰ ਆਬਾਦੀ ਇਸੇ ਰਫ਼ਤਾਰ ਨਾਲ ਵਧਦੀ ਰਹੀ ਤਾਂ ਭਵਿੱਖ ਵਿਚ ਭੁੱਖਮਰੀ ਦੀ ਸਮੱਸਿਆ ਬਣ ਸਕਦੀ ਹੈ, ਜਿਸ ਨਾਲ ਨਜਿੱਠਣਾ ਆਸਾਨ ਨਹੀਂ ਹੋਵੇਗਾ। ਬੇਰੁਜ਼ਗਾਰੀ ਅਤੇ ਗਰੀਬੀ ਅਜਿਹੀਆਂ ਸਮੱਸਿਆਵਾਂ ਹਨ, ਜਿਨ੍ਹਾਂ ਕਾਰਨ ਭ੍ਰਿਸ਼ਟਾਚਾਰ, ਚੋਰੀ, ਅਨੈਤਿਕਤਾ, ਅਰਾਜਕਤਾ ਅਤੇ ਅੱਤਵਾਦ ਵਰਗੇ ਅਪਰਾਧਾਂ ਵਿੱਚ ਵਾਧਾ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਲਈ ਵਧ ਰਹੀ ਆਬਾਦੀ ਨੂੰ ਕਾਬੂ ਕੀਤੇ ਜਾਣਾ ਬਹੁਤ ਲਾਜ਼ਮੀ ਹੈ।

ਨਿਰੰਤਰ ਵਧ ਆਬਾਦੀ ਦੇ ਨਕਾਰਾਤਮਕ ਪ੍ਰਭਾਵਾਂ ਦੇ ਨਾਲ-ਨਾਲ ਕੁਝ ਸਕਾਰਾਤਮਕ ਪ੍ਰਭਾਵਾਂ ਨੂੰ ਵੀ ਦੇਖਿਆ ਜਾ ਸਕਦਾ ਹੈ। ਵਧਦੀ ਆਬਾਦੀ ਦੇ ਨਾਲ-ਨਾਲ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਵਧਦੀ ਹੈ। ਕੁੱਲ ਮੰਗ ਵਿੱਚ ਵਾਧਾ ਆਰਥਿਕ ਵਿਕਾਸ ਦੀ ਗਤੀ ਨੂੰ ਵਧਾ ਸਕਦਾ ਹੈ, ਕਿਉਂਕਿ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਕਾਂ ਨੂੰ ਵਧਦੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪਹਿਲਾਂ ਨਾਲੋਂ ਜ਼ਿਆਦਾ ਉਤਪਾਦਨ ਕਰਨਾ ਪਵੇਗਾ। ਭੋਜਨ ਅਤੇ ਕੱਪੜਿਆਂ ਤੋਂ ਲੈ ਕੇ ਰਿਹਾਇਸ਼ ਅਤੇ ਸਿਹਤ ਸੰਭਾਲ ਤੱਕ ਦੀ ਹਰ ਚੀਜ਼ ਦੀ ਮੰਗ ਵਧਣ ਨਾਲ ਕਾਰੋਬਾਰ ਦੇ ਵਾਧੇ ਅਤੇ ਵਿਸਥਾਰ ਦੇ ਨਵੇਂ ਮੌਕੇ ਪੈਦਾ ਹੋ ਸਕਦੇ ਹਨ। ਪਿਛਲੇ ਕੁਝ ਦਹਾਕਿਆਂ ਵਿੱਚ ਸਾਡੇ ਦੇਸ਼ ਦੀ ਸਿੱਖਿਆ ਅਤੇ ਸਿਹਤ ਦੇ ਪੱਧਰ ਵਿੱਚ ਕੁਝ ਸੁਧਾਰ ਹੋ ਰਿਹਾ ਹੈ, ਜਿਸ ਸਦਕਾ ਆਬਾਦੀ ਵਾਧੇ ਦੀ ਦਰ ਵਿਚ ਮਾਮੂਲੀ ਜਿਹੀ ਗਿਰਾਵਟ ਆਈ ਹੈ, ਪਰ ਇਹ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਹੈ। ਇੱਕ ਪਾਸੇ ਜਿੱਥੇ ਆਬਾਦੀ ਵਿਚ ਵਾਧਾ ਦੇਸ਼ ਦੇ ਵਿਕਾਸ ਵਿਚ ਸਹਾਈ ਸਿੱਧ ਹੁੰਦਾ ਹੈ, ਉੱਥੇ ਦੂਜੇ ਪਾਸੇ ਇਹ ਸ਼ੋਸ਼ਣ ਦਾ ਇੱਕ ਵੱਡਾ ਕਾਰਨ ਵੀ ਬਣਦਾ ਹੈ। ਮੌਜੂਦਾ ਸਮੇਂ ਵਿੱਚ ਭਾਰਤ ਆਪਣੀ ਤੇਜ਼ੀ ਨਾਲ ਵਧ ਰਹੀ ਆਬਾਦੀ ਨੂੰ ਵਿਕਾਸ ਦੀ ਪੌੜੀ ਨਹੀਂ ਬਣਾ ਸਕਿਆ ਹੈ, ਇਸ ਲਈ ਭਾਰਤ ਵਿਚ ਵਧ ਰਹੀ ਆਬਾਦੀ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ। ਆਬਾਦੀ ਵਿਸਫੋਟ ਦੀ ਸਥਿਤੀ ਵਿਕਾਸ ਦੇ ਰਾਹ ਵਿਚ ਰੁਕਾਵਟ ਬਣਦੀ ਜਾ ਰਹੀ ਹੈ। ਜਿਆਦਾ ਆਬਾਦੀ ਕਾਰਨ ਸੰਘਰਸ਼ ਦੀ ਸਥਿਤੀ ਬਣਦੀ ਹੈ, ਜਿਸ ਨਾਲ ਮਨੁੱਖੀ ਨੈਤਿਕ ਅਤੇ ਸਮਾਜਿਕ ਗੁਣਾਂ ਦਾ ਪਤਨ ਹੁੰਦਾ ਹੈ। ਆਬਾਦੀ ਵਿਸਫੋਟ ਨੂੰ ਕਾਬੂ ਕਰਨ ਲਈ ਸਰਕਾਰ ਨੂੰ ਕੁਝ ਸਖ਼ਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕ ਕੇ ਠੋਸ ਆਬਾਦੀ ਕੰਟਰੋਲ ਨੀਤੀ ਨੂੰ ਲਾਗੂ ਕਰਨ ਲਈ ਦ੍ਰਿੜ੍ਹ ਹੋਣਾ ਪਵੇਗਾ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਬਾਦੀ ਵਿਸਫੋਟ ਦੇ ਭਿਆਨਕ ਸਿੱਟਿਆਂ ਨੂੰ ਭੁਗਤਣ ਤੋਂ ਬਚ ਸਕਣ। ਆਮ ਲੋਕਾਂ ਵਿਚ ਇਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਪ੍ਰੋਗਰਾਮ ਅਤੇ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਸਮਾਜ ਵਿਚੋਂ ਪੁਰਾਤਨ ਅੰਧਵਿਸ਼ਵਾਸ, ਰੂੜੀਵਾਦ, ਬਾਲ ਵਿਆਹ, ਅਨਪੜ੍ਹਤਾ, ਗਰੀਬੀ, ਲਿੰਗ ਅਸਮਾਨਤਾ ਵਰਗੀਆਂ ਕੁਰੀਤੀਆਂ ਨੂੰ ਰੋਕਣ ਨਾਲ ਹੀ ਭਾਰਤ ਦੀ ਵਧਦੀ ਆਬਾਦੀ ਦਰ ਨੂੰ ਕਾਬੂ ਕਰਨਾ ਸੰਭਵ ਹੈ। ਆਬਾਦੀ ਵਾਧੇ ਨੂੰ ਘਟਾਉਣ ਦੇ ਨਾਲ-ਨਾਲ ਆਬਾਦੀ ਕੰਟਰੋਲ ਪ੍ਰੋਗਰਾਮਾਂ ਵਿਚ ਇਸ ਗੱਲ ਦਾ ਵੀ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ ਕਿ ਮਰਦਾਂ ਅਤੇ ਔਰਤਾਂ ਦਾ ਲਿੰਗਾਨੁਪਾਤ ਕਿਸੇ ਵੀ ਸੂਰਤ ਵਿੱਚ ਵਿਗੜਣਾ ਨਹੀਂ ਚਾਹੀਦਾ, ਕਿਉਂਕਿ ਜੇਕਰ ਇਹ ਅਨੁਪਾਤ ਨਿਰੰਤਰ ਵਿਗੜਦਾ ਰਿਹਾ ਤਾਂ ਇਸਦੇ ਭਵਿੱਖ ਵਿਚ ਨਤੀਜੇ ਕਿੰਨੇ ਖ਼ਤਰਨਾਕ ਹੋਣਗੇ, ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਵਧ ਰਹੀ ਆਬਾਦੀ ਦੀ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਵਾਤਾਵਰਣ ਮਾਹਿਰਾਂ ਦੀ ਚੇਤਾਵਨੀ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇਕਰ ਆਬਾਦੀ ਵਾਧੇ ਦੀ ਰਫ਼ਤਾਰ ਨੂੰ ਘਟਾਉਣ ਵਿਚ ਸਫ਼ਲਤਾ ਨਾ ਮਿਲੀ ਤਾਂ ਆਉਣ ਵਾਲੇ ਸਮੇਂ ਵਿਚ ਅਜਿਹਾ ਦਿਨ ਵੀ ਦੇਖਣ ਨੂੰ ਮਿਲ ਸਕਦਾ ਹੈ ਕਿ ਮਨੁੱਖ ਨੂੰ ਰਹਿਣ ਲਈ ਧਰਤੀ 'ਤੇ ਥਾਂ ਵੀ ਨਾ ਮਿਲੇ। ਆਬਾਦੀ ਦੀ ਸਮੱਸਿਆ ਨੂੰ ਸਿਹਤ ਅਤੇ ਸਿੱਖਿਆ ਨਾਲ ਸਬੰਧਤ ਸਹੂਲਤਾਂ ਦੇ ਪਸਾਰ ਅਤੇ ਗੁਣਵੱਤਾ ਵਿੱਚ ਤੇਜ਼ੀ ਲਿਆ ਕੇ ਹੱਲ ਕੀਤਾ ਜਾ ਸਕਦਾ ਹੈ। ਸੋ ਸਮੁੱਚੇ ਤੌਰ 'ਤੇ ਸਾਨੂੰ ਤੇਜ਼ੀ ਨਾਲ ਵਧ ਰਹੀ ਆਬਾਦੀ ਪ੍ਰਤੀ ਗੰਭੀਰਤਾ ਨਾਲ ਵਿਚਾਰ ਕਰਨਾ ਹੋਵੇਗਾ। ਸਾਨੂੰ ਵਿਅਕਤੀਗਤ ਪੱਧਰ 'ਤੇ ਹਰ ਸੰਭਵ ਉਪਾਅ ਕਰਕੇ ਦੇਸ਼ ਦੇ ਚੰਗੇ ਨਾਗਰਿਕ ਦੀ ਤਰ੍ਹਾਂ ਇੱਕ ਸੀਮਤ ਪਰਿਵਾਰ ਰਖਣਾ ਹੋਵੇਗਾ, ਜਿਸ ਨਾਲ ਅਸੀਂ ਸਿਰਫ਼ ਆਪਣਾ ਹੀ ਨਹੀਂ ਸਗੋਂ ਦੇਸ਼ ਦਾ ਵੀ ਭਲਾ ਕਰ ਸਕਾਂਗੇ।

# ਪੰਜਾਬੀਆਂ ਨਾਲ ਆਨਲਾਈਨ ਧੋਖਾਧੜੀ ਦੇ ਮਾਮਲੇ ਵਧੇ

## ਠੱਗਾਂ ਨੇ ਐਪਾਂ ਨੂੰ ਆਪਣਾ ਹਥਿਆਰ ਬਣਾਇਆ

ਅੰਮ੍ਰਿਤਸਰ- ਜਦੋਂ ਤੋਂ ਦੇਸ਼ ਦੇ ਸਾਰੇ ਕੰਮਾਂ ਅਤੇ ਵਿਭਾਗਾਂ ਨੇ ਖੁਦ ਨੂੰ ਆਨਲਾਈਨ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ, ਉਦੋਂ ਤੋਂ ਵੱਡੀ ਗਿਣਤੀ ਵਿੱਚ ਆਨਲਾਈਨ ਧੋਖਾਦੇਹੀ ਦੇ ਮਾਮਲੇ ਸਾਹਮਣੇ ਆ ਰਹੇ ਹਨ। ਜ਼ਿਕਰਯੋਗ ਹੈ ਕਿ ਸਰਕਾਰ ਲੋਕਾਂ ਦੀ ਸਹੂਲਤ ਲਈ ਸਾਰੇ ਵਿਭਾਗਾਂ ਦੇ ਕੰਮਕਾਜ ਨੂੰ ਆਨਲਾਈਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਸ ਵਿੱਚ ਬੈਂਕ ਅਤੇ ਪੈਸੇ ਨਾਲ ਸਬੰਧਤ ਹੋਰ ਐਪਸ ਆਦਿ ਵੀ ਅਛੂਤੇ ਨਹੀਂ ਹਨ ਪਰ ਹੁਣ ਇਹ ਘੱਟ ਸੁਵਿਧਾਜਨਕ ਸਾਬਤ ਹੋ ਰਹੀਆਂ ਹਨ । ਲੋਕਾਂ ਲਈ ਅਸੁਵਿਧਾਜਨਕ ਆਨਲਾਈਨ ਧੋਖਾਦੇਹੀ ਕਰਨ ਵਾਲੇ ਇੰਨੇ ਚਲਾਕ ਹਨ ਕਿ ਪੜ੍ਹੇ-ਲਿਖੇ ਲੋਕਾਂ ਨੂੰ ਵੀ ਉਨ੍ਹਾਂ ਦੀਆਂ ਗੱਲਾਂ ਦੀ ਆੜ ਵਿੱਚ ਫ਼ਸਾ ਕੇ ਮੋਟੀ ਰਕਮ ਦੀ ਠੱਗੀ ਮਾਰ ਲੈਂਦੇ ਹਨ। ਅਜਿਹਾ ਨਹੀਂ ਹੈ ਕਿ ਪੁਲਿਸ ਨੂੰ ਇਸ ਦੀ ਜਾਣਕਾਰੀ ਨਹੀਂ ਹੈ। ਇਸ ਤਰ੍ਹਾਂ ਦੀ ਧੋਖਾਦੇਹੀ ਕਈ ਪੁਲਿਸ ਮੁਲਾਜ਼ਮਾਂ ਨਾਲ ਵੀ ਹੋ ਚੁੱਕੀ ਹੈ, ਜਿਨ੍ਹਾਂ ਨੇ ਇਸ ਧੋਖਾਦੇਹੀ ਵਿਚ ਆਪਣੀ ਬਚਤ ਦੇ ਲੱਖਾਂ ਰੁਪਏ ਗਵਾਏ ਹਨ। ਜ਼ਿਆਦਾਤਰ ਲੋਕ ਬੈਂਕਾਂ ਅਤੇ ਪੈਸੇ ਅਤੇ ਬੱਚਤ ਨਾਲ ਜੁੜੀ ਸਾਰੀ ਜਾਣਕਾਰੀ ਆਪਣੇ ਮੋਬਾਈਲ ਫੋਨ 'ਤੇ ਹੀ ਰੱਖਦੇ ਹਨ।

ਧੋਖਾਦੇਹੀ ਦੇ ਅਜਿਹੇ ਕਈ ਮਾਮਲੇ ਅਜੇ ਵੀ ਅੰਮ੍ਰਿਤਸਰ ਦੀ ਸਿਟੀ ਅਤੇ ਦਿਹਾਤੀ ਪੁਲਿਸ ਲਈ ਗਲੇ ਦੀ ਹੱਡੀ ਬਣੇ ਹੋਏ ਹਨ, ਯਾਨੀ ਕਿ ਅਜੇ ਤੱਕ ਉਨ੍ਹਾਂ ਨੂੰ ਹੱਲ ਨਹੀਂ ਕੀਤਾ ਗਿਆ ਹੈ। ਅਜਿਹੇ ਮਾਮਲਿਆਂ ਨੂੰ ਦੇਖਦੇ ਹੋਏ ਪੁਲਸ ਸੂਚਨਾ ਮਿਲਣ 'ਤੇ ਤੁਰੰਤ ਮਾਮਲੇ ਤਾਂ ਦਰਜ ਕਰ ਲੈਂਦੀ ਹੈ ਪਰ ਇਨ੍ਹਾਂ ਨੂੰ ਹੱਲ ਕਰਨ ਵਿੱਚ ਅਸਮਰਥ ਸਾਬਤ ਹੁੰਦੀ ਹੈ। ਹਾਲਾਂਕਿ ਪੁਲਿਸ ਨੇ ਹੁਣ ਇਸ ਦੇ ਲਈ ਇੱਕ ਵੱਖਰਾ ਸਾਈਬਰ ਸੈੱਲ ਬਣਾਇਆ ਹੈ, ਜੋ ਕਿ ਕਾਫੀ ਹੱਦ ਤੱਕ ਹੈਕਰ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ, ਪਰ ਫਿਰ ਵੀ ਪੁਲਿਸ ਮੁਲਜ਼ਮ ਨੂੰ ਟਰੇਸ ਕਰਨ ਲਈ ਆਪਣਾ ਪੱਲਾ ਝਾੜਦੀ ਰਹਿੰਦੀ ਹੈ।



ਇਸੇ ਤਰ੍ਹਾਂ ਪਿਛਲੇ ਕਈ ਦਿਨਾਂ ਤੋਂ ਆਨਲਾਈਨ ਧੋਖਾਦੇਹੀ ਦੇ ਕਈ ਮਾਮਲੇ ਅੰਮ੍ਰਿਤਸਰ ਸਿਟੀ ਪੁਲਿਸ ਦੇ ਧਿਆਨ ਵਿੱਚ ਆਏ ਹਨ, ਜਿਨ੍ਹਾਂ 'ਚ ਪੀੜਤਾਂ ਨਾਲ ਆਨਲਾਈਨ ਧੋਖਾਧੜੀ ਰਾਹੀਂ ਲੱਖਾਂ ਰੁਪਏ ਦੀ ਠੱਗੀ ਮਾਰੀ ਗਈ ਹੈ। ਹਾਲ ਹੀ ਵਿਚ ਥਾਣਾ ਮਜੀਠਾ ਰੋਡ 'ਚ ਇਕ ਮਾਮਲਾ ਦਰਜ ਹੋਇਆ ਸੀ, ਜਿਸ ਵਿੱਚ ਦੀਪਤੀ ਮਹਿਰਾ ਨੂੰ ਸਿਮ ਦੀ ਮਿਆਦ ਖ਼ਤਮ ਹੋਣ ਦੀ ਗੱਲ ਕਹਿ ਕੇ 1,50,000 ਰੁਪਏ ਦੀ ਆਨਲਾਈਨ ਠੱਗੀ ਮਾਰੀ ਗਈ ਸੀ। ਇਸ ਵਿੱਚ ਰੋਹਨ ਨਾਂ ਦੇ ਵਿਅਕਤੀ ਨੇ ਉਸ ਨਾਲ ਫੋਨ ਰਾਹੀਂ ਠੱਗੀ ਮਾਰੀ।

**ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਨਾਂ 'ਤੇ ਮਾਰੀ ਜਾ ਰਹੀ ਹੈ ਠੱਗੀ**

ਹੈਕਰ ਭੋਲੇ ਭਾਲੇ ਲੋਕਾਂ ਨੂੰ ਮੋਬਾਇਲ ਫੋਨਾਂ 'ਤੇ ਵੱਖ-ਵੱਖ ਸਹੂਲਤਾਂ ਦੇ ਕੇ ਧੋਖਾ ਦਿੰਦੇ ਹਨ ਜਾਂ ਧਮਕੀ ਦਿੰਦੇ ਹਨ ਕਿ ਤੁਹਾਡੇ ਕ੍ਰੈਡਿਟ ਕਾਰਡ ਦੀ ਮਿਆਦ ਖ਼ਤਮ ਹੋ ਰਹੀ ਹੈ ਜਾਂ ਇਸ ਕਾਰਨ ਤੁਹਾਡਾ ਸਿਮ ਨੰਬਰ ਬੰਦ ਹੋ ਰਿਹਾ ਹੈ, ਕਿਉਂਕਿ ਤੁਹਾਡੀ ਪੂਰੀ ਜਾਣਕਾਰੀ ਸਾਡੀ ਕੰਪਨੀ ਕੋਲ ਨਹੀਂ ਹੈ ਅਤੇ ਜੇਕਰ ਤੁਸੀਂ ਇਸ ਨੰਬਰ ਨੂੰ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਸੀਂ ਅਜਿਹਾ ਕਰੋਗੇ, ਫਿਰ ਤੁਹਾਨੂੰ ਇਕ ਓ. ਟੀ. ਪੀ ਮਿਲੇਗਾ ਨੰਬਰ ਆਵੇਗਾ, ਜੋ ਸਾਡੇ ਨਾਲ ਸਾਂਝਾ ਕਰਨਾ ਹੋਵੇਗਾ। ਜਦੋਂ ਵਿਅਕਤੀ ਓ.ਟੀ.ਪੀ ਜੇਕਰ ਕੋਈ ਵਿਅਕਤੀ ਨੰਬਰ ਸਾਂਝਾ ਕਰਦਾ ਹੈ, ਤਾਂ ਪੰਜ ਮਿੰਟਾਂ ਵਿੱਚ ਹੀ ਹੈਕਰ ਦੁਆਰਾ ਉਸਦਾ ਬੈਂਕ ਖ਼ਾਤਾ ਖ਼ਾਲੀ ਕਰ ਦਿੱਤਾ ਜਾਂਦਾ ਹੈ।

ਪੈਸਿਆਂ ਦੀ ਲੈਣ ਦੇਣ ਕਰਨ ਦਾ ਸਭ ਤੋਂ ਆਸਾਨ ਤਰੀਕਾ ਮੋਬਾਇਲ ਫੋਨਾਂ ਰਾਹੀਂ ਇੱਕ ਖਾਤੇ ਤੋਂ ਦੂਜੇ ਖਾਤੇ ਵਿਚ ਪੈਸੇ ਟਰਾਂਸਫਰ ਕਰਨਾ ਸੀ, ਪਰ ਇਸ ਸਿਸਟਮ ਨੂੰ ਚਲਾਕ ਲੋਕਾਂ ਵੱਲੋਂ ਠੱਗੀ ਮਾਰਨ ਦਾ ਜ਼ਰੀਆ ਬਣਾ ਦਿੱਤਾ ਗਿਆ। ਇਸ ਤੋਂ ਇਲਾਵਾ ਹੁਣ ਮੋਬਾਈਲ ਫੋਨ, ਗੂਗਲ ਪੇ, ਫੋਨ ਪੇ, ਪੇਟੀਐਮ 'ਤੇ ਕਈ ਐਪਸ ਹਨ ਅਤੇ ਲੋਕਾਂ ਨੂੰ ਸਹੂਲਤ ਦੇਣ ਲਈ ਮਾਹਿਰਾਂ ਵੱਲੋਂ ਕਈ ਆਨਲਾਈਨ ਐਪਸ ਆਦਿ ਬਣਾਈਆਂ ਗਈਆਂ ਸਨ ਪਰ ਹੁਣ ਇਨ੍ਹਾਂ ਐਪਾਂ ਨੂੰ ਠੱਗੀ ਮਾਰਨ ਵਾਲੇ ਸ਼ਰਾਰਤੀ ਅਨਸਰਾਂ ਨੇ ਆਪਣਾ ਹਥਿਆਰ ਬਣਾ ਲਿਆ ਹੈ। ਇਸ ਨਾਲ ਉਹ ਕਿਤੇ ਬੈਠ ਕੇ ਵੀ ਕਿਸੇ ਦੇ ਬੈਂਕ ਖਾਤੇ ਵਿਚੋਂ ਕੁਝ ਹੀ ਮਿੰਟਾਂ ਵਿਚ ਪੂਰੀ ਰਕਮ ਕੱਢਵਾ ਸਕਦੇ ਹਨ।

**ਹੈਕਰਾਂ ਨੇ ਲੱਭਿਆ ਨਵਾਂ ਤਰੀਕਾ**

ਹੁਣ ਹੈਕਰਾਂ ਨੇ ਧੋਖਾਦੇਹੀ ਦਾ ਨਵਾਂ ਤਰੀਕਾ ਲੱਭ ਲਿਆ ਹੈ। ਇਸ ਦੀਆਂ ਉਦਾਹਰਣਾਂ ਕੈਨੇਡਾ ਦੇ ਬਰੈਮਟਨ ਸ਼ਹਿਰ ਵਿੱਚ ਰਹਿਣ ਵਾਲੇ ਹਾਰਦਿਕ ਗੁਪਤਾ ਅਤੇ ਮਾਂਟਰੀਅਲ ਵਿੱਚ ਰਹਿਣ ਵਾਲੇ ਨਵਜੋਤ ਸਿੰਘ ਟੰਡਨ ਨੇ ਦਿੱਤੀਆਂ ਹਨ। ਉਨ੍ਹਾਂ ਦਾ ਇੰਸਟਾਗ੍ਰਾਮ ਹੈਕਰਾਂ ਨੇ ਹੈਕ ਕਰ ਲਿਆ ਅਤੇ ਉਸ ਦੇ ਕੁਝ ਜਾਣਕਾਰਾਂ ਨੂੰ ਫੋਨ ਕਰ ਕੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਉਸ ਨੂੰ ਕਿਸੇ ਕਾਰਨ ਹਜ਼ਾਰਾਂ ਰੁਪਏ ਦੀ ਲੋੜ ਹੈ, ਪਹਿਲਾਂ ਤਾਂ ਉਨ੍ਹਾਂ ਦੇ ਜਾਣਕਾਰ ਡਰ ਗਏ ਅਤੇ ਫਿਰ ਜਦੋਂ ਉਨ੍ਹਾਂ ਨੇ ਹਾਰਦਿਕ ਨੂੰ ਸਿੱਧਾ ਕੈਨੇਡਾ ਬੁਲਾ ਕੇ ਪੁੱਛਿਆ ਤਾਂ ਉਸ ਨੂੰ ਕੁਝ ਨਹੀਂ ਹੋਇਆ ਅਤੇ ਨਾ ਹੀ ਉਸ ਨੂੰ ਪੈਸਿਆਂ ਦੀ ਲੋੜ ਹੈ, ਫਿਰ ਸਾਰੇ ਜਾਣਕਾਰਾਂ ਨੇ ਸਾਹ ਲਿਆ ਕਿ ਉਹ ਠੀਕ ਹੈ, ਭਾਵ ਇਹ ਹੈਕਰ ਹੁਣ ਲੋਕਾਂ ਦੇ ਮਨਾਂ ਨਾਲ ਖਿਲਵਾੜ ਕਰ ਕੇ ਲੋਕਾਂ ਨੂੰ ਡਰਾ ਧਮਕਾ ਕੇ ਫੋਨ 'ਤੇ ਪੈਸੇ ਦੀ ਮੰਗ ਕਰ ਰਹੇ ਹਨ ਅਤੇ ਫਿਰ ਜਦੋਂ ਲੋਕ ਅਚਾਨਕ ਡਰ ਜਾਂਦੇ ਹਨ ਤਾਂ ਤੁਰੰਤ ਪੈਸੇ ਪਾ ਦਿੰਦੇ ਹਨ। ਫਿਰ ਉਹ ਧੋਖਾਧੜੀ ਦਾ ਸ਼ਿਕਾਰ ਹੋ ਜਾਂਦੇ ਹਨ।

ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਲੋਕਾਂ ਨੂੰ ਹੁਣ ਅਜਿਹੇ ਮਾਮਲਿਆਂ ਪ੍ਰਤੀ ਖੁਦ ਹੀ ਜਾਗਰੂਕ ਹੋਣਾ ਪਵੇਗਾ, ਤਾਂ ਹੀ ਅਜਿਹੇ ਮਾਮਲਿਆਂ ਤੇ ਕਾਬੂ ਪਾਇਆ ਜਾ ਸਕੇਗਾ। ਕਿਸੇ ਅਣਪਛਾਤੇ ਵਿਅਕਤੀਆਂ ਦੀ ਕਾਲ ਆਉਂਦੀ ਹੈ ਤਾਂ ਉਹ ਧਿਆਨ ਨਾਲ ਫ਼ੋਨ ਸੁਣਨ ਅਤੇ ਕਿਸੇ ਨੂੰ ਵੀ ਓ. ਟੀ. ਪੀ. ਕਿਸੇ ਹੋਰ ਬੈਂਕ ਨਾਲ ਸਬੰਧਤ ਜਾਂ ਕ੍ਰੈਡਿਟ ਕਾਰਡ ਨਾਲ ਸਬੰਧਤ ਜਾਣਕਾਰੀ ਸਾਂਝੀ ਨਾ ਕਰਨ, ਕਿਸੇ ਨੂੰ ਵੀ ਨਾ ਦੱਸੋ ਨਹੀਂ ਤਾਂ, ਇਸ ਜਾਣਕਾਰੀ ਨੂੰ ਸਾਂਝਾ ਕਰਨ ਨਾਲ ਕਿਸੇ ਵੀ ਸਮੇਂ ਉਨ੍ਹਾਂ ਨਾਲ ਆਨਲਾਈਨ ਧੋਖਾਦੇਹੀ ਹੋ ਸਕਦੀ ਹੈ।

## ਅੰਮ੍ਰਿਤਪਾਲ ਮਾਮਲੇ 'ਚ ਐਡਵਾਈਜ਼ਰੀ ਬੋਰਡ ਨੇ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ ਤੇ ਐਸ.ਐਸ.ਪੀ. ਨੂੰ ਕੀਤਾ ਤਲਬ

ਐਸ.ਏ.ਐਸ. ਨਗਰ (ਮੋਹਾਲੀ) : ਜਥੇਬੰਦੀ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ 'ਤੇ ਦਰਜ ਕੀਤੇ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਬਾਰੇ ਹਾਈ ਕੋਰਟ ਦੇ ਤਿੰਨ ਜੱਜਾਂ 'ਤੇ ਆਧਾਰਿਤ ਐਡਵਾਈਜ਼ਰੀ ਬੋਰਡ ਨੇ ਸੁਣਵਾਈ ਸ਼ੁਰੂ ਕਰ ਦਿੱਤੀ ਹੈ। ਬੀਤੇ ਦਿਨੀਂ ਸੈਕਟਰ-68 ਸਥਿਤ ਵਣ ਭਵਨ ਵਿੱਚ ਹੋਈ ਪਲੇਠੀ ਸੁਣਵਾਈ ਮੌਕੇ ਅੰਮ੍ਰਿਤਸਰ ਦੇ ਡੀਸੀ-ਕਮ-ਜ਼ਿਲ੍ਹਾ ਮੈਜਿਸਟਰੇਟ ਹਰਪ੍ਰੀਤ ਸਿੰਘ ਸੂਦਨ ਤੇ ਅੰਮ੍ਰਿਤਸਰ ਦੇ ਐੱਸਐੱਸਪੀ (ਦਿਹਾਤੀ) ਸਤਿੰਦਰ ਸਿੰਘ ਨੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਪਣਾ ਪੱਖ ਰੱਖਿਆ।



ਜ਼ਿਕਰਯੋਗ ਹੈ ਕਿ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੀਆਂ ਖ਼ਾਲਿਸਤਾਨ ਪੱਖੀ ਗਤੀਵਿਧੀਆਂ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਕੇਸ ਦਰਜ ਕਰਕੇ 36 ਦਿਨਾਂ ਦੀ ਲੁਕਣਮੀਚੀ ਤੋਂ ਬਾਅਦ ਬੀਤੇ ਦਿਨੀਂ ਪੰਜਾਬ ਪੁਲੀਸ ਨੇ ਹਿਰਾਸਤ ਵਿੱਚ ਲੈ ਕੇ ਉਸ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਹੈ। ਇਸ ਮਾਮਲੇ ਵਿੱਚ ਅੰਮ੍ਰਿਤਸਰ ਦੇ ਅੱਠ ਸਹਿਯੋਗੀਆਂ ਹਰਜੀਤ ਸਿੰਘ ਉਰਫ਼ ਚਾਚਾ, ਦਲਜੀਤ ਸਿੰਘ ਕਲਸੀ, ਗੁਰਮੀਤ ਸਿੰਘ, ਕੁਲਵੰਤ ਸਿੰਘ ਧਾਲੀਵਾਲ, ਵਰਿੰਦਰ ਸਿੰਘ ਫੌਜੀ, ਭਗਵੰਤ ਸਿੰਘ ਬਾਜੇਕੇ ਉਰਫ਼ ਪ੍ਰਧਾਨ ਮੰਤਰੀ, ਬਸੰਤ ਸਿੰਘ ਤੇ ਗੁਰਿੰਦਰਪਾਲ ਸਿੰਘ ਔਜਲਾ ਨੂੰ (ਬਾਕੀ ਸਫ਼ਾ 30 'ਤੇ)

## ਪੰਜਾਬੀ ਹੁਣ ਕੈਨੇਡਾ ਵਿਚ ਜਾਕੇ ਖੇਤੀ ਕਰ ਸਕਣਗੇ

### ਕੈਨੇਡਾ ਨੂੰ ਖੇਤੀਬਾੜੀ ਲਈ 30,000 ਨਵੇਂ ਪ੍ਰਵਾਸੀਆਂ ਦੀ ਲੋੜ

ਟੋਰਾਂਟੋ/ਏ.ਟੀ.ਨਿਊਜ਼ :- ਕੈਨੇਡਾ ਨੂੰ ਅਗਲੇ ਦਹਾਕੇ ਦੌਰਾਨ 30,000 ਨਵੇਂ ਸਥਾਈ ਪ੍ਰਵਾਸੀਆਂ ਦੀ ਲੋੜ ਹੈ ਜੋ ਜਾਂ ਤਾਂ ਆਪਣੇ ਖ਼ੁਦ ਦੇ ਫਾਰਮ ਸ਼ੁਰੂ ਕਰ ਸਕਦੇ ਹਨ ਜਾਂ ਖੇਤੀਬਾੜੀ ਉਦਯੋਗ ਵਿੱਚ ਵੱਧ ਰਹੇ ਮਜ਼ਦੂਰ ਸੰਕਟ ਨਾਲ ਨਜਿੱਠਣ ਲਈ ਮੌਜੂਦਾ ਫਾਰਮਾਂ ਨੂੰ ਸੰਭਾਲ ਸਕਦੇ ਹਨ। ਇਕ ਨਵੇਂ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਰਾਇਲ ਬੈਂਕ ਆਫ਼ ਕੈਨੇਡਾ (ਆਰਬੀਸੀ) ਦੀ ਖੋਜ ਦੇ ਅਨੁਸਾਰ 40 ਪ੍ਰਤੀਸ਼ਤ ਕੈਨੇਡੀਅਨ ਫਾਰਮ ਓਪਰੇਟਰ 2033 ਤੱਕ ਸੇਵਾਮੁਕਤ ਹੋ ਜਾਣਗੇ, ਜਿਸ ਨਾਲ ਖੇਤੀਬਾੜੀ ਖੇਤਰ ਵਿਚ ਕਾਮਿਆਂ ਦੀ ਲੋੜ ਵੱਧ ਜਾਵੇਗੀ।



ਇਸੇ ਸਮੇਂ ਦੌਰਾਨ 24,000 ਜਨਰਲ ਫਾਰਮ, ਨਰਸਰੀ ਅਤੇ ਗ੍ਰੀਨਹਾਊਸ ਵਰਕਰਾਂ ਦੀ ਕਮੀ ਦੇ ਸਾਹਮਣੇ ਆਉਣ ਦੀ ਉਮੀਦ ਹੈ ਅਤੇ 10 ਸਾਲਾਂ ਵਿੱਚ ਅੱਜ ਦੇ 60 ਪ੍ਰਤੀਸ਼ਤ ਫਾਰਮ ਸੰਚਾਲਕਾਂ ਦੀ ਉਮਰ 65 ਸਾਲ ਤੋਂ ਵੱਧ ਹੋਵੇਗੀ, ਯਾਨੀ ਰਿਟਾਇਰਮੈਂਟ ਦੇ ਨੇੜੇ। ਅਧਿਐਨ ਵਿੱਚ ਕਿਹਾ ਗਿਆ ਕਿ ਇਸ ਸਭ ਦੇ ਵਿਚਕਾਰ 66 ਪ੍ਰਤੀਸ਼ਤ ਉਤਪਾਦਕਾਂ ਕੋਲ ਉੱਤਰਾਧਿਕਾਰੀ ਯੋਜਨਾ ਨਹੀਂ ਹੈ, ਜਿਸ ਨਾਲ ਖੇਤਾਂ ਦੇ ਭਵਿੱਖ ਸਬੰਧੀ ਸ਼ੱਕ ਹੈ। ਕੈਨੇਡਾ ਦਾ ਖੇਤੀਬਾੜੀ ਖੇਤਰ ਦੁਨੀਆ ਵਿੱਚ ਸਭ ਤੋਂ ਵੱਧ ਵਿਭਿੰਨਤਾਵਾਂ ਵਿੱਚੋਂ ਇੱਕ ਹੈ ਹਾਲਾਂਕਿ ਵਿਦੇਸ਼ੀ ਕਾਮਿਆਂ ਦੀ ਮੰਗ ਦੀ ਡਿਗਰੀ ਸੂਬੇ ਅਤੇ ਸੰਚਾਲਨ ਦੁਆਰਾ ਮਹੱਤਵਪੂਰਨ ਤੌਰ 'ਤੇ ਵੱਖਰੀ ਹੈ। ਜਦੋਂ ਵਧੇਰੇ ਹੁਨਰਮੰਦ ਫਾਰਮ ਓਪਰੇਟਰਾਂ ਦੀ ਗੱਲ ਆਉਂਦੀ ਹੈ ਤਾਂ ਕੈਨੇਡਾ ਨੇ ਹਮੇਸ਼ਾ ਭਾਰਤ, ਨੀਦਰਲੈਂਡ, ਚੀਨ, ਅਮਰੀਕਾ ਅਤੇ ਯੂ.ਕੇ. ਤੋਂ ਉਨ੍ਹਾਂ ਦਾ ਸੁਆਗਤ ਕੀਤਾ ਹੈ।

ਅਧਿਐਨ ਵਿੱਚ ਕਿਹਾ ਗਿਆ ਹੈ ਕਿ ਹਾਲਾਂਕਿ ਘੱਟ ਕੁਸ਼ਲ ਕਾਮਿਆਂ ਦੇ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਬਿਹਤਰ ਨੀਤੀਆਂ ਦੀ ਜ਼ਰੂਰਤ ਹੈ।

ਸੀਬੀਸੀ ਨਿਊਜ਼ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਕਿ ਕੈਨੇਡਾ ਨੇ ਤਜਰਬੇ ਵਾਲੇ ਗੈਰ-ਮੌਸਮੀ ਕਾਮਿਆਂ ਲਈ ਸਥਾਈ ਨਿਵਾਸ ਦਾ ਰਸਤਾ ਦੇਣ ਲਈ 2020 ਵਿੱਚ ਇੱਕ ਖੇਤੀਬਾੜੀ-ਵਿਸ਼ੇਸ਼ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਸੀ, ਜੋ ਮਈ 2023 ਵਿੱਚ ਖ਼ਤਮ ਹੋਣ ਵਾਲਾ ਹੈ। ਫਰਵਰੀ 2023 ਤੱਕ ਓਟਾਵਾ ਸੂਬੇ (ਬਾਕੀ ਸਫ਼ਾ 29 'ਤੇ)

## ਕੌਮੀ ਘੱਟ ਗਿਣਤੀ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਤੋਂ ਮੰਗੀ ਰਿਪੋਰਟ

ਅੰਮ੍ਰਿਤਸਰ/ਏ.ਟੀ.ਨਿਊਜ਼ :-ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿੱਚ ਸਿੱਖ ਗੁਰੂਧਾਮ ਨੂੰ ਬੋਧੀ ਧਰਮ ਅਸਥਾਨ ਵਿੱਚ ਤਬਦੀਲ ਕੀਤੇ ਜਾਣ ਦੇ ਮਾਮਲੇ ਦੀ ਜਾਂਚ ਲਈ ਇਕ ਟੀਮ ਅਰੁਣਾਚਲ ਪ੍ਰਦੇਸ਼ ਭੇਜੀ ਜਾਵੇ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਵੀ ਆਖਿਆ ਹੈ ਕਿ ਉੱਤਰੀ-ਪੂਰਬੀ ਰਾਜਾਂ ਵਿਚ ਸਿੱਖ ਗੁਰਧਾਮਾਂ ਨਾਲ ਹੋ ਰਹੀ ਛੇੜਛਾੜ ਦੇ ਮਾਮਲਿਆਂ ਦੀ ਜਾਂਚ ਕਰਵਾਈ ਜਾਵੇ। ਇਸ ਦੌਰਾਨ ਕੌਮੀ ਘੱਟ ਗਿਣਤੀ ਕਮਿਸ਼ਨ ਨੇ ਅੱਜ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ ਪੱਤਰ ਭੇਜ ਕੇ ਇਸ ਮਾਮਲੇ ਦੀ ਰਿਪੋਰਟ ਮੰਗ ਲਈ ਹੈ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਦੱਸਿਆ ਕਿ ਗੁਰਦੁਆਰੇ ਨੂੰ ਬੋਧੀ ਧਾਰਮਿਕ ਸਥਾਨ ਵਿਚ ਤਬਦੀਲ ਕਰਨ ਸਬੰਧੀ ਪੱਤਰ ਨੂੰ ਕਮਿਸ਼ਨ ਨੇ ਗੰਭੀਰਤਾ ਨਾਲ ਲਿਆ ਹੈ। ਇਸ ਮਾਮਲੇ ਵਿਚ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ ਪੱਤਰ ਭੇਜ ਕੇ ਇਸ ਮਾਮਲੇ ਦੀ ਵਿਸਥਾਰਿਤ ਰਿਪੋਰਟ ਮੰਗ ਲਈ ਹੈ।

ਦੱਸਣਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਧਰਮ ਅਸਥਾਨ ਨੂੰ ਬੋਧੀ ਧਰਮ ਅਸਥਾਨ ਵਿੱਚ ਤਬਦੀਲ ਕੀਤੇ ਜਾਣ ਦਾ ਇਹ ਮਾਮਲਾ ਕੁਝ ਦਿਨ ਪਹਿਲਾਂ ਹੀ ਸਾਹਮਣੇ ਆਇਆ ਹੈ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਤਸਵੀਰਾਂ ਵੀ ਜਾਰੀ ਕੀਤੀਆਂ ਸਨ ਜਿਸ ਤੋਂ ਬਾਅਦ ਇਸ ਘਟਨਾ ਦਾ ਖੁਲਾਸਾ ਹੋਇਆ ਸੀ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖਦਸ਼ਾ ਪ੍ਰਗਟਾਇਆ ਕਿ (ਬਾਕੀ ਸਫ਼ਾ 30 'ਤੇ)

## ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਤਿਆਰ ਕੀਤੇ 'ਨਾਨਕ ਨਾਮ' ਦੇ ਪੰਜ ਫੌਂਟ

ਪਟਿਆਲਾ: ਪੰਜਾਬੀ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਡਾ. ਸੀਪੀ ਕੰਬੋਜ ਦੀ ਅਗਵਾਈ ਵਿੱਚ ਨਾਨਕ ਨਾਮ ਦੇ ਪੰਜ ਨਵੇਂ ਫੌਂਟ ਤਿਆਰ ਕੀਤੇ ਗਏ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ (ਕੈਨੇਡਾ) ਦੇ ਵਿੱਤੀ ਸਹਿਯੋਗ ਨਾਲ ਤਿਆਰ ਕੀਤੇ ਪੰਜਾਬੀ ਦੇ ਪੰਜ ਖ਼ੂਬਸੂਰਤ ਯੂਨੀਕੋਡ ਫੌਂਟ ਨੂੰ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਲੋਕ ਅਰਪਣ ਕੀਤਾ। ਤਿਆਰ ਕੀਤੇ ਨਾਨਕ ਦਰਬਾਰੀ, ਨਾਨਕ ਲਿਪੀ, ਨਾਨਕ ਲਿਪੀ ਉਭਾਰੀ, ਨਾਨਕ ਨਾਦ ਅਤੇ ਨਾਨਕ ਪੱਟੀ ਨਾਂ ਦੇ ਫੌਂਟ ਬਾਰੇ ਤਿਆਰ ਕੀਤੀ ਪੇਸ਼ਕਾਰੀ ਵਿੱਚ ਗੁਰਬਾਣੀ ਅਤੇ ਸੰਗੀਤ ਦੇ ਵਿਸ਼ੇਸ਼ ਚਿੰਨ੍ਹਾਂ ਨੂੰ ਟਾਈਪ ਕਰਨ ਦੀ ਵਿਧੀ ਦੱਸੀ।ਡਾ. ਕੰਬੋਜ ਨੇ ਕਿਹਾ ਕਿ ਪੰਜਾਬੀ ਯੂਨੀਕੋਡ ਫੌਂਟਾਂ ਵਿੱਚ ਪਹਿਲੀ ਵਾਰ ਰੂਪ ਬਦਲੀ ਵਿਸ਼ੇਸ਼ਤਾ ਅਤੇ ਉੱਨਤ ਰੈਂਡਰਿੰਗ ਇੰਜਣ ਵਰਤਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਫੌਂਟਾਂ ਨੂੰ ਯੂਨੀਵਰਸਿਟੀ ਦੇ ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ ਦੀ ਵੈੱਬਸਾਈਟ ਅਤੇ ਕੈਨੇਡੀਅਨ ਸੰਸਥਾ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।ਇਸ ਸਮੇਂ ਪ੍ਰੋ. ਅਰਵਿੰਦ ਨੇ ਕਿਹਾ ਕਿ ਯੂਨੀਵਰਸਿਟੀ ਡਾ. ਕੰਬੋਜ ਦੀ ਅਗਵਾਈ ਹੇਠ ਪੰਜਾਬੀ ਫੌਂਟ ਵਿਕਾਸ ਦੇ ਖੇਤਰ ਵਿੱਚ ਆਧੁਨਿਕ ਤਕਨਾਲੋਜੀ ਵਾਲੇ ਹੋਰ ਵੀ ਫੌਂਟ ਬਣਾਏਗੀ।

# ਦਰਬਾਰ ਸਾਹਿਬ ਦੀ ਮਹੱਤਤਾ ਅਤੇ ਮਰਿਯਾਦਾ ਦੀ ਰਾਖੀ ਲਈ ਸ਼੍ਰੋਮਣੀ ਕਮੇਟੀ ਕੀ ਕਰੇ ?



ਬਘੇਲ ਸਿੰਘ ਧਾਲੀਵਾਲ

ਪਿਛਲੇ ਕੁੱਝ ਦਿਨਾਂ ਤੋਂ ਆਪਣੇ ਮੂੰਹ ਉਪਰ ਤਿਰੰਗੇ ਦਾ ਟੈਟੂ ਬਣਾਕੇ ਇੱਕ ਬੀਬੀ ਵੱਲੋਂ ਸਿੱਖ ਮਰਿਯਾਦਾ ਦੇ ਉਲਟ ਘੱਟ ਕੱਪੜੇ ਪਹਿਨ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਜਾਣ ਦੀ ਜਿੱਦ ਅਤੇ ਸੇਵਾਦਾਰ ਵੱਲੋਂ ਮਰਯਾਦਾ ਦੀ ਉਲੰਘਣਾ ਕਾਰਨ ਉਸ ਨਾਟਕਬਾਜ਼ ਬੀਬੀ ਨੂੰ ਰੋਕੇ ਜਾਣ ਨੂੰ ਲੈ ਕੇ ਮੀਡੀਆ ਅਤੇ ਸ਼ੋਸ਼ਲ ਮੀਡੀਏ ਤੇ ਸਿੱਖਾਂ ਖ਼ਿਲਾਫ਼ ਭੰਡੀ ਪ੍ਰਚਾਰ ਦਾ ਮੁੜ ਤੋਂ ਇੱਕ ਬਿਰਤਾਂਤ ਸਿਰਜਣ ਦੀ ਪੂਰੀ ਵਾਹ ਲਾਈ ਜਾ ਰਹੀ ਸੀ ,ਜਿਸ ਨੂੰ ਇਤਿਹਾਸ ਦੀ ਰੌਸ਼ਨੀ ਵਿੱਚ ਵਿਚਾਰਨਾ ਬੇਹੱਦ ਜ਼ਰੂਰੀ ਹੈ ,ਕਿਉਂਕਿ ਇਹ ਪਵਿੱਤਰ ਅਸਥਾਨ ਕਿਸੇ ਮਿੱਥ ਦੇ ਸਹਾਰੇ ਤੇ ਨਹੀਂ, ਬਲਕਿ ਚਾਰ ਗੁਰੂ ਸਾਹਿਬਾਨਾਂ ਦੀ ਸਥੂਲ ਰੂਪ ਵਿੱਚ ਘਾਲਣਾ ਦਾ ਪ੍ਰਤੀਕ ਹੈ। ਸਿੱਖਾਂ ਦੇ ਤੀਜੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਇੱਥੇ ਇੱਕ ਸਰੋਵਰ ਦੀ ਯੋਜਨਾ ਬਣਾਈ,ਜਿਸਨੂੰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਪੂਰਾ ਕੀਤਾ। ਜ਼ਮੀਨ ਖਰੀਦ ਕੇ ਇੱਥੇ ਇੱਕ ਸਰੋਵਰ ਅਤੇ ਰਾਮਦਾਸ ਪੁਰ ਨਾਮ ਦਾ ਨਗਰ ਵਸਾਇਆ ਗਿਆ ਜੋ ਬਾਅਦ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਮ ਨਾਲ ਜਾਣਿਆ ਗਿਆ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਖੁਦ ਆਪ ਡੀਜ਼ਾਇਨ ਕਰਕੇ ਆਪਣੀ ਦੇਖ ਰੇਖ ਵਿੱਚ ਹੀ ਤਿਆਰ ਕਰਵਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਉਪਰੰਤ ਇਸ ਅਸਥਾਨ ਉਪਰ ਸੁਸ਼ੋਭਿਤ ਕੀਤਾ ਗਿਆ। ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕਰਕੇ ਮੀਰੀ ਅਤੇ ਪੀਰੀ ਦਾ ਅਜ਼ਾਦ ਪ੍ਰਭੂਸੱਤਾ ਦਾ ਸੰਕਲਪ ਲਿਆਂਦਾ। ਭਾਵ ਛੇਵੇਂ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਦੇ ਅਸਥਾਨ ਨੂੰ ਸਿੱਖਾਂ ਲਈ ਧਾਰਮਿਕ ਅਤੇ ਰਾਜਸੀ ਅਗਵਾਈ ਦੇ ਕੇਂਦਰ ਵਜੋਂ ਵਿਕਸਤ ਕੀਤਾ,ਇਸ ਲਈ ਇਹ ਅਸਥਾਨ ਮੁੱਢੋਂ ਹੀ ਸਿੱਖ ਸਰਗਰਮੀਆਂ ਦਾ ਕੇਂਦਰ ਬਿੰਦੂ ਰਿਹਾ ਹੈ। ਚਾਰ ਸਿੱਖ ਗੁਰੂ ਸਾਹਿਬਾਨਾਂ ਵੱਲੋਂ ਵਰੋਸਾਈ ਇਸ ਧਰਤੀ ਉਪਰ ਸੁਸ਼ੋਭਿਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਿੱਖਾਂ ਦਾ ਸਭ ਤੋਂ ਪਵਿੱਤਰ ਅਤੇ ਸਤਿਕਾਰਿਤ ਅਧਿਆਤਮਿਕ ਕੇਂਦਰ ਤਾਂ ਹੈ ਹੀ,ਨਾਲ ਹੀ ਇਹ ਅਸਥਾਨ ਸਿੱਖਾਂ ਦੀ ਸਰੀਰਕ ,ਮਾਨਸਿਕ ਅਤੇ ਆਤਮਿਕ ਸ਼ਕਤੀ ਦਾ ਅਮੁੱਕ ਤੇ ਇਲਾਹੀ ਸੋਮਾ ਵੀ ਹੈ,ਜਿੱਥੋਂ ਤਾਕਤ ਲੈ ਕੇ ਸਿੱਖਾਂ ਨੇ ਅਫਗਾਨਾਂ ਵਰਗੀ ਦੁਨੀਆਂ ਦੀ ਅਜੇਤੂ ਕੌਮ ਨੂੰ ਜਿੱਤਿਆ ਅਤੇ ਉਹਨਾਂ ਨੇ ਅਫਗਾਨਾਂ ਧਰਤੀ ਉਬਤੇ ਜਾ ਕੇ ਖ਼ਾਲਸਾਈ ਝੰਡੇ ਝੁਲਾਅ ਦਿੱਤੇ,ਜਿੱਥੋਂ ਕਦੇ ਧਾੜਵੀ ਹਿੰਦੂਸਤਾਨ ਨੂੰ ਲੁੱਟਣ ਲਈ ਆਉਂਦੇ ਸਨ ਅਤੇ ਉਹ ਹਿੰਦੂਸਤਾਨ ਨੂੰ ਲੁੱਟ ਕੇ ਵਾਪਸ ਮੁੜਦੇ ਸਮੇ ਇੱਥੋਂ ਦੀਆਂ ਬਹੂ ਬੇਟੀਆਂ ਨੂੰ ਵੀ ਲੁੱਟ ਦਾ ਮਾਲ ਸਮਝ ਕੇ ਚੁੱਕ ਲੈ ਜਾਇਆ ਕਰਦੇ ਸਨ,ਜਿਹਨਾਂ ਦੀ ਕੀਮਤ ਗਜਨੀ ਦੀਆਂ ਮੰਡੀਆਂ ਵਿੱਚ ਟਕਾ ਟਕਾ ਪੈਂਦੀ ਰਹੀ ਹੈ। ਅਫਗਾਨੀ ਧਾੜਵੀਆਂ ਦੇ ਅਜਿਹੇ ਅਮਾਨਵੀ ਵਰਤਾਰੇ ਨੂੰ ਜੇਕਰ ਕਿਸੇ ਨੇ ਠੱਲ੍ਹ ਪਾਈ,ਤਾਂ ਉਹ ਗੁਰੂ ਦੇ ਸਿੱਖ ਹੀ ਸਨ। ਦੁਨਿਆਵੀ ਤਖ਼ਤ ਭਾਵ ਸਮੇ ਦੀਆਂ ਹਕੂਮਤਾਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀਅਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜਾਦ ਪ੍ਰਭੂਸੱਤਾ ਦੇ ਸੰਕਲਪ ਅਤੇ ਅਜ਼ਾਦਾਨਾ ਇਲਾਹੀ ਸ਼ਾਨੋ ਸ਼ੌਕਤ ਤੋਂ ਹਮੇਸ਼ਾਂ ਭੈਅਭੀਤ ਰਹੀਆਂ ਹਨ। ਇਹੋ ਕਾਰਨ ਹੈ ਕਿ ਸ੍ਰੀ ਦਰਬਾਰ ਸਾਹਿਬ ਨਾਲ ਸਮੇਂ ਦੀਆਂ ਹਕੂਮਤਾਂ ਮੁੱਢੋਂ ਹੀ ਖਾਰ ਖਾਂਦੀਆਂ ਰਹੀਆਂ ਹਨ। ਇਸ ਗੱਲ ਦਾ ਇਤਿਹਾਸ ਗਵਾਹ ਹੈ



ਕਿ ਸ੍ਰੀ ਦਰਬਾਰ ਸਾਹਿਬ ਨਾਲ ਮੱਥਾ ਲਾ ਕੇ ਕੋਈ ਵੀ ਹੰਕਾਰੀ ਅਤੇ ਆਪਣੇ ਆਪ ਨੂੰ ਸਭ ਤੋਂ ਵੱਧ ਤਾਕਤਵਰ ਸਮਝਣ ਵਾਲਾ ਆਪਣੀ ਪੂਰੀ ਮੌਤ ਭੋਗ ਕੇ ਇਸ ਦੁਨੀਆਂ ਤੋਂ ਨਹੀ ਜਾ ਸਕਿਆ,ਬਲਕਿ ਉਹਨੂੰ ਆਪਣੇ ਕੀਤੇ ਪਾਪਾਂ ਦਾ ਹਿਸਾਬ ਚੁਕਾਉਣਾ ਪੈਂਦਾ ਰਿਹਾ ਹੈ। ਇਸ ਪਵਿੱਤਰ ਅਸਥਾਨ ’ਤੇ ਹੋਏ ਹਕੂਮਤੀ ਧੱਕੇਸ਼ਾਹੀਆਂ ਦਾ ਸੰਖੇਪ ਜਿਕਰ ਕਰਨਾ ਜ਼ਰੂਰੀ ਬਣਦਾ ਹੈ।

1740 ਅੰਮ੍ਰਿਤਸਰ ਦੇ ਕੋਤਵਾਲ ਮੱਸੇ ਰੰਘੜ ਨੇ ਦਰਬਾਰ ਸਾਹਿਬ ਉਪਰ ਕਬਜ਼ਾ ਕਰ ਲਿਆ ਅਤੇ ਬੇਅਦਬੀ ਕੀਤੀ ਜਿਸ ਦਾ ਬਦਲਾ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਮੱਸਾ ਰੰਘੜ ਦਾ ਗਲ ਵੱਢ ਕੇ ਲਿਆ। ਉਸ ਤੋਂ ਬਾਅਦ ਲਖਪਤ ਰਾਏ ਲਾਹੌਰ ਦੇ ਹਿੰਦੂ ਦੀਵਾਨ ਲੱਖਪਤ ਰਾਏ ਨੇ 1746 ਵਿੱਚ ਸਰੋਵਰ ਨੂੰ

ਦੂਸ਼ਿਤ ਕੀਤਾ ਤੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ। ਲਖਪਤ ਰਾਏ ਤੇ ਯਹੀਆ ਖਾਨ ਦੀ ਕਮਾਨ ਹੇਠ ਮੁਗਲ ਫ਼ੌਜਾਂ ਨੇ ਸਿੱਖਾਂ ਉਪਰ ਹਮਲਾ ਕੀਤਾ। ਇਸ ਲਹੂ ਡੋਲਵੀ ਲੜਾਈ ਵਿੱਚ 7000 ਦੇ ਕਰੀਬ ਸਿੱਖ ਸ਼ਹੀਦ ਹੋਏ ਅਤੇ 3000 ਲਾਹੌਰ ਵਿੱਚ ਲੋਕਾਂ ਦੇ ਸਾਹਮਣੇ ਕਤਲ ਕੀਤਾ ਗਿਆ। ਇਤਿਹਾਸ ਵਿੱਚ ਜੂਨ 1746 ਦਾ ਇਹ ਵਾਕਿਆ ਪਹਿਲਾ ਘੱਲੂਘਾਰੇ ਨਾਲ ਜਾਣਿਆ ਜਾਂਦਾ ਹੈ। ਇਸ ਘੱਲੂਘਾਰੇ ਦਾ ਬਦਲਾ ਸਰਦਾਰ ਜੱਸਾ ਸਿੰਘ ਆਹੂਲਵਾਲੀਆ ਦੀ ਅਗਵਾਈ ਵਿਚ ਸਿੱਖਾਂ ਨੇ ਮਾਰਚ 1747 ਦੌਰਾਨ ਸਲਾਮਤ ਖਾਨ ਨੂੰ ਮਾਰ ਕੇ ਲਿਆ ਅਤੇ ਦਰਬਾਰ ਸਾਹਿਬ ਦੀ ਮੁੜ ਸੇਵਾ ਕੀਤੀ। ਉਹਨਾਂ ਨੇ ਪਵਿੱਤਰ ਸਰੋਵਰ ਦੀ ਸਫਾਈ ਕਰਕੇ ਮਰਿਯਾਦਾ ਬਹਾਲ ਕੀਤੀ। ਉਸ ਸਾਲ ਸਿੱਖਾਂ ਨੇ ਵਿਸਾਖੀ ਅਤੇ ਦਿਵਾਲੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ। ਸੰਨ 1757 ਵਿੱਚ ਅਹਿਮਦਸ਼ਾਹ ਅਬਦਾਲੀ ਨੇ ਦੂਸਰੀ ਵਾਰ ਚੜ੍ਹਾਈ ਕੀਤੀ ਅਤੇ ਅੰਮ੍ਰਿਤਸਰ ਉਪਰ ਹੱਲਾ ਕੀਤਾ। ਉਸ ਨੇ ਦਰਬਾਰ ਸਾਹਿਬ ਦੀ ਇਮਾਰਤ ਨੂੰ ਤੋਪਾਂ ਨਾਲ ਉਡਾ ਦਿੱਤਾ ਅਤੇ ਸਰੋਵਰ ਨੂੰ ਪੂਰ ਦਿੱਤਾ। ਇਸ ਘੋਰ ਬੇਅਦਬੀ ਦਾ ਬਦਲਾ ਲੈਣ ਲਈ ਮਿਸਲ ਸ਼ਹੀਦਾਂ ਦੇ ਮੁਖੀ ਬਾਬਾ ਦੀਪ ਸਿੰਘ ਜੀ ਮੁਗਲਾਂ ਨਾਲ ਟੱਕਰ ਲੈਂਦੇ ਦਰਬਾਰ ਸਾਹਿਬ ਦੀ ਹਦੂਦ ਵਿੱਚ ਪਹੁੰਚ ਕੇ ਇਥੋਂ ਦੀ ਪਵਿੱਤਰਤਾ ਕਾਇਮ ਰੱਖਣ ਵਾਸਤੇ ਆਪਣੀ ਸ਼ਹਾਦਤ ਦਿੱਤੀ।

ਕੁੱਪ ਰਹੀੜੇ ਸਿੱਖਾਂ ਦੇ ਕਤਲੇਆਮ (ਵੱਡਾ ਘੱਲੂਘਾਰਾ) ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ 1762 ਈਸਵੀ ਦੀ ਵਿਸਾਖੀ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਉਪਰ ਦੁਬਾਰਾ ਚੜ੍ਹਾਈ ਕਰ ਦਿਤੀ। ਇੱਥੇ ਹਜ਼ਾਰਾ ਦੀ ਗਿਣਤੀ ਵਿੱਚ ਸ਼ਸ਼ਤਰਧਾਰੀ ਅਤੇ ਨਿਹੱਥੇ ਸਿੱਖ ਦਰਸ਼ਨ ਅਤੇ ਇਸ਼ਨਾਨ ਕਰਨ ਲਈ ਦਰਬਾਰ ਸਾਹਿਬ ਵਿਖੇ ਇਕੱਤਰ ਹੋਏ ਸਨ। ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ ਤੇ ਚੜ ਕੇ ਆਏ ਅਬਦਾਲੀ ਨਾਲ ਮਰਦੇ ਦਮ ਤੱਕ ਲਹੂ ਡੋਲਵਾਂ ਟਾਕਰਾ ਕੀਤਾ ਅਤੇ ਇਸ ਅਸਥਾਨ ਦੀ ਰਾਖੀ ਕਰਦਿਆਂ ਜਾਨਾਂ ਵਾਰ ਦਿੱਤੀਆਂ। ਇਸ ਤੋ ਉਪਰੰਤ ਅਬਦਾਲੀ ਨੇ ਦਰਬਾਰ ਸਾਹਿਬ ਦੀ ਇਮਾਰਤ ਨੂੰ ਬਰੂਦ ਨਾਲ ਉਡਾ ਦਿੱਤਾ। ਦਸੰਬਰ 1764 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਮੁੜ ਸ੍ਰੀ ਦਰਬਾਰ ਸਾਹਿਬ ’ਤੇ ਜ਼ਬਰਦਸਤ ਹੱਲਾ ਕੀਤਾ। ਪਰ ਉਸ ਦੇ ਪੁੱਜਣ ਤੋਂ ਪਹਿਲਾਂ ਸਿੱਖ ਸ਼ਹਿਰ ਛੱਡ ਕੇ ਜਾ ਚੁੱਕੇ ਸਨ, ਦਰਬਾਰ ਸਾਹਿਬ ਦੀ ਹਦੂਦ ਅੰਦਰ ਇਥੋਂ ਦੀ ਨਿਗਰਾਨੀ ਲਈ ਰਹਿ ਗਏ ਸਿਰਫ 30 ਸਿੱਖਾਂ ਨੇ ਬਾਬਾ ਗੁਰਬਖਸ਼ ਸਿੰਘ ਦੀ ਅਗਵਾਈ ਵਿੱਚ ਅਬਦਾਲੀ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਦੀ ਅਜਮਤ ਲਈ ਸ਼ਹਾਦਤਾਂ ਦੇ ਦਿੱਤੀਆਂ। ਇਸ ਹਮਲੇ ਵਿੱਚ ਦਰਬਾਰ ਸਾਹਿਬ ਦੀ ਇਮਾਰਤ ਨੂੰ ਫੇਰ ਮਲੀਆਮੇਟ ਕਰ ਦਿੱਤਾ ਅਤੇ ਸਰੋਵਰ ਪੂਰ ਦਿੱਤਾ। ਸੰਨ 1767 ਵਿੱਚ ਭਾਰਤ ਤੋਂ ਆਖਰੀ ਵਾਰ ਜਾਣ ਤੋਂ ਪਹਿਲਾਂ ਅਬਦਾਲੀ ਨੇ ਦਰਬਾਰ ਸਾਹਿਬ ਉਪਰ ਹਮਲਾ ਕਰਨ ਦੀ ਸੋਚੀ ਪਰ ਉਹ ਇਸ ਵਾਰ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਦਾ ਹੌਸਲਾ ਨਾ ਕਰ ਸਕਿਆ।

(ਬਾਕੀ ਸਫ਼ਾ 31 ’ਤੇ)

# ਦਰਬਾਰ ਸਾਹਿਬ ਦੇ ਦਰਸ਼ਨਾਂ ਵੇਲੇ ਮਰਿਆਦਾ ਦੀ ਪਾਲਣਾ ਕਰਨਾ ਸ਼ਰਧਾਲੂਆਂ ਦੀ ਵੀ ਹੈ ਜ਼ਿੰਮੇਵਾਰੀ



ਤਲਵਿੰਦਰ ਸਿੰਘ ਬੁੱਟਰ

ਪੰਜਾਬ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਲਿਖਦੇ ਹਨ, ‘ਅੰਮ੍ਰਿਤਸਰ ਸਰੋਵਰ ਦੀ ਪਰਿਕਰਮਾ ਕਰਨ ਵੇਲੇ ਸਲੈਬਾਂ ਉੱਤੇ ਸੰਭਲ-ਸੰਭਲ ਕੇ ਕਦਮ ਰੱਖੋ। ਹਰ ਇਕ ਸਲੈਬ ਹੇਠਾਂ ਸੈਂਕੜੇ ਸ਼ਹੀਦ ਸਿੰਘਾਂ ਦੇ ਸਿਰ ਹਨ।’ ਬਿਨਾਂ ਸ਼ੱਕ ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਿਸ਼ਾਵਾਂ ’ਚ ਚਾਰ ਦਰਵਾਜ਼ੇ ਬਣਾ ਕੇ ਗੁਰੂ ਸਾਹਿਬਾਨ ਨੇ ਇਸ ਨੂੰ ਦੁਨੀਆਂ ਦਾ ਇੱਕੋ-ਇਕ ਸਰਬ-ਸਾਂਝਾ ਮਹਾਂ-ਤੀਰਥ ਹੋਣ ਦਾ ਮਾਣ ਦਿੱਤਾ ਹੈ ਪਰ ਜਿਵੇਂ ਮੁਸਲਮਾਨ ਲਈ ‘ਮੱਕੇ ਤੋਂ ਪਰੇ ਉਜਾੜ’ ਹੈ, ਜਿਵੇਂ ਹਿੰਦੂ ਦੀ ਮੁਕਤੀ ‘ਹਰਿਦੁਆਰ’ ਤੋਂ ਬਿਨਾਂ ਨਹੀਂ ਹੋ ਸਕਦੀ ਅਤੇ ਜਿਵੇਂ ਇਸਾਈਆਂ ਲਈ ‘ਵੈਟੀਕਨ ਸਿਟੀ’ ਪਵਿੱਤਰ ਹੈ, ਉਵੇਂ ‘ਸ੍ਰੀ ਦਰਬਾਰ ਸਾਹਿਬ’ ਤੋਂ ਬਿਨਾਂ ਸਿੱਖ ਅਧੂਰਾ ਹੈ, ਨਿਰਜਿੰਦ ਹੈ। ਸਿੱਖ ਰੋਜ਼ਾਨਾ ਅਰਦਾਸ ਵਿਚ ‘ਦਰਬਾਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ’ ਮੰਗਦਾ ਹੈ। ਸ੍ਰੀ ਦਰਬਾਰ ਸਾਹਿਬ ‘ਸ਼ਮ੍ਹਾ’ ਹੈ ਤੇ ਸਿੱਖ ‘ਪਰਵਾਨਾ’ ਹੈ, ਜਿਸ ਦਾ ਜੀਵਨ ਹੀ ਸ਼ਮ੍ਹਾ ’ਤੇ ਕੁਰਬਾਨ ਹੋਣ ਲਈ ਹੈ। ਇਸ ਅਬਦੀ ਰਿਸ਼ਤੇ ਕਾਰਨ ਹੀ ਸਿੱਖ ਹਮੇਸ਼ਾ ਸ੍ਰੀ ਹਰਿਮੰਦਰ ਸਾਹਿਬ ਦੀ ਆਨ, ਬਾਨ ਅਤੇ ਸ਼ਾਨ ਲਈ ਸ਼ਹੀਦੀਆਂ ਪਾਉਂਦੇ ਆਏ ਹਨ।

‘ਸੱਚਖੰਡ ਸ੍ਰੀ ਦਰਬਾਰ ਸਾਹਿਬ’ ਦੇ ਅੰਦਰ ਬੈਠਾ ‘ਧੁਰ ਕੀ ਬਾਣੀ’ ਦੇ ਅਖੰਡ ਕੀਰਤਨ ’ਚ ਸੁਰਤ-ਲੀਨ ਹੋਇਆ ਮਨੁੱਖ ਜਦੋਂ ਬਾਹਰ ਸਰੋਵਰ ਵੱਲ ਝਾਤੀ ਮਾਰਦਾ ਹੈ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਹ ਇਕ ਜਹਾਜ਼ ’ਚ ਬੈਠਾ ਹੋਵੇ, ਜੋ ਸਮੁੰਦਰ ’ਚ ਲਹਿਰਾਂ ਨੂੰ ਚੀਰਦਾ ਹੋਇਆ ਮੱਠਾ-ਮੱਠਾ ਝੂਲਦਿਆਂ ਅੱਗੇ ਵੱਧ ਰਿਹਾ ਹੋਵੇ। ਇਸੇ ਅਨੂਠੇ ਅਨੁਭਵ ਕਾਰਨ ਸਿੱਖ ਅਵਚੇਤਨ ਵਿੱਚ ਸ੍ਰੀ ਦਰਬਾਰ ਸਾਹਿਬ ਨੂੰ ‘ਭਵ ਸਾਗਰ ਦਾ ਬੋਹਿਥ’ ਮੰਨਿਆ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਦੁਨੀਆ ’ਤੇ ਇੱਕੋ-ਇਕ ਅਜਿਹਾ ਧਾਰਮਿਕ ਅਸਥਾਨ ਹੈ, ਜਿੱਥੇ ਹਰ ਵੇਲੇ ਸਿਰਫ਼ ਪਰਮਾਤਮਾ ਦੀ ‘ਸਿਫ਼ਤ-ਸਾਲਾਹ’ ਦਾ ਜਸ ਹੀ ਗਾਇਆ ਜਾਂਦਾ ਹੈ। ਇਸੇ ਕਾਰਨ ਹੀ ਇਸ ਨੂੰ ‘ਸੱਚਖੰਡ ਸ੍ਰੀ ਦਰਬਾਰ ਸਾਹਿਬ’ ਆਖਿਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਆਭਾ ਲਾਸਾਨੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦੀ ਉਪਮਾ “ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥” ਆਖ ਕੇ ਕੀਤੀ ਹੈ।

ਜਦੋਂ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪਰਕਰਮਾ ਵਿੱਚ ਪ੍ਰਵੇਸ਼ ਕਰਦਿਆਂ ਸਮਰਪਿਤ ਹੋ ਕੇ ਸੀਸ ਝੁਕਾਉਂਦਾ ਹੈ ਤਾਂ ਮਲੀਨ ਤੋਂ ਮਲੀਨ ਆਤਮਾਵਾਂ ਵੀ ਪਵਿੱਤਰਤਾ, ਨੇਕੀ, ਸੇਵਾ, ਸਚਿਆਈ ਅਤੇ ਨਰੋਏਪਨ ਦੇ ਜਜ਼ਬੇ ਨਾਲ ਵਿਸਮਾਦਤ ਹੋ ਜਾਂਦੀਆਂ ਹਨ। ਸ੍ਰੀ ਦਰਬਾਰ ਸਾਹਿਬ ਸਮੂਹ ਦੇ ਅੰਦਰਲਾ ਅਧਿਆਤਮਕ ਮਾਹੌਲ ਉੱਤਮ ਸੁਹਜ ਅਤੇ ਆਤਮਕ ਖੇੜੇ ਨੂੰ ਉਭਾਰਦਾ ਹੈ ਅਤੇ ਸੱਖਣਾ ਮਨੁੱਖ ਵੀ ਬਖ਼ਸ਼ਿਸ਼ਾਂ ਨਾਲ ਆਪਣੀਆਂ ਝੋਲੀਆਂ ਭਰ ਕੇ ਮੁੜਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਦੇ ਅੰਦਰ ਵਿਚਰਦਿਆਂ ਮਨੁੱਖ ਨੂੰ ਬਾਹਰੀ ਸੰਸਾਰ ਅਤੇ ਮਨ ਦੀਆਂ ਚੰਚਲ ਬਿਰਤੀਆਂ ਦਾ ਬਿਲਕੁਲ ਖ਼ਿਆਲ ਭੁੱਲ ਜਾਂਦਾ ਹੈ ਅਤੇ ਮਨੁੱਖ ਇਕ ਵੱਖਰੇ ਹੀ ਸੰਸਾਰ ’ਚ ਵਿਚਰਦਾ ਮਹਿਸੂਸ ਕਰਦਾ ਹੈ। ਤੁਹਾਨੂੰ ਉਥੇ ਵਿਚਰ ਰਿਹਾ ਹਰ ਮਨੁੱਖ ਕਿਸੇ ਦੇਵ ਲੋਕ ਦਾ ਵਾਸੀ ਜਾਪੇਗਾ। ਕੋਈ ਸਰੋਵਰ ’ਚ ਇਸ਼ਨਾਨ ਕਰ ਰਿਹਾ ਹੈ, ਕੋਈ ਪਰਕਰਮਾ ਕਰ ਰਿਹਾ ਹੈ, ਕੋਈ ਕੀਰਤਨ ਸਰਵਣ ਕਰ ਰਿਹਾ ਹੈ, ਕੋਈ ਹੱਥ ’ਚ ਗੁਟਕਾ



ਸਾਹਿਬ ਫੜ ਕੇ ਗੁਰਬਾਣੀ ਪੜ੍ਹ ਰਿਹਾ ਹੈ ਅਤੇ ਕੋਈ ਪਵਿੱਤਰ ਪਰਕਰਮਾ ਦੇ ਕਿਸੇ ਕੋਨੇ ਵਿਚ ਆਪਣੇ ਢੰਗ ਨਾਲ ਆਤਮ-ਚਿੰਤਨ ਵਿੱਚ ਸੁਰਤ-ਲੀਨ ਹੋਈ ਬੈਠਾ ਹੈ। ਸੇਵਾ ਕਰਨ ਵਾਲੇ ਪ੍ਰੇਮੀ ਆਪਣੇ ਰੰਗ ਵਿੱਚ ਰੰਗੇ ਦਿਖਾਈ ਦਿੰਦੇ ਹਨ। ਇਕ ਅੰਗਰੇਜ਼ ਇਤਿਹਾਸਕਾਰ ਮਾਈਕਲ ਐਡਵਰਡਜ਼ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਆਪਣੇ ਅਨੁਭਵ ਇਤਿਹਾਸ ’ਚ ਦਰਜ ਕੀਤੇ ਹਨ, ’ਮੈਨੂੰ ਇਹ ਵੇਖ ਕੇ ਤਸੱਲੀ ਮਿਲੀ ਹੈ ਕਿ ਦੁਨੀਆ ਵਿਚ ਕਿਧਰੇ ਤਾਂ ਕੋਈ ਐਸਾ ਕੇਂਦਰ ਮੌਜੂਦ ਹੈ, ਜਿੱਥੇ ਹਰ ਧਰਮ ਦੇ ਪ੍ਰਾਣੀ ਦੀ ਪਛਾਣ ਇਹੀ ਹੈ ਕਿ ਉਹ ਅਕਾਲ ਪੁਰਖ ਦੀ ਸੰਤਾਨ ਹੈ ਅਤੇ ਪੂਰੇ ਸਵੈਮਾਣ ਤੇ ਆਜ਼ਾਦੀ ਨਾਲ ਜੀਣ ਦਾ ਉਸ ਨੂੰ ਪੂਰਾ ਪੂਰਾ ਹੱਕ ਹੈ।’

ਨਿਰਸੰਦੇਹ ਸ੍ਰੀ ਦਰਬਾਰ ਸਾਹਿਬ ਦੀ ਆਭਾ ਅਤੇ ਮਹੱਤਤਾ ਉਸ ਦੀ ਸਿਰਜਣਾ ਦੇ ਇਤਿਹਾਸਕ ਅਤੇ ਅਧਿਆਤਮਕ ਮਹਾਤਮ ਅਤੇ ਉਥੇ ਹਰ ਵੇਲੇ ਗਾਇਨ ਹੁੰਦੇ ਪਰਮਾਤਮਾ ਦੀ ਸਿਫਤ-ਸਾਲਾਹ ਦੇ ਜਸ ਕਰਕੇ ਹੈ ਪਰ ਸ੍ਰੀ ਹਰਿਮੰਦਰ ਸਾਹਿਬ ਦੀ ਜਿਹੜੀ ਸੁੰਦਰ ਸੁਨਹਿਰੀ ਇਮਾਰਤ ਸ਼ੋਭਾ ਪਾਉਂਦੀ ਹੈ, ਉਸ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਹਿਰਦੇ ਅੰਦਰ ਸ੍ਰੀ ਦਰਬਾਰ ਸਾਹਿਬ ਦਾ ਅਦਭੁੱਤ ਸਤਿਕਾਰ ਸੀ। ਮਹਾਰਾਜਾ ਜਦੋਂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਂਦਾ ਤਾਂ ਉਹ ਆਪਣੇ ਸ਼ਾਹੀ ਲਾਮ-ਲਸ਼ਕਰ ਨੂੰ ਅੰਮ੍ਰਿਤਸਰ ਦੀ ਹੱਦ ਤੋਂ ਬਾਹਰ ਹੀ ਛੱਡ ਕੇ ਨੰਗੇ ਪੈਰੀਂ ਹੋ ਤੁਰਦਾ। ਉਹ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਵਾਪਸੀ ਵੇਲੇ ਕਦੇ ਵੀ ਸ੍ਰੀ ਦਰਬਾਰ ਸਾਹਿਬ ਵੱਲ ਪਿੱਠ ਕਰਕੇ ਨਹੀਂ ਸੀ ਮੁੜਦਾ। ਜਦੋਂ ਉਹ ਲਾਹੌਰ ਦੇ ਸ਼ਾਹੀ ਤਖ਼ਤ ’ਤੇ ਬੈਠਦਾ ਤਾਂ ਉਸ ਦਾ ਮੂੰਹ ਹਮੇਸ਼ਾ ਸ੍ਰੀ ਦਰਬਾਰ ਸਾਹਿਬ ਵੱਲ ਹੀ ਹੁੰਦਾ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਬੈਠਣ ਲਈ ਕੁਰਸੀ ਹੀ ਅਜਿਹੀ ਬਣਵਾਈ ਹੋਈ ਸੀ ਕਿ ਉਹ ਜਿੱਥੇ ਵੀ ਹੁੰਦਾ, ਉਸ ਦਾ ਮੂੰਹ ਹਮੇਸ਼ਾ ਸ੍ਰੀ ਹਰਿਮੰਦਰ ਸਾਹਿਬ ਵੱਲ ਹੁੰਦਾ।

ਮਹਾਰਾਜਾ ਰਣਜੀਤ ਸਿੰਘ ਵਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਕਰਤਾਰੀ ਇਮਾਰਤ ’ਤੇ ਸੋਨਾ ਲਗਵਾਉਣ ਕਾਰਨ ਭਾਵੇਂ ਅੱਜ ਵਿਸ਼ਵ ’ਚ ਇਹ ਪਾਵਨ ਤੀਰਥ ’ਗੋਲਡਨ ਟੈਂਪਲ’, ਜਾਂ ‘ਸਵਰਨ ਮੰਦਰ’ ਕਰਕੇ ਪਛਾਣਿਆ ਜਾਂਦਾ ਹੈ ਪਰ ਇਸ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ, ਪਰਮਾਰਥੀਆਂ ਲਈ ਇਸ ਧਰਤੀ ’ਤੇ ‘ਸੱਚਖੰਡ’, ‘ਹਰੀ ਦਾ ਮੰਦਰ’, ‘ਅਕਾਲ ਪੁਰਖ ਦਾ ਘਰ’ ਅਤੇ ‘ਅਧਿਆਤਮਕਤਾ ਦਾ ਸਾਗਰ’ ਹੈ, ਜਿੱਥੇ ਬੇਅੰਤ ਆਤਮ ਜਗਿਆਸੂ ਆਪਣੇ ਆਤਮਕ ਵਿਗਾਸ ਲਈ ਅਕਾਲੀ ਬਾਣੀ ਦੇ ਅੰਮ੍ਰਿਤ ਸਰੋਵਰ ਵਿਚ ਸੁਰਤ ਤੇ ਸਰੀਰ ਕਰਕੇ ਚੁੱਭੀਆਂ ਮਾਰਨ ਲਈ ਆਉਂਦੇ ਹਨ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਮ ਦਿਨਾਂ ’ਚ ਰੋਜ਼ਾਨਾ ਇਕ ਲੱਖ ਤੋਂ ਵੱਧ ਅਤੇ ਐਤਵਾਰ ਜਾਂ ਦਿਨ-ਤਿਓਹਾਰਾਂ ਦੇ ਦਿਨਾਂ ’ਚ ਰੋਜ਼ਾਨਾ ਪੰਜ ਲੱਖ ਦੇ ਲਗਭਗ ਯਾਤਰੂ ਆਉਂਦੇ ਹਨ। ਇੱਥੇ ਦਿਨ-ਰਾਤ ਸ਼ਰਧਾਲੂ-ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਜੁੜਿਆ ਰਹਿੰਦਾ ਹੈ। ਪਿਛਲੇ ਕੁਝ ਸਮੇਂ ਤੋਂ ਇਸ ਰੱਬੀ ਅਸਥਾਨ ’ਤੇ ਆਉਣ ਵਾਲੇ ਯਾਤਰੂਆਂ ਵਿਚ ਨਿਰੋਲ ਸੈਰ-ਸਪਾਟਾ ਬਿਰਤੀ ਵਾਲੇ ਯਾਤਰੂਆਂ ਦੀ ਆਮਦ ਕਾਫ਼ੀ ਵਧੀ ਹੈ। ਸੈਰ-ਸਪਾਟਾ ਦੀ ਬਿਰਤੀ ਨਾਲ ਆਉਂਦੇ ਯਾਤਰੂ ਇਸ ਬੈਕੁੰਠ ਧਾਮ ਦੀ ਅਧਿਆਤਮਕ ਮਹੱਤਤਾ ਅਤੇ ਧਾਰਮਿਕ ਮਰਯਾਦਾ ਦਾ ਪਤਾ ਨਾ ਹੋਣ ਕਾਰਨ ਕਈ ਵਾਰ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਆਪਸ ਵਿਚ

(ਬਾਕੀ ਸਫ਼ਾ 31 ’ਤੇ)

# ਮੀਡੀਆ ਦੀ ਅਜ਼ਾਦੀ ਬਗੈਰ ਲੋਕਤੰਤਰ ਦੀ ਹੋਂਦ ਕਾਇਮ ਰੱਖਣੀ ਅਸੰਭਵ



ਦਰਬਾਰਾ ਸਿੰਘ ਕਾਹਲੋਂ

ਮੀਡੀਆ ਅਜੋਕੇ ਸਮਾਜ ਦੀ ਇੱਕ ਐਸੀ ਪਵਿੱਤਰ ਸੰਸਥਾ ਹੈ ਜੋ ਹਰ ਪਲ, ਹਰ ਛਿਨ, ਹਰ ਹਾਲਾਤ ਵਿੱਚ ਉਸ ਨੂੰ ਉਸ ਦੀ ਕਾਰਕਰਦਗੀ ਦਾ ਸ਼ੀਸ਼ਾ ਵਿਖਾਉਂਦੀ ਹੈ। ਲੋਕਤੰਤਰੀ ਸਮਾਜ ਵਿੱਚ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵਾਂਗ ਹੀ ਇਸਦੀ ਸਥਿਰਤਾ, ਸਫਲਤਾ ਅਤੇ ਰਖਵਾਲੀ ਲਈ ਮੀਡੀਆ ਇਸਦੇ ਚੌਥੇ ਸਤੰਭ ਵਜੋਂ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਬਗੈਰ ਲੋਕਤੰਤਰ ਦੀ ਹੋਂਦ ਕਾਇਮ ਰੱਖਣੀ ਅਸੰਭਵ ਹੈ। ਇਹ ਇੱਕ ਅਜਿਹੀ ਜਾਗਰੂਕ, ਕ੍ਰਿਆਸ਼ੀਲ, ਜ਼ਿੰਮੇਵਾਰ ਸੰਸਥਾ ਹੈ ਜੋ ਚੌਵੀ ਘੰਟੇ ਦਿਨ-ਰਾਜ ਜਾਗਰੂਕ ਅਤੇ ਚੇਤੰਨ ਰਹਿੰਦੀ ਹੈ।

ਸਿਹਤਮੰਦ ਲੋਕਤੰਤਰ ਦੇ ਪ੍ਰਮੁੱਖ ਮਾਰਗ ਦਰਸ਼ਨ ਲੋਕਾਂ ਦਾ ਰਾਜ, ਅਜ਼ਾਦਾਨਾ ਅਤੇ ਮੁਨਸਫਾਨਾ ਚੋਣਾਂ, ਵਿਅਕਤੀਗਤ ਹੱਕਾਂ ਦੀ ਰਖਵਾਲੀ ਅਤੇ ਆਪਸੀ ਮਿਲਵਰਤਨ ਮੰਨੇ ਗਏ ਹਨ। ਇਨ੍ਹਾਂ ਦੀ ਸਫਲਤਾ ਲਈ ਅਜ਼ਾਦ ਮੀਡੀਆ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਸ ਮੰਤਵ ਲਈ ਮੀਡੀਆ ਤਿੰਨ ਮੁਹਾਜ਼ਾਂ ਦੇ ਪੂਰੀ ਸ਼ਿੱਦਤ ਦੇ ਪੂਰੀ ਸ਼ਿੱਦਤ ਨਾਲ ਕੰਮ ਕਰਦਾ ਹੈ।

ਪਹਿਲਾ, ਅਜ਼ਾਦ ਮੀਡੀਆ ਭਾਵ ਪ੍ਰੈਸ ਸੱਚਾਈ ਲਈ ਲੜਦੀ ਹੈ। ਟ੍ਰੇਂਡ, ਨਿਰਪੱਖ, ਸੂਝਵਾਨ, ਵਚਨਬੱਧ ਮੀਡੀਆ ਕਰਮੀ ਵਿਸ਼ਲੇਸ਼ਣ ਅਤੇ ਵਿਆਖਿਆ ਸਹਿਤ ਸਚਾਈ ਸਥਾਪਿਤ ਕਰਦੇ ਹਨ। ਇੱਕ ਜਾਗਰੂਕ ਹੁਨਰਮੰਦ ਪੱਤਰਕਾਰ ਦੇ ਦਿਮਾਗ ਵਿੱਚ ਸਟੋਰੀ, ਆਰਟੀਕਲ, ਟੀ.ਵੀ., ਰੇਡੀਓ, ਆਨ ਲਾਈਨ ਵਾਦ-ਵਿਵਾਦ ਪ੍ਰਸਤੁਤੀ ਵੇਲੇ ਕੌਣ, ਕੀ, ਕਿੱਥੇ, ਕਦੋਂ ਅਤੇ ਕਿਉਂ ਭਾਰੂ ਹੁੰਦੇ ਹਨ, ਇਨ੍ਹਾਂ ਸਭ ਦੇ ਉੱਤਰ ਢੂੰਡਦਾ ਉਹ ਪ੍ਰਸਤੁਤੀ ਕਰਦਾ ਹੈ। ਇਹ ਸਹੀ ਅਤੇ ਸੁਚਾਰੂ ਪੱਤਰਕਾਰਤਾ ਦੇ ਅਭਿੰਨ ਅੰਗ ਹਨ ਅਤੇ ਉਸ ਲਈ ਜ਼ਰੂਰੀ ਵੀ ਹੁੰਦੇ ਹਨ।

ਦੂਸਰਾ, ਆਜ਼ਾਦ ਮੀਡੀਆ ਸੱਤਾ ਸ਼ਕਤੀ ਨੂੰ ਜਵਾਬਦੇਹ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸੱਤਾ ਸ਼ਕਤੀ ਸਨਮੁਖ ਨਿਗਰਾਨ ਸੰਸਥਾ ਵਜੋਂ ਵਿਚਰਦਾ ਹੈ। ਸੱਤਾ ਸ਼ਕਤੀ ਨੂੰ ਪਾਰਦਰਸ਼ਤਾ ਨਾਲ ਕੰਮ ਕਰਨ ਲਈ ਬਾਜ਼ ਦੀ ਅੱਖ ਵਜੋਂ ਕੰਮ ਕਰਦਾ ਹੈ। ਜਦੋਂ ਕਿਸੇ ਸਮਾਜ ਅਤੇ ਲੋਕਤੰਤਰ ਵਿਵਸਥਾ ਵਿੱਚ ਸੱਤਾਧਾਰੀ ਲੋਕ ਡਰ, ਭੈਅ ਅਤੇ ਬੇਚੈਨੀ ਦਾ ਮਾਹੌਲ ਆਪਣੇ ਸੌੜੇ ਸਿਆਸੀ ਟੀਚਿਆਂ ਦੀ ਪੂਰਤੀ ਲਈ ਪੈਦਾ ਕਰਨ ਤਾਂ ਪ੍ਰੈਸ ਨੂੰ ਤੁਰੰਤ ਉਨ੍ਹਾਂ ਦਾ ਪਰਦਾਫਾਸ਼ ਕਰਨਾ ਹੁੰਦਾ ਹੈ। ਇਹ ਇਸਦਾ ਪਵਿੱਤਰ ਕਾਜ਼ ਹੈ। ਪਰ ਜਦੋਂ ਇਹ ਆਪਣੇ ਰੈਵੇਨਿਊ, ਸੰਸਦ ਮੈਂਬਰਸ਼ਿਪ, ਰਾਸ਼ਟਰੀ ਐਵਾਰਡਾਂ ਅਤੇ ਭਰਾਤਰੀ ਮੀਡੀਆ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਸੱਤਾਧਾਰੀਆਂ ਅੱਗੇ ਦੱਬ ਜਾਵੇ ਤਾਂ ਇਹ ਸਮਾਜ ਅਤੇ ਲੋਕਤੰਤਰ ਲਈ




ਅਤਿ ਮਾਰੂ ਅਤੇ ਘਾਤਿਕ ਦੈਂਤ ਦਾ ਰੂਪ ਧਾਰਨ ਕਰ ਲੈਂਦੀ ਹੈ।

ਮੀਡੀਆ ਸੰਸਥਾਵਾਂ ਨੂੰ ਅੱਜ ਇਹ ਵੀ ਸੋਚਣ ਦੀ ਲੋੜ ਹੈ ਕਿ ਇਸਦੀ ਵਧਦੀ ਟਾਕਸਿਕ ਸ਼ਕਤੀ ਜਿਵੇਂ ਲੋਕਤੰਤਰ ਲਈ ਖਤਰਾ ਬਣ ਰਹੀ ਹੈ ਜੇਕਰ ਉਸ ਨੂੰ ਰੋਕਿਆ ਨਾ ਗਿਆ ਤਾਂ ਨਤੀਜੇ ਮਾਰੂ ਨਿਕਲ ਸਕਦੇ ਹਨ। ਜੇਕਰ ਮੀਡੀਆ ਰਾਜਨੀਤੀਵਾਨਾਂ ਅਤੇ ਸੱਤਾਧਾਰੀਆਂ ਵਾਂਗ ਸੱਚ ਜਾਣਦੇ ਹੋਏ ਵੀ ਝੂਠ ਦਾ ਪ੍ਰਾਪੇਗੰਡਾ ਕਰੀ ਜਾਵੇਗਾ ਤਾਂ ਨਿਸ਼ਚਿਤ ਤੌਰ 'ਤੇ ਇਸ ਵਿੱਚ ਜਨਤਕ ਭਰੋਸਾ ਥਿੜਕ ਜਾਵੇਗਾ। ਅਕਸਰ ਸੱਤਾਧਾਰੀ ਅਤੇ ਰਾਜਨੀਤਕ ਆਗੂ ਝੂਠ ਪਰੋਸੀ ਜਾਂਦੇ ਹ,ਨ ਜਿੰਨਾ ਚਿਰ ਉਸ ਨੂੰ ਸੱਚ ਨਾ ਮੰਨਿਆ ਜਾਵੇ। ਸੱਚ ਤੋਂ ਦਰਅਸਲ ਸਭ ਭੱਜਦੇ ਹਨ ਕਿਉਂਕਿ ਸੱਚ ਭਰੇ ਸ਼ਬਦ ਬਾਣਾਂ ਦੀ ਤਰ੍ਹਾਂ ਸੱਤਾ ਦੇ ਝੂਠ ਨੂੰ ਚੀਰਦੇ ਹਨ।

ਤੀਸਰੇ, ਆਜ਼ਾਦ ਮੀਡੀਆ ਵੋਟਰਾਂ ਨੂੰ ਜਾਣਕਾਰੀ ਪ੍ਰਦਾਨ ਕਰਕੇ ਲੋਕਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਲੋਕਤੰਤਰ ਅੰਦਰ ਵੋਟਰ ਆਪਣੇ ਮੱਤ ਦਾ ਪ੍ਰਯੋਗ ਕਰਕੇ ਸਰਕਾਰ ਦੀ ਚੋਣ ਕਰਦਾ ਹੈ। ਫਿਰ ਉਹੀ ਸਰਕਾਰ ਹੋਂਦ ਵਿੱਚ ਆਉਂਦੀ ਹੈ ਜਿਸ ਤਰ੍ਹਾਂ ਦੀ ਉਹ ਚੁਣਦਾ ਹੈ। ਪੜ੍ਹੇ ਲਿਖੇ ਲੋਕ ਵੀ ਆਪਣੇ ਸਹੀ ਆਗੂ ਚੁਣਨ ਵਿੱਚ ਟਪਲਾ ਖਾ ਜਾਂਦੇ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚੁਣਨ ਵੇਲੇ ਨੂੰ ਚੇਤੰਨ, ਸੁਚੇਤ ਅਤੇ ਸਹੀ ਚੋਣਕਾਰ ਬਣਾਉਣ ਵਿੱਚ ਮੀਡੀਆ ਅਹਿਮ ਭੂਮਿਕਾ ਅਦਾ ਕਰਦਾ ਹੈ। ਆਗੂਆਂ ਦੇ ਕਿਰਦਾਰ, ਵਿਚਾਰਧਾਰਾ ਅਤੇ ਪਿਛੋਕੜ ਦੀ ਸਹੀ ਜਾਣਕਾਰੀ ਮੱਤਦਾਤਾਵਾਂ ਨੂੰ ਪ੍ਰਦਾਨ ਕਰਦਾ ਹੈ।

ਲੇਕਿਨ ਅਜੋਕੇ ਯੁਗ ਵਿੱਚ ਮੀਡੀਏ ਨੂੰ ਬਹੁਤ ਹੀ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਮੀਡੀਆ ਅਤੇ ਮੀਡੀਆ ਕਰਮੀਆਂ ਦੀ ਨਿੱਜਤਾ 'ਤੇ ਹਮਲੇ, ਖਬਰਾਂ ਬਲੌਕ ਕਰਨਾ, ਖਬਰਾਂ ਵਿੱਚ ਦੇਰੀ ਕਰਨਾ, ਲੋਕਾਂ ਸਾਹਮਣੇ ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਨੂੰ ਇਵੇਂ ਪੇਸ਼ ਕਰਨਾ ਕਿ ਜਿਵੇਂ ਉਹ ਉਨ੍ਹਾਂ ਦੇ ਦੁਸ਼ਮਣ ਹੋਣ। ਉਨ੍ਹਾਂ ਨੂੰ ਅਦਾਲਤਾਂ ਵਿੱਚ ਘੜੀਸਣਾ ਤਾਂ ਕਿ ਉਹ ਸੱਚੀ ਪੱਤਰਕਾਰੀ ਤੋਂ ਤੌਬਾ ਕਰਨ। ਲੋਕਤੰਤਰ ਵਿੱਚ ਮੀਡੀਆ ਕਰਮੀ ਅਤੇ ਪੱਤਰਕਾਰ ਦਾ ਰੋਲ ਜਨਤਕ ਚੇਤਨਾ, ਸਮਾਜਿਕ ਤਬਦੀਲੀ, ਸਰਬੱਤ ਦਾ ਭਲਾ ਅਤੇ ਇਸਦੀ ਰਖਵਾਲੀ ਇੱਕ ਪਵਿੱਤਰ ਫਰਜ਼ ਹੁੰਦਾ ਹੈ। ਇਹ ਉਸ ਦੀ ਸ਼ੋਨ ਮੋਰੇ ਵਾਂਗ ਜੀਵਨ ਦਾ ਜ਼ਰੂਰੀ ਅੰਗ ਹੁੰਦਾ ਹੈ। ਹਰ ਸਾਲ ਬਹੁਤ ਸਾਰੇ ਪੱਤਰਕਾਰ ਆਪਣੀ ਡਿਊਟੀ ਕਰਦੇ ਮਾਰੇ ਜਾਂਦੇ ਹਨ। ਸੰਨ 2020 ਵਿੱਚ 60 ਅਤੇ ਸੰਨ 2021 ਵਿੱਚ 55 ਦੇ ਕਰੀਬ ਪੱਤਰਕਾਰ ਡਿਊਟੀ ਕਰਦੇ ਮਾਰੇ ਗਏ। 22 ਸਾਲਾ ਮਾਹਸਾ ਅਮੀਨੀ ਦੀ ਮੌਤ ਦਾ ਸੱਚ ਉਭਾਰਨ ਵਾਲੇ ਪੱਤਰਕਾਰ ਨੀਲੂਫਰ ਹਾਮੇਦੀ ਅਤੇ ਇਲਾਹ ਮੁਹੰਮਦੀ ਝੂਠੇ ਜਾਸੂਸੀ ਕੇਸ ਅਧੀਨ ਇਰਾਨ ਸਰਕਾਰ ਨੇ 110 ਤੋਂ ਵੱਧ ਦਿਨਾਂ ਤੋਂ ਜੇਲ੍ਹ ਡੱਕੇ ਹੋਏ ਹਨ।

ਅਕਸਰ ਸਰਕਾਰਾਂ ਅਤੇ ਸੱਤਾਧਾਰੀ ਆਗੂਆਂ ਵੱਲੋਂ ਮੀਡੀਆ ਦੇ ਕੰਮਕਾਜ ਵਿੱਚ ਬੇਲੋੜੇ ਅੜਿੱਕੇ ਪਾਏ ਜਾਂਦੇ ਹਨ। ਲਾਇਸੰਸ ਕੈਂਸਲ ਕਰਨਾ, ਬੁਰਾ-ਭਲਾ ਕਹਿਣਾ, ਲਾਲਚ ਦੇਣਾ, ਸਤਾਉਣਾ, ਗ੍ਰਿਫਤਾਰ ਕਰਨਾ, ਹਿੰਸਾ ਦਾ ਸ਼ਿਕਾਰ ਬਣਾਉਣਾ, ਇਸ਼ਤਿਹਾਰ ਰੋਕਣਾ, ਬਦਨਾਮ ਕਰਨਾ ਆਦਿ ਹੱਥਕੰਡੇ ਵਰਤੇ ਜਾਂਦੇ ਹਨ।




ਸਰਕਾਰਾਂ ਅਤੇ ਸੱਤਾਧਾਰੀ ਆਗੂ ਮੀਡੀਆ ਦੀ ਉਸਾਰੂ ਆਲੋਚਨਾ ਤੋਂ ਬਚਣ ਲਈ ਦਬਾਉਣ, ਧਮਕਾਉਣ, ਰੈਵਿਨਿਊ ਨੁਕਸਾਨ ਕਰਨ, ਗ੍ਰਿਫਤਾਰ ਕਰਨ, ਬਦਨਾਮ ਕਰਨ ਦੇ ਹੱਥਕੰਡੇ ਵਰਤਦੇ ਹਨ। ਇਹ ਬਿਮਾਰੀ ਵਿਸ਼ਵ ਵਿਆਪੀ ਹੈ। ਤਾਨਾਸ਼ਾਹ ਤਾਂ ਅਜਿਹਾ ਕਰਦੇ ਹੀ ਕਰਦੇ ਹਨ, ਏਕਾਧਿਕਾਰਵਾਦੀ, ਨਰੋਈ ਸੋਚ ਰਹਿਤ ਨਾਰਸਿਸਟ, ਸੰਕੁਚਿਤ ਸੋਚ ਵਾਲੇ ਸੱਤਾਧਾਰੀ ਆਗੂ ਮੀਡੀਏ ਨੂੰ ਵੱਡੀ ਧੱਦਰ 'ਤੇ ਭੈਭੀਤ ਕਰਦੇ ਵੇਖੇ ਜਾਂਦੇ ਰਹੇ ਹਨ। ਡੋਨਾਲਡ ਟਰੰਪ ਸਾਬਕਾ ਅਮਰੀਕੀ ਰਾਸ਼ਟਰਪਤੀ ਇਸ ਕਾਰਜ ਲਈ ਅਤਿ ਦਾ ਬਦਨਾਮ ਰਿਹਾ ਹੈ। ਉਸ ਨੇ ਤਾਂ ਐੱਫ ਬੀ. ਆਈ. ਡਾਇਰੈਕਟਰ ਜੇਮਜ਼ ਕਾਮੇ ਨੂੰ ਰਿਪੋਰਟਰਾਂ ਨੂੰ ਜੇਲ੍ਹ ਸੁੱਟਣ ਲਈ ਕਿਹਾ ਜੋ ਕਲਾਸੀਫਾਈਡ ਜਾਣਕਾਰੀ ਛਾਪਿਆ ਕਰਦੇ ਸਨ। ਸੀ. ਐਨ. ਐਨ. ਕਵਰੇਜ ਨੂੰ ਕੂੜਾ, ਝੂਠ, ਭਿਆਨਕ ਗਰਦਾਨਿਆ ਉਸ ਦੇ ਰਿਪੋਰਟਰ ਕੈਤਲਾਨ ਕੋਲਿਨਜ਼ ਨੂੰ ਰੋਜ਼ ਗਾਰਡਨ ਪ੍ਰੈਸ ਵਾਰਤਾ ਤੋਂ ਬਾਹਰ ਕਰ ਦਿੱਤਾ। ਨਾਮਵਰ ਅਖਬਾਰ ਵਾਸ਼ਿੰਗਟਨ ਪੋਸਟ ਹਮੇਸ਼ਾ ਉਸ ਦੇ ਨਿਸ਼ਾਨੇ 'ਤੇ ਰਹੀ ਪਰ ਜੋ ਬਦਨਾਮੀ ਅਜੋਕੇ ਯੁਗ ਵਿੱਚ ਉਸ ਨੇ ਖੱਟੀ ਹੈ, ਉਹ ਸਭ ਦੇ ਸਾਹਮਣੇ ਹੈ। ਅੱਜ ਡੋਨਾਲਡ ਟਰੰਪ ਕਿੱਥੇ ਹੈ? ਅਮਰੀਕੀ ਕੈਪੀਟਲ 'ਤੇ 6 ਜਨਵਰੀ, 2021 ਨੂੰ ਹੱਲਾ ਕਰਾਉਣ ਵਾਲੇ ਇਸ ਆਗੂ ਨੂੰ ਲੋਕ ਨਫਰਤ ਦੀ ਨਿਗਾਹ ਨਾਲ ਵੇਖਦੇ ਹਨ, ਭਾਵੇਂ ਉਹ ਫਿਰ ਸੱਤਾ ਦੇ ਸ਼ੇਖ ਚਿੱਲੀ ਸੁਪਨੇ ਵੇਖ ਰਿਹਾ ਹੈ। ਸੰਨ 2015 ਵਿੱਚ ਸੱਤਵੀਂ ਸਰਕਟ ਜੱਜ ਰਿਚਰਡ ਪੋਸਨਰ ਵੱਲੋਂ ਦਿੱਤੀ ਜੁਡੀਸ਼ੀਅਲ ਰਾਏ ਵਿੱਚ ਸਪਸ਼ਟ ਕਿਹਾ ਗਿਆ ਕਿ ਜੋ ਪਬਲਿਕ ਆਫੀਸ਼ੀਅਲ ਵਿਚਾਰਾਂ ਦੀ ਅਜ਼ਾਦੀ ਅਤੇ ਰਾਇ 'ਤੇ ਸਰਕਾਰ ਸ਼ਕਤੀ ਜਾਂ ਪ੍ਰਤੀਬੰਧ ਨਾਫਜ਼ ਕਰਨ ਦੀ ਧਮਕੀ ਦਿੰਦਾ ਹੈ, (ਅਮਰੀਕੀ) ਸੰਵਿਧਾਨ ਦੀ ਪਹਿਲੀ ਸੋਧ ਦੀ ਉਲੰਘਣਾ ਕਰਦਾ ਹੈ। ਟਰੰਪ ਨੇ ਐਸਾ ਕਈ ਵਾਰ ਕੀਤਾ।

ਸੰਨ 2009 ਵਿੱਚ ਜੇਮਜ਼ ਮਰਡੌਕ ਨੇ ਐਡਿਨਬਰਗ ਕੌਮਾਂਤਰੀ ਟੈਲੀਵਿਜ਼ਨ ਮੇਲੇ ਵਿੱਚ ਆਪਣੇ ਭਾਸ਼ਣ ਵਿੱਚ ਸਪਸ਼ਟ ਕੀਤਾ ਕਿ ਉਹ ਲੋਕਤੰਤਰ ਅੰਦਰ ਮੀਡੀਏ ਦੀ ਮਹੱਤਵਪੂਰਨ ਭੂਮਿਕਾ ਵਿੱਚ ਵਿਸ਼ਵਾਸ ਰੱਖਦੇ ਹਨ ਕਿਉਂਕਿ ਮੀਡੀਆ ਲੋਕਤੰਤਰੀ ਵਿਵਸਥਾ ਵੀ ਸਫਲਤਾ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਉਨ੍ਹਾਂ ਸਪਸ਼ਟ ਕਿਹਾ ਕਿ ਰੈਵੇਨਿਊ ਬਗੈਰ

(ਬਾਕੀ ਸਫ਼ਾ 31 'ਤੇ)

# ਆਤਮਾ ਮਰ ਜਾਵੇ, ਸਰੀਰ ਹਰਕਤ ਕਰਦਾ ਰਹੇ ਇਹ ਗ਼ੁਲਾਮੀ ਹੀ ਹੁੰਦੀ ਹੈ: ਪੰਜੋਲੀ !

## ਕੌਮ ਦੀਆਂ ਧੀਆਂ ਪੁਲੀਸ ਹਿਰਾਸਤ ਵਿਚ ਹੋਣ, ਕੌਮ ਦਾ ਤਖ਼ਤ ( ਸ੍ਰੀ ਅਕਾਲ ਤਖ਼ਤ ਸਾਹਿਬ ) ਖਾਮੋਸ਼ ਰਹੇ, ਮਤਲਬ ਅਸੀਂ ਗ਼ੁਲਾਮੀ ਮੰਨ ਲਈ ਹੈ

ਮੈਨੂੰ ਅੱਜ ਉਹ ਘਟਨਾ ਯਾਦ ਆ ਰਹੀ ਹੈ ਕਿ ਜਦੋ ਸਭ ਤੋ ਜਾਲਮ ਪੁਲੀਸ ਆਫਿਸਰ ਗੋਬਿੰਦ ਰਾਮ ਐਸ ਐਸ ਪੀ ਬਟਾਲਾ ਨੇ ਮੈਨੂੰ , ਮੇਰੀ ਧਰਮ ਪਤਨੀ ਦੇਵਿੰਦਰ ਕੌਰ, ਮੇਰੀ ਭਰਜਾਈ ਨਛੱਤਰ ਕੌਰ , ਮੇਰੀ ਭੈਣ ਸਰਬਜੀਤ ਕੌਰ, ਪ੍ਰਸਿੱਧ ਲੇਖਕ ਗੁਰਿੰਦਰਪਾਲ ਸਿੰਘ ਧਨੌਲਾ ਅਤੇ ਮੇਰੇ ਪਿੰਡ ਦੇ ਨੌਜੁਆਨ ਜਗਦੀਪ ਨੂੰ ਗੁਰਦੁਆਰਾ ਜੋਤੀ ਸਰੂਪ ਤੋਂ ਗ੍ਰਿਫ਼ਤਾਰ ਕਰਕੇ ਬਟਾਲੇ ਦੇ ਬੀਕੋ ਇਨਟੈਰੋਗੇਸਨ ਸੈਂਟਰ ਵਿੱਚ ਤਸ਼ੱਦਦ ਢਾਹਿਆ ਸੀ ਉਹ ਸੱਭ ਕੁੱਝ ਜਦੋਂ ਅੱਜ ਯਾਦ ਆ ਰਿਹਾ ਹੈ ਕਿ ਕਿਵੇਂ ਖਾੜਕੂਵਾਦ ਦੇ ਸ਼ਿਖਰ ਮੌਕੇ ਜਾਲਿਮ ਗੋਬਿੰਦ ਰਾਮ ਨੇ ਬੱਬਰ ਖਾਲਸਾ ਦੇ ਆਗੂਆਂ ਸਮੇਤ ਹੋਰ ਬਹੁਤ ਸਾਰੇ ਸਿੰਘਾਂ ਦੀਆਂ ਧੀਆਂ, ਭੈਣਾਂ,ਮਾਵਾਂ ਅਤੇ ਸਿੰਘਣੀਆਂ ਨੂੰ ਹਿਰਾਸਤ ਵਿੱਚ ਲੈਕੇ ਤਸ਼ੱਦਦ ਕੀਤਾ ਤਾਂ ਉਦੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ ਨੇ ਬਟਾਲੇ ਥਾਣੇ ਦੇ ਘਿਰਾਓ ਦਾ ਐਲਾਨ ਕਰ ਦਿਤਾ।ਜਦ ਇਹੋ ਜਿਹੇ ਮਹੌਲ ਵਿੱਚ ਜਥੇਦਾਰ ਕੋਈ ਸੱਦਾ ਦੇਵੇ ਤਾਂ ਕੌਮ ਸਮਰਥਨ ਦੇਣ ਵਾਲੀਆਂ ਹੱਦਾਂ ਤੋੜ ਦਿੰਦੀ ਹੈ।( 2 ਸਤੰਬਰ 1989 ਨੂੰ ਜਦ ਸੰਗਤਾਂ ਦਾ ਸਮੁੰਦਰ ਬਟਾਲੇ ਪਹੁੰਚਿਆ ਤਾਂ ਜਥੇਦਾਰ ਪ੍ਰੋ ਦਰਸ਼ਨ ਸਿੰਘ ਰਾਗੀ ਦੀ ਗਰਜਵੀਂ ਆਵਾਜ਼ ਨੇ ਸਿੱਖ ਕੌਮ ਦੇ ਰੋਹ ਦੀ ਅਸਲ ਤਸਵੀਰ ਬਿਆਨ ਕੀਤੀ ਜਿਸ ਮੂਹਰੇ ਦਿੱਲੀ ਦਾ ਤਖਤ ਝੁਕ ਗਿਆ ਤੇ ਬੀਬੀਆਂ ਆਜ਼ਾਦ ਹੋਈਆਂ।

ਜੇ ਹੁਣ ਵੀ ਜਥੇਦਾਰ ਕੋਈ ਪ੍ਰੋਗਰਾਮ ਦੇਣ ਤਾਂ ਕੌਮ ਨੇ ਡਟਵਾਂ ਸਮਰਥਨ ਦੇਣਾ ਸੀ ਪਰ ਅਫਸੋਸ ਕਿ ਕੌਮ ਦੀ ਜਵਾਨੀ ਤਸ਼ੱਦਦ ਦਾ ਸ਼ਿਕਾਰ ਹੋ ਰਹੀ ਹੈ ਅਤੇ ਜਥੇਦਾਰ ਸਾਹਿਬ ਇਸ ਪਾਸੇ ਧਿਆਨ ਹੀ ਨਹੀ ਦੇ ਰਹੇ।ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀ ਕਿ ਭਾਈ ਅੰਮ੍ਰਿਤਪਾਲ ਸਿੰਘ ਖਿਲਾਫ ਕਿਵੇਂ



ਸ.ਬਿਕਰਮਜੀਤ ਸਿੰਘ ਮਜੀਠੀਆ ਬੇਲੋੜੀ ਬਿਆਨਬਾਜ਼ੀ ਕਰਦੇ ਰਹੇ। ਸ.ਸੁਖਬੀਰ ਸਿੰਘ ਬਾਦਲ,ਬੀਬੀ ਹਰਸਿਮਰਤ ਕੌਰ ਬਾਦਲ ਸਮੇਤ ਹੋਰ ਬਹੁਤ ਸਾਰੇ ਅਕਾਲੀਆ ਅਤੇ ਕਾਂਗਰਸੀਆਂ ਆਗੂਆਂ ਨੇ ਕੋਈ ਕਸਰ ਨਹੀ ਛੱਡੀ। ਆਮ ਸੰਗਤ ਵਿੱਚ ਇਹੀ ਪ੍ਰਭਾਵ ਗਿਆ ਕਿ ਅਕਾਲੀ ਆਗੂਆਂ ਨੂੰ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਰਾਹ ਤੋਂ ਮੋੜਕੇ ਬਾਣੀ ਤੇ ਬਾਣੇ ਨਾਲ ਜੋੜਨਾ ਹਜਮ ਨਹੀ ਹੋਇਆ! 18 ਮਾਰਚ ਤੋਂ ਬਾਅਦ ਅਕਾਲੀ ਆਗੂਆਂ ਨੇ ਬੇਸ਼ੱਕ ਬਿਆਨ ਬਦਲ ਲਏ ਜਦ ਜਥੇਦਾਰ ਅਕਾਲ ਤਖਤ ਸਾਹਿਬ ਨੇ ਸਿੱਖ ਜਵਾਨੀ ਉਤੇ ਤਸ਼ੱਦਦ ਖਿਲਾਫ ਠੋਕਵਾਂ ਸਟੈਂਡ ਨਹੀ ਲਿਆ ਤਾਂ ਲੋਕਾਂ ਦੀ ਸ਼ੱਕ ਫੇਰ ਬਾਦਲ ਪਰਿਵਾਰ ਵੱਲ ਹੀ ਗਈ ਹੈ।

ਅਜਾਦ ਭਾਰਤ ਦੀ ਧਰਤੀ ਉਤੇ ਸਿੱਖ ਕੌਮ ਨਾਲ ਧੱਕੇਸ਼ਾਹੀ ਹੁੰਦੀ ਹੋਵੇ ਸਮਝ ਪੈਂਦੀ ਹੈ । ਪ੍ਰੰਤੂ ਪੰਜਾਬ ਦੀ ਸਰਜ਼ਮੀਨ ਉਤੇ ਹਰ ਰੋਜ਼ ਹੀ ਸਿੱਖ ਕੌਮ ਦੇ ਬੱਚਿਆਂ ਉਤੇ ਤਸ਼ੱਦਦ ਹੁੰਦਾ ਹੋਵੇ , ਇੰਟੈਰੋਗੇਸ਼ਨ ਸੈਂਟਰਾਂ ਵਿੱਚ ਰੱਖ ਕੇ ਸਿੱਖ ਨੌਜਵਾਨਾਂ ਉਤੇ ਜਬਰ ਢਾਹਿਆ ਜਾ ਰਿਹਾ ਹੋਵੇ । ਉਹਨਾਂ ਨੂੰ ਨੈਸ਼ਨਲ ਸਕਿਉਰਿਟੀ ਐਕਟ ਤਹਿਤ ਨਜ਼ਰਬੰਦ ਕੀਤਾ ਜਾ ਰਿਹਾ ਹੋਵੇ ।ਸਿੱਖ ਨੌਜਵਾਨਾਂ ਨਾਲ ਖਤਰਨਾਕ ਅਪਰਾਧੀਆਂ ਵਾਂਗੂੰ ਸਲੂਕ ਕੀਤਾ ਜਾ ਰਿਹਾ ਹੈ । ਉਨ੍ਹਾਂ ਨੂੰ ਐਨ ਐਸ ਏ ਲਾਕੇ , ਪੰਜਾਬ ਤੋਂ ਬਹੁਤ ਦੂਰ ਅਸਾਮ ਦੀ ਡਿਬਰੂਗੜ ਜੇਲ ਵਿੱਚ ਬੰਦ ਕੀਤਾ ਜਾ ਰਿਹਾ ਹੈ । ਸਰਕਾਰਾਂ ਨਸ਼ਾ ਨਹੀ ਬੰਦ ਕਰ ਸਕੀਆਂ , ਪਰ ਭਾਈ ਅੰਮ੍ਰਿਤਪਾਲ ਸਿੰਘ ਨੇ ਨਸ਼ਾ ਪੀਣ ਵਾਲੇ ਨੌਜਵਾਨਾਂ ਨੂੰ ਨਸ਼ੇ ਤੋ ਹਟਾਕੇ ਅਮ੍ਰਿਤ ਛਕਾਕੇ ਗੁਰੂ ਦੇ ਲੜ ਲਾ ਦਿੱਤਾ । ਉਸਨੇ ਖਾਲਸਾ ਜੀ ਕੇ ਬੋਲ ਬਾਲੇ , ਪੰਥ ਕੀ ਜੀਤ ਅਤੇ ਸਰਬੱਤ ਦੇ ਭਲੇ ਦੇ ਨਾਲ ਨਾਲ ਖਾਲਸਾ ਪੰਥ ਦੀ ਅੱਡਰੀ ਅਜ਼ਾਦ ਅਤੇ ਨਿਆਰੀ ਹਸਤੀ ਲਈ ਖਾਲਸਾ ਵਹੀਰ ਚਲਾਈ ਜਿਸ ਨਾਲ ਗੁਰੂ ਦੇ ਪੁੱਤਰ, ਧੀਆਂ ਦਾ ਪੰਥਕ ਜਜ਼ਬਾ ਹੋਰ ਪ੍ਰਬਲ ਹੋਇਆ । ਸਿੱਖ ਨੌਜਵਾਨਾਂ ਦੇ ਮਨ ਮੰਦਰ ਅੰਦਰ ਖੁਸ਼ੀ ਦੀਆਂ ਲਹਿਰਾਂ ਉਠਣ ਲੱਗੀਆਂ ।

(ਬਾਕੀ ਸਫ਼ਾ 30 'ਤੇ)



# ਗੁਰਮਤਿ, ਬ੍ਰਾਹਮਣਵਾਦ ਅਤੇ ਜਮਹੂਰੀਅਤ

ਗੁਰਬਚਨ ਸਿੰਘ

ਕਾਰਲ ਮਾਰਕਸ ਦੇ ਪੈਰੋਕਾਰਾਂ ਨੇ ਜਿਵੇਂ ਫਿਲਾਸਫੀ ਦੇ ਖੇਤਰ ਵਿੱਚ ਕੀਤੀ ਗਈ ਉਸਦੀ ਮਹਾਨ ਖੋਜ ਨੂੰ ਅਣਗੌਲਿਆ ਕਰਕੇ, ਉਸ ਵਲੋਂ ਵਿਕਸਿਤ ਕੀਤੇ ਗਏ ਰਾਜਸੀ ਆਰਥਿਕਤਾ ਦੇ ਸਿਧਾਂਤ ਨੂੰ ਹੀ ਉਸਦੀ ਸਭ ਤੋਂ ਵੱਡੀ ਪ੍ਰਾਪਤੀ ਮੰਨ ਲਿਆ ਹੈ, ਐਨ ਇਸੇ ਤਰ੍ਹਾਂ ਵੀਹਵੀਂ ਸਦੀ ਦੇ ਮਹਾਨ ਫਿਲਾਸਫਰ ਬਾਬਾ ਸਾਹਿਬ ਅੰਬੇਡਕਰ ਦੇ ਪੈਰੋਕਾਰਾਂ ਨੇ ਫਿਲਾਸਫੀ ਦੇ ਖੇਤਰ ਵਿੱਚ ਦਿਤੀ ਗਈ ਉਨ੍ਹਾਂ ਦੀ ਮਹਾਨ ਦੇਣ ਨੂੰ ਅਣਗੌਲਿਆ ਕਰਕੇ ਉਨ੍ਹਾਂ ਦੀ ਛੋਟੀ ਜਿਹੀ ਦੇਣ ' ਕਾਨੂੰਨੀ ਰਾਖਵੇਂਕਰਨ ' ਨੂੰ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸਮਝ ਲਿਆ ਹੈ। ਬੇਸ਼ਕ ਫਿਲਾਸਫੀ ਦੇ ਖੇਤਰ ਵਿੱਚ ਬਾਬਾ ਸਾਹਿਬ ਦੀ ਕੀਤੀ ਗਈ ਖੋਜ ਨੂੰ ਅਣਗੌਲਿਆ ਕਰਕੇ ਕਿਸੇ ਵੀ ਨਵੇਂ ਮਨੁਖੀ ਸਮਾਜ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ।

ਤਤ ਰੂਪ ਵਿੱਚ ਬਾਬਾ ਸਾਹਿਬ ਦੀ ਖੋਜ ਦਾ ਕੇਂਦਰੀ ਨੁਕਤਾ ਇਹ ਹੈ ਕਿ ਸਾਡੇ ਦੇਸ ਅੰਦਰ ਜਮਹੂਰੀਅਤ ਵਿਕਸਿਤ ਕਿਉਂ ਨਹੀਂ ਹੋਈ ? ਕਿਉਂਕਿ "ਹਿੰਦੂ ਧਰਮ ਭਾਈਚਾਰੇ ਦੀ ਭਾਵਨਾ ਭਰਨ ਦੀ ਬਜਾਏ ਸਮਾਜ ਨੂੰ ਵਰਣਾਂ ਤੇ ਜਾਤਾਂ ਵਿੱਚ ਵੰਡਦਾ ਹੈ ਤੇ ਇਸ ਵੰਡ ਨੂੰ ਜਮਾਤੀ ਚੇਤਨਾ ਵਿਚ ਪਕਿਆ ਕਰਦਾ ਹੈ। ਅਜਿਹੇ ਸਮਾਜੀ ਪ੍ਰਬੰਧ ਵਿੱਚ ਜਮਹੂਰੀਅਤ ਲਈ ਕੋਈ ਥਾਂ ਨਹੀਂ ਬਣ ਸਕਦੀ।"

..."ਪੱਛਮੀ ਤਰਜ ਦੀ ਜਮਹੂਰੀਅਤ ਦਾ ਆਧਾਰ ਇਹ ਹੈ ਕਿ ਅਸੀਂ ਸਾਰੇ ਪਰਮਾਤਮਾ ਦੇ ਬੱਚੇ ਹਾਂ। ਇਹ ਵਿਚਾਰ ਜਮਹੂਰੀਅਤ ਦੀ ਬੜੀ ਕਮਜ਼ੋਰ ਬੁਨਿਆਦ ਹੈ। ਇਹੀ ਕਾਰਨ ਹੈ ਕਿ ਜਿਥੇ ਕਿਤੇ ਵੀ ਜਮਹੂਰੀਅਤ ਕਾਇਮ ਹੋਈ ਹੈ, ਉਥੇ ਹੀ ਇਹ ਕਮਜ਼ੋਰ ਬੁਨਿਆਦ ਉਤੇ ਖੜੀ ਹੈ। ਜਮਹੂਰੀਅਤ ਦੇ ਪੱਛਮੀ ਵਿਦਿਆਰਥੀਆਂ ਨੇ ਇਹ ਪ੍ਰਚਾਰਿਆ ਹੈ ਕਿ ਜਮਹੂਰੀਅਤ ਦਾ ਮੂਲ ਆਧਾਰ ਇਸਾਈ ਧਰਮ ਜਾਂ ਪਲੈਟੋ ਦੀ ਫਿਲਾਸਫੀ ਹੈ ਅਤੇ ਜਮਹੂਰੀਅਤ ਦਾ ਹੋਰ ਕੋਈ ਸੋਮਾ ਨਹੀਂ। ਪਰ ਜੇ ਉਹ ਜਾਣਦੇ ਕਿ ਭਾਰਤ ਨੇ ਬ੍ਰਹਮ ਦਾ ਸਿਧਾਂਤ ਵਿਕਸਿਤ ਕੀਤਾ ਹੈ, ਜਿਹੜਾ ਜਮਹੂਰੀਅਤ ਦੀ ਸਭ ਤੋਂ ਵਧੀਆ ਬੁਨਿਆਦ ਹੈ ਤਾਂ ਉਹ ਕਦੇ ਏਨੇ ਕੱਟੜਵਾਦੀ ਨਾ ਬਣਦੇ।"

1. ਬ੍ਰਹਮ ਦਾ ਸਿਧਾਂਤ

1. ਸਾਡੇ ਆਲੇ ਦੁਆਲੇ ਦਿਸ ਰਿਹਾ ਸਗਲ ਪਸਾਰਾ ਬ੍ਰਹਮ ਹੈ।
2. ਮੈਂ ਬ੍ਰਹਮ ਹਾਂ, ਕਿਉਂਕਿ ਆਤਮਾ ਵੀ ਓਹੀ ਹੈ, ਜੋ ਬ੍ਰਹਮ ਹੈ, ਇਸ ਲਈ ਮੈਂ ਬ੍ਰਹਮ ਹਾਂ।
3. ਕਿਉਂਕਿ ਆਤਮਾ ਹੀ ਬ੍ਰਹਮ ਹੈ, ਇਸ ਲਈ ਤੂੰ ਵੀ ਬ੍ਰਹਮ ਦਾ ਹੀ ਅੰਸ਼ ਹੈ। ਭਾਵ ਸਾਰੇ ਜੀਵਾਂ ਵਿੱਚ ਤੱਤ ਦੀ ਏਕਤਾ ਹੈ।

ਇਨ੍ਹਾਂ ਨੂੰ ਮਹਾਵਾਕ ਕਿਹਾ ਜਾਂਦਾ ਹੈ ਅਤੇ ਇਹ ਬ੍ਰਹਮ ਦੇ ਸਿਧਾਂਤ ਦਾ ਤਤਨਿਚੋੜ ਹਨ।

2. ਵੇਦਾਂਤ ਦੀਆਂ ਸਿਖਿਆਵਾਂ ਦਾ ਤੱਤ ਨਿਚੋੜ

1. ਸਿਰਫ ਬ੍ਰਹਮ ਸੱਚ ਹੈ।
2. ਸੰਸਾਰ ਮਾਇਆ ਹੈ।
3. ਜੀਵ ਅਤੇ ਬ੍ਰਹਮ –

ੳ) ਇਕ ਸੋਚ ਅਨੁਸਾਰ ਇਕੋ ਹਨ।
ਅ) ਦੂਜੀ ਸੋਚ ਅਨੁਸਾਰ ਇਕੋ ਨਹੀਂ ਸਗੋਂ ਉਸ ਦਾ ਤੱਤ ਹਨ ਪਰ ਉਸ ਤੋਂ ਵਖਰੇ ਨਹੀਂ ਹਨ।
ੲ) ਤੀਜੀ ਸੋਚ ਅਨੁਸਾਰ ਇਹ ਵਖਰੇ ਹਨ।

3. ਬ੍ਰਾਹਮਣਵਾਦ ਦਾ ਸਿਧਾਂਤ

1. ਚਾਰ ਵਰਣਾਂ ਵਿੱਚ ਯਕੀਨ।
2. ਵੇਦਾਂ ਦੀ ਪਵਿੱਤਰਤਾ ਅਤੇ ਉਨ੍ਹਾਂ ਦੇ ਅਨਾਦੀ ਹੋਣ ਵਿੱਚ ਯਕੀਨ।
3. ਮੁਕਤੀ ਦਾ ਇਕੋ ਇਕ ਸਾਧਨ ਦੇਵਤਿਆਂ ਨੂੰ ਬਲੀ ਦੇਣੀ।

ਬ੍ਰਹਮ ਦਾ ਸਿਧਾਂਤ ਸੰਸਾਰ ਨੂੰ ਸੱਚ ਮੰਨਦਾ ਹੈ, ਜਦੋਂ ਕਿ ਵੇਦਾਂਤ ਸੰਸਾਰ ਨੂੰ ਮਾਇਆ ਭਾਵ ਝੂਠ (ਛਲਾਵਾ) ਕਹਿੰਦਾ ਹੈ। ਇਹ ਦੋਵਾਂ ਵਿਚਕਾਰ ਬੁਨਿਆਦੀ ਨਿਖੇੜਾ ਹੈ। ਬ੍ਰਹਮ ਦੇ ਸਿਧਾਂਤ ਦਾ ਤੱਤ ਇਹ ਹੈ ਕਿ ਸਾਡੇ ਆਲੇ ਦੁਆਲੇ ਚਾਰ ਚੁਫੇਰੇ ਪਸਰਿਆ ਦ੍ਰਿਸਟਮਾਨ ਸੰਸਾਰ ਸੱਚ ਹੈ ਅਤੇ ਇਸ ਦੇ ਪਿਛੋਕੜ ਵਿੱਚ ਅਸੀਮ ਅਤੇ ਅਗਮ ਬ੍ਰਹਮ ਹੈ। ਇਸ ਲਈ ਹਰੇਕ ਚੀਜ਼ ਬ੍ਰਹਮ ਦਾ ਅੰਸ਼ ਹੈ। ਬ੍ਰਹਮ ਦਾ ਸਿਧਾਂਤ ਇਹ ਸਪਸ਼ਟ ਕਰ ਦਿੰਦਾ ਹੈ ਕਿ ਅਸੀਂ ਸਾਰੇ ਹੀ ਉਸ ਅਸੀਮ ਅਤੇ ਸਦੀਵੀ ਬ੍ਰਹਮ ਦਾ ਅੰਸ਼ ਹਾਂ।

ਡਾ. ਅੰਬੇਡਕਰ ਦੇ ਆਪਣੇ ਕਥਨ ਅਨੁਸਾਰ, "ਇਹ ਇੱਕ ਵੱਡੀ ਉਲਝਣ ਹੈ ਕਿ ਬ੍ਰਹਮ ਦਾ ਸਿਧਾਂਤ ਇਕ ਨਵਾਂ ਮਨੁਖੀ ਸਮਾਜ ਸਿਰਜਣ ਵਿੱਚ ਸਫਲ ਕਿਉਂ ਨਾ ਹੋਇਆ ? ਇਹ ਗੱਲ ਨਹੀਂ ਕਿ ਬ੍ਰਾਹਮਣਾਂ ਨੇ ਬ੍ਰਹਮ ਦੇ ਸਿਧਾਂਤ ਨੂੰ ਪਛਾਣਿਆ ਨਹੀਂ। ਉਨ੍ਹਾਂ ਨੇ ਇਸ ਸਿਧਾਂਤ ਨੂੰ ਪਛਾਣਿਆ ਪਰ ਉਨ੍ਹਾਂ ਨੇ ਆਪਣੇ ਆਪ ਨੂੰ ਕਦੇ ਇਹ ਸੁਆਲ ਨਾ ਪੁਛਿਆ ਕਿ ਇਸ ਸਿਧਾਂਤ ਦੇ ਹੁੰਦਿਆਂ ਉਹ ਬ੍ਰਾਹਮਣ ਤੇ ਸ਼ੂਦਰ, ਔਰਤ ਤੇ ਮਰਦ, ਨੀਚ ਜਾਤ ਤੇ ਉਚੀ ਜਾਤ ਵਿਚਲੀ ਨਾਬਰਾਬਰੀ ਦੀ ਹਮਾਇਤ ਕਿਵੇਂ ਕਰ ਸਕਦੇ ਹਨ ? ਜਿਸ ਦਾ ਸਿੱਟਾ ਇਹ ਨਿਕਲਿਆ ਕਿ ਇਕ ਪਾਸੇ ਅਸੀਂ ਬ੍ਰਹਮ ਦਾ ਸਭ ਤੋਂ ਵਧ ਜਮਹੂਰੀ ਸਿਧਾਂਤ ਲਈ ਫਿਰਦੇ ਹਾਂ ਅਤੇ ਦੂਜੇ ਪਾਸੇ ਇਕ ਸਮਾਜ ਹੈ, ਜਿਹੜਾ ਜਾਤ-ਪਾਤੀ ਕੋਹੜ, ਮੁਢਲੇ ਆਦਿਵਾਸੀ ਅਤੇ ਜਰਾਇਮ ਪੇਸ਼ਾ ਕਬੀਲਿਆਂ ਨਾਲ ਭ੍ਰਿਸ਼ਟ ਹੋਇਆ ਪਿਆ ਹੈ।"



..."ਇਸ ਤੋਂ ਵੀ ਵੱਡੀ ਬੇਤੁਕੀ ਗੱਲ ਮਹਾਨ ਸ਼ੰਕਰਾਚਾਰੀਆ ਦੀਆਂ ਸਿਖਿਆਵਾਂ ਹਨ। ਕਿਉਂਕਿ ਇਹ ਸ਼ੰਕਰਾਚਾਰੀਆ ਹੀ ਹੈ, ਜਿਸ ਨੇ ਇਹ ਗਿਆਨ ਦਿਤਾ ਕਿ ਬ੍ਰਹਮ ਦੀ ਹੋਂਦ ਹੈ, ਇਹ ਹੋਂਦ ਸੱਚ ਹੈ ਅਤੇ ਇਹ ਹੋਂਦ ਸਾਰਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਪਰ ਨਾਲ ਹੀ ਉਸ ਨੇ ਬ੍ਰਾਹਮਣੀ ਸਮਾਜ ਦੀਆਂ ਸਾਰੀਆਂ ਨਾਬਰਾਬਰੀਆਂ ਨੂੰ ਵੀ ਬੁਲੰਦ ਕੀਤਾ। ਸਿਰਫ ਇਕ ਮਨੋਰੋਗੀ ਵਿਅਕਤੀ ਹੀ ਅਜਿਹੇ ਦੋ ਵਿਰੋਧੀ ਸਿਧਾਂਤਾਂ ਨੂੰ ਪੁਸ਼ਟ ਕਰਨ ਦੀ ਖੁਸ਼ੀ ਲੈ ਸਕਦਾ ਹੈ।"



ਵੇਦਾਂ ਬਾਰੇ ਡਾ. ਅੰਬੇਡਕਰ ਦੀ ਧਾਰਨਾ ਹੈ,"ਜੇ ਹਿੰਦੂ ਇਹ ਯਕੀਨ ਕਰਦੇ ਹਨ ਕਿ ਵੇਦ ਸੰਸਾਰ ਭਰ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ, ਤਾਂ ਇਸ ਮਤਿ ਨਾਲ ਕਿਸੇ ਦਾ ਕੋਈ ਟਕਰਾਅ ਨਹੀਂ ਹੈ। ਪਰ ਜਦੋਂ ਉਹ ਇਨ੍ਹਾਂ ਵੇਦਾਂ ਨੂੰ ਅਨਾਦੀ ਤੇ ਕਿਸੇ ਆਰੰਭਿਕ ਸਮੇਂ ਦੀ ਸੀਮਾਂ ਤੋਂ ਪਾਰ ਮੰਨਦੇ ਹਨ, ਤਾਂ ਇਸ ਅਸਾਧਾਰਨ ਧਾਰਨਾ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਇਕ ਵਾਰ ਜਦੋਂ ਇਹ ਤੈਅ ਹੋ ਗਿਆ ਕਿ ਵੇਦਾਂ ਦੇ ਰਚਣਹਾਰੇ ਰਿਸ਼ੀ ਹਨ ਤਾਂ ਇਹ ਸਾਬਤ ਕਰਨ ਲਈ ਕਿਸੇ ਹੋਰ ਸਬੂਤ ਦੀ ਲੋੜ ਨਹੀਂ। ਵੇਦਾਂ ਦਾ ਮੁਢ ਰਿਸ਼ੀਆਂ ਦੀ ਹੋਂਦ ਨਾਲ ਤੈਅ ਕੀਤਾ ਜਾ ਸਕਦਾ ਹੈ। ਰਿਸ਼ੀਆਂ ਨੂੰ ਵੇਦਾਂ ਦੇ ਕਰਤਾ ਮੰਨ ਕੇ ਵੇਦਾਂ ਦੇ ਅਨਾਦੀ ਹੋਣ ਦੀ ਧਾਰਨਾ ਨਿਰੋਲ ਭਰਮ ਹੈ।"

ਵੇਦ ਮਨੁੱਖ ਜਾਤੀ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ ਅਤੇ ਵੇਦਾਂ ਦੀ ਸਾਰੀ ਫਿਲਾਸਫੀ ਉਪਨਿਸ਼ਦਾਂ ਵਿੱਚ ਮੌਜੂਦ ਹੈ। ਉਪਨਿਸ਼ਦ ਦਾ ਅਖਰੀ ਅਰਥ ਅਜਿਹੀ ਵਿਦਿਆ ਤੋਂ ਹੈ ਜਿਹੜੀ ਗੁਰੂ ਦੇ ਨੇੜੇ ਬੈਠ ਕੇ ਜਗਿਆਸੂ ਭਾਵ ਨਾਲ ਸਿਖੀ ਜਾਂਦੀ ਹੈ। ਉਪਨਿਸ਼ਦ ਦਾ ਦੂਜਾ ਭਾਵਅਰਥ ਅਗਿਆਨ ਦੇ ਹਨੇਰੇ ਦਾ ਨਾਸ ਕਰਨ ਵਾਲਾ ਬ੍ਰਹਮ ਦਾ ਮੁਕਤੀ ਗਿਆਨ ਹੈ। ਉਪਨਿਸ਼ਦਾਂ ਵਿੱਚ ਜੇ ਮਨੁੱਖ ਜਾਤੀ ਦੇ ਮੁਢਲੇ ਦੌਰ ਦੀਆਂ ਬੌਧਿਕ ਉਲਝਣਾਂ ਦੇ ਤੱਤ ਮੌਜੂਦ ਹਨ, ਤਾਂ ਇਨ੍ਹਾਂ ਵਿੱਚ ਮਨੁਖ ਜਾਤੀ ਦੀ ਮੁਢਲੇ ਦੌਰ ਦੀ ਨਿਰਛਲਤਾ ਵੀ ਮੌਜੂਦ ਹੈ। ਜੋ ਕੁਝ ਜਿਵੇਂ ਅਨੁਭਵ ਕੀਤਾ ਗਿਆ ਹੈ, ਉਸ ਨੂੰ ਉਵੇਂ ਹੀ ਪੇਸ਼ ਕੀਤਾ ਗਿਆ ਹੈ।

ਅਧਿਆਤਮਵਾਦ ਵਰਗੇ ਕੁਝ ਸ਼ਬਦਾਂ ਦੇ ਰਹੱਸਭਰੇ ਅਤੇ ਭਰਮਾਊ ਅਰਥਾਂ ਨੇ ਸਮੁਚੇ ਆਤਮਿਕ ਗਿਆਨ ਭਾਵ ਫਿਲਾਸਫੀ ਨੂੰ ਆਮ ਮਨੁਖੀ ਜ਼ਿੰਦਗੀ ਵਿੱਚ ਅਣਗੌਲਿਆ ਕਰਨ ਦੀ ਬਿਰਤੀ ਪੈਦਾ ਕੀਤੀ ਹੈ। ਇਹ ਸਮਝ ਲਿਆ ਗਿਆ ਹੈ ਕਿ ਇਸ ਆਤਮਿਕ ਗਿਆਨ ਦਾ ਆਮ ਮਨੁਖੀ ਜ਼ਿੰਦਗੀ ਵਿੱਚ ਕੋਈ ਫਾਇਦਾ ਨਹੀਂ। ਜਦੋਂ ਕਿ ਇਹ ਆਤਮਿਕ ਗਿਆਨ ਹਜ਼ਾਰਾਂ ਸਾਲਾਂ ਅੰਦਰ ਅਰਬਾਂ-ਖਰਬਾਂ-ਨਰਬਾਂ ਮਨੁੱਖਾਂ ਦੀ ਆਪਣੀ ਚੇਤੰਨ ਅਨੁਭਵੀ ਜ਼ਿੰਦਗੀ ਵਿੱਚ ਹੰਢਾਏ ਗਏ ਤਜ਼ਰਬਿਆਂ ਦਾ, ਸਿਆਣਪ ਦੇ ਰੂਪ ਵਿੱਚ ਨਿਕਲਿਆ ਤੱਤ ਨਿਚੋੜ ਹੈ ਅਤੇ ਸਹਿਜ, ਖੂਬਸੂਰਤ ਤੇ ਭਾਵਪੂਰਤ ਮਨੁਖੀ ਜ਼ਿੰਦਗੀ ਜਿਉਣ ਲਈ, ਇਹ ਆਤਮਿਕ ਗਿਆਨ ਅਤਿ ਲੋੜੀਂਦਾ ਹੈ। ਇਸ ਆਤਮਿਕ ਗਿਆਨ ਤੋਂ ਵਿਹੂਣੀ ਜ਼ਿੰਦਗੀ ਪਸੂ ਸਮਾਨ ਹੈ।

ਇਹ ਆਤਮਿਕ ਗਿਆਨ ਸਾਨੂੰ ਸਾਡੇ ਹੋਂਦ ਰਖਦੇ ਅਹਿਮ ਤੱਤਾਂ 'ਆਤਮਾ, ਸਰੀਰ, ਮਨ, ਬੁਧੀ, ਇੰਦਰੀਆਂ ਅਤੇ ਪ੍ਰਾਣ ' ਦੀ ਜਾਣਕਾਰੀ ਦਿੰਦਾ ਹੈ ਤੇ ਇਨ੍ਹਾਂ ਦੇ ਆਪਸੀ ਅਨੁਭਵੀ ਰਿਸ਼ਤੇ ਦਾ ਅਹਿਸਾਸ ਕਰਵਾਉਂਦਾ ਹੈ। ਜਿਹੜਾ ਅਹਿਸਾਸ ਸਾਨੂੰ ਸਾਡੀ ਆਪਣੀ ਮਨੁੱਖੀ ਜ਼ਿੰਦਗੀ ਸਹਿਜ ਢੰਗ ਨਾਲ ਜਿਉਣ ਦੇ ਸਮਰਥ ਬਣਾਉਂਦਾ ਹੈ। ਸਾਡਾ ਆਤਮਿਕ ਅਤੇ ਮਾਨਸਿਕ ਵਿਕਾਸ ਕਰਕੇ ਸਾਨੂੰ ਸਮਾਜ ਵਿੱਚ ਵਿਚਰਣ ਦੇ ਯੋਗ ਬਣਾਉਂਦਾ ਹੈ। ਸਾਡਾ ਸੱਭਿਆਚਾਰਕ ਵਿਕਾਸ ਕਰਦਾ ਹੈ। ਸਾਨੂੰ ਸਾਡੇ ਆਲੇ-ਦੁਆਲੇ ਦੀ ਕੁਦਰਤੀ ਸੁੰਦਰਤਾ ਨੂੰ ਮਾਣਨ ਤੇ ਸਮਾਜੀ ਜ਼ਿੰਦਗੀ ਜਿਉਂਦਿਆਂ ਹੋਇਆਂ, ਸਾਨੂੰ ਅਸਲੀ ਖੁਸ਼ੀਆਂ ਖੇੜਿਆਂ ਦਾ ਅਹਿਸਾਸ ਕਰਵਾਉਂਦਾ ਹੈ। ਇਹ ਆਤਮਿਕ ਗਿਆਨ ਹੀ ਸਾਡੀ ਸੰਵੇਦਨਾ ਨੂੰ ਤਿਖਿਆਂ ਕਰਦਾ ਹੈ।

ਹੁਣ ਤਕ ਇਹੀ ਅਨੁਭਵੀ ਗਿਆਨ ਪੀੜ੍ਹੀ ਦਰ ਪੀੜ੍ਹੀ ਹੋਰ ਵਿਕਸਿਤ ਹੁੰਦਾ ਹੋਇਆ ਅਗੇ ਤੁਰਿਆ ਆ ਰਿਹਾ ਹੈ। ਮੁਢਲੇ ਦੌਰ ਦੀਆਂ ਬੌਧਿਕ ਉਲਝਣਾਂ ਕਾਰਨ ਇਸ ਗਿਆਨ ਵਿੱਚ ਬਹੁਤ ਕੁਝ ਮਨ-ਕਲਪਿਤ ਰਲ ਗਿਆ ਹੈ, ਪਰ ਇਸ ਵਿੱਚ ਮਨੁਖ ਜਾਤੀ ਦਾ ਪੁਸ਼ਟ ਹੋਇਆ ਅਨੁਭਵੀ ਗਿਆਨ ਵੀ ਮੌਜੂਦ ਹੈ। ਮਨ-ਕਲਪਿਤ ਭਰਮਾਊ ਉਲਝਣਾਂ ਅਤੇ ਅਨੁਭਵੀ ਤੌਰ ਉਤੇ ਪੁਸ਼ਟ ਹੋਏ ਗਿਆਨ ਨੂੰ ਇਕ-ਦੂਜੇ ਨਾਲੋਂ ਨਿਖੇੜਨ ਦੀ ਲੋੜ ਹੈ। ਇਹ ਨਿਖੇੜਾ ਕਰਨਾ ਹੀ ਅਜੋਕੇ ਬ੍ਰਹਮ ਗਿਆਨੀਆ ਭਾਵ ਫਿਲਾਸਫਰਾਂ ਦਾ ਕੰਮ ਹੈ। ਅਜੋਕੀ ਵਿਦਿਆ ਦਾ ਅਸਲੀ ਮੰਤਵ ਵੀ ਇਹੀ ਹੈ।

ਉਪਨਿਸ਼ਦਾਂ ਦਾ ਗਿਆਨ ਇਸ ਸੱਚ ਬਾਰੇ ਸਪਸ਼ਟ ਹੈ ਕਿ 'ਬ੍ਰਹਮ' ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿੱਚ ਪੂਜਾ ਕਰਦੇ ਹਨ। ਸਗੋਂ ਬ੍ਰਹਮ ਉਹ ਹੈ, ਜਿਹੜਾ ਸਗਲ ਬ੍ਰਹਮੰਡੀ ਪਸਾਰੇ ਯਥਾ ਬ੍ਰਹਮ ਦੇ ਆਕਾਰ ਰੂਪ ਵਿੱਚ ਮਨੁਖੀ ਸੋਚ ਦੀ ਸੀਮਾ ਤੋਂ ਪਾਰ ਹੈ, ਜਿਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ, ਜਿਹੜਾ ਮਨੁੱਖ ਦੇ ਆਪਣੇ ਸਰੀਰੀ ਮਨ ਦੀ ਪਕੜ ਵਿੱਚ ਨਹੀਂ ਆ ਸਕਦਾ ਅਤੇ ਜਿਸ ਨੂੰ ਸ਼ਬਦ ਬਿਆਨ ਨਹੀਂ ਕਰ ਸਕਦੇ। ਜਿਹੜਾ ਅਸੀਮ ਹੈ ਅਤੇ ਮਨੁੱਖੀ ਸੋਚ ਤੋਂ ਵੀ ਪਾਰ ਹੈ। ਇਸੇ ਲਈ ਇਸ ਨੂੰ ਪਾਰਬ੍ਰਹਮ ਵੀ ਕਿਹਾ ਜਾਂਦਾ ਹੈ। ਵੈਦਿਕ ਫਿਲਾਸਫੀ ਅਨੁਸਾਰ ਇਹ ਬ੍ਰਹਮ ਹੀ ਸਾਰੇ ਜੀਵਾਂ ਦੇ ਪ੍ਰਾਣਾਂ ਦਾ ਮੂਲ ਆਧਾਰ ਹੈ।

ਗੁਰਮਤਿ ਨੇ 'ਬ੍ਰਹਮ' ਅਤੇ 'ਸੰਸਾਰ' ਦੇ ਰਿਸ਼ਤੇ ਨੂੰ ਹੋਰ ਵੀ ਵਧੇਰੇ ਸਪਸ਼ਟ ਕੀਤਾ ਹੈ :

ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥ (ਪੰਨਾ 1127)

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ (ਪੰਨਾ 846)

ਯਥਾ ਇਹ ਸਾਰੀ ਉਤਪਤੀ ਬ੍ਰਹਮ ਦੇ ਅੰਸ਼ ਤੋਂ ਹੋਈ ਹੈ। ਬ੍ਰਹਮ ਹੀ ਦਿਸਦਾ ਹੈ ਅਤੇ ਬ੍ਰਹਮ ਹੀ ਸੁਣੀਦਾ ਹੈ। ਇਸ ਬ੍ਰਹਮ ਦਾ ਵਖਿਆਨ ਇੱਕ ਯਥਾ ਏਕੋ ਦੇ ਰੂਪ ਵਿੱਚ ਕਰੀਦਾ ਹੈ।

ਗੁਰਮਤਿ ਨੇ ਬ੍ਰਹਮ ਅਤੇ ਬ੍ਰਾਹਮਣ ਮਤਿ (ਮਨੂਵਾਦ) ਵਿੱਚ ਵਰਤੇ ਜਾਂਦੇ ਅੱਖਰ ਬ੍ਰਹਮਾ ਵਿਚਕਾਰ ਵੀ ਸਪਸ਼ਟ ਨਿਖੇੜਾ ਕੀਤਾ ਹੈ। ਜਿਸ ਬ੍ਰਹਮਾ ਬਾਰੇ ਬ੍ਰਾਹਮਣ ਮਤਿ ਦੀ ਧਾਰਨਾ ਹੈ, ਕਿ ਇਸ ਨੇ ਆਪਣੇ ਮੂੰਹ ਵਿਚੋਂ ਬ੍ਰਾਹਮਣ, ਬਾਹਾਂ ਵਿਚੋਂ ਖਤਰੀ, ਪਟਾਂ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਕੀਤੇ ਹਨ। ਹਿੰਦੂ ਮਤਿ ਵਿਚਲੀ ਵਰਣ ਵੰਡ ਦਾ ਇਸ ਨੂੰ ਜਨਕ ਕਿਹਾ ਜਾਂਦਾ ਹੈ।

* ਬ੍ਰਹਮਾ ਬਡਾ ਕਿ ਜਾਸ ਉਪਾਇਆ॥ (ਪੰਨਾ 331)

* ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ (ਪੰਨਾ 559)

* ਬ੍ਰਹਮੈ ਵਡਾ ਕਹਾਇ ਅੰਤ ਨ ਪਾਇਆ॥ (ਪੰਨਾ 1279)

* ਬ੍ਰਹਮੈ ਇੰਦ੍ਰਿ ਮਹੇਸਿ ਨ ਜਾਨੀ॥ (1032)

ਯਥਾ ਬ੍ਰਹਮਾ ਵੱਡਾ ਹੈ ਕਿ ਬ੍ਰਹਮ ਵੱਡਾ ਹੈ, ਜਿਸ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ। ਗੁਰਮਤਿ ਫਿਰ ਇਸ ਸੁਆਲ ਦਾ ਜੁਆਬ ਦਿੰਦਿਆਂ ਇਹ ਜਾਣਕਾਰੀ ਵੀ ਦੇ ਰਹੀ ਹੈ, ਕਿ ਬ੍ਰਹਮਾ ਦੇ ਨਾਂ ਉਤੇ ਜਿਹੜਾ ਵੇਦਾਂ ਦਾ ਗਿਆਨ ਦਿਤਾ ਜਾਂਦਾ ਹੈ, ਉਹ ਸਾਰਾ ਮੋਹ ਮਾਇਆ ਦਾ ਪਸਾਰਾ ਹੈ। ਯਥਾ ਕਲਪਿਤ ਹੈ। ਗੁਰਮਤਿ ਇਹ ਵੀ ਦਸਦੀ ਹੈ ਕਿ ਬ੍ਰਹਮਾ ਆਪਣੇ-ਆਪ ਨੂੰ ਵੱਡਾ ਕਹਾਉਂਦਾ ਹੈ, ਪਰ ਆਪ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਬ੍ਰਹਮਾ ਇੰਦਰ ਤੇ ਮਹੇਸ਼ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ। ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ ਅਤੇ ਬ੍ਰਹਮ ਹੀ ਸਗਲ ਦ੍ਰਿਸ਼ਟੀ ਵਿਚ ਆਉਂਦਾ ਹੈ ਅਤੇ ਸਾਨੂੰ ਇਸ ਦੀ ਸੋਝੀ ਸਤਿਗੁਰੂ ਨੇ ਸਾਡੇ ਅੰਦਰੋਂ ਹੀ ਕਰਵਾ ਦਿਤੀ ਹੈ।

ਜੋ ਬ੍ਰਹਮੰਡ ਪਿੰਡ ਸੋ ਜਾਨੁ॥ (ਪੰਨਾ 1162)

ਭਾਵ ਜੋ ਬ੍ਰਹਮੰਡ ਵਿਚ ਹੈ ਓਹੀ ਮਨੁਖ ਦੇ ਸਰੀਰ ਵਿਚ ਹੈ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ (ਪੰਨਾ 846)

ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥ (ਪੰਨਾ 1128)

ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥ (ਪੰਨਾ 317)

ਗੁਰਮਤਿ ਅਨੁਸਾਰ ਬ੍ਰਹਮ ਹੀ ਦਿਸਦਾ ਹੈ, ਬ੍ਰਹਮ ਹੀ ਸੁਣੀਦਾ ਹੈ ਤੇ ਇਸ ਏਕੋ 'ਬ੍ਰਹਮ' ਦਾ ਹੀ ਸਭ ਥਾਂ ਵਿਖਿਆਨ ਹੁੰਦਾ ਹੈ। ਇਸ ਬ੍ਰਹਮ ਤੋਂ ਹੀ ਸਾਰੀ ਉਤਪਤੀ ਹੋਈ ਹੈ। ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਉਹ ਵੀ ਇਸ ਬ੍ਰਹਮ ਦੀ ਵਿਚਾਰ ਹੀ ਸੁਣਾ ਰਹੇ ਹਨ। ਗੁਰਮਤਿ ਇਹ ਵੀ ਸਪਸ਼ਟ ਕਰਦੀ ਹੈ, ਕਿ ਬ੍ਰਾਹਮਣਵਾਦ ਵੱਲੋਂ ਪ੍ਰਚਾਰਿਆ ਹੋਇਆ ਇਸ ਸੰਸਾਰ ਦਾ

**(ਬਾਕੀ ਸਫ਼ਾ 31 'ਤੇ)**

# ਭਾਰਤ ਵਿੱਚ ਸਿੱਖਾਂ ਦੇ ਮਨੁੱਖੀ ਅਧਿਕਾਰ ਅਸੁਰੱਖਿਅਤ ਕਿਉਂ ?



ਸ਼ਿੰਗਾਰਾ ਸਿੰਘ ਢਿੱਲੋਂ
ਯੂ.ਕੇ.







ਮਨੁੱਖੀ ਅਧਿਕਾਰਾਂ ਦੀ ਇਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਪੱਤਰਕਾਰ, ਆਦਿਵਾਸੀਆਂ, ਦਲਿਤਾਂ ਅਤੇ ਧਾਰਮਿਕ ਘੱਟ-ਗਿਣਤੀਆਂ ਦੇ ਮਨੁੱਖੀ ਹੱਕਾਂ ਦੀ ਗੱਲ ਕਰਨ ਵਾਲੇ ਲੋਕ ਭਾਰੀ ਖ਼ਤਰਿਆਂ ਵਿੱਚ ਹਨ। ਜ਼ਮੀਨ ਤੇ ਵਾਤਾਵਰਨ ਨਾਲ ਜੁੜੇ ਹੱਕਾਂ ਦੇ ਮਾਮਲਿਆਂ 'ਤੇ ਆਵਾਜ਼ ਬੁਲੰਦ ਕਰਨ ਵਾਲਿਆਂ ਲਈ ਭਾਰਤ ਸੰਸਾਰ ਭਰ ਵਿੱਚ ਸਭ ਤੋਂ ਖ਼ਤਰਨਾਕ ਖਿੱਤਾ ਹੈ।

ਭਾਰਤ ਦੇ ਵੱਖ-ਵੱਖ ਖਿੱਤਿਆਂ ਵਿੱਚ ਚੱਲ ਰਹੇ ਰਾਜਨੀਤਕ ਸੰਘਰਸ਼ਾਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਸੱਤਾ ਪੱਖ ਵੱਲੋਂ ਉਲੰਘਣਾ ਵੱਡੇ ਪੱਧਰ ਉੱਤੇ ਜਾਰੀ ਹੈ। ਸਰਕਾਰ ਆਪਣੇ ਸ਼ਹਿਰੀਆਂ ਨਾਲ ਗੱਲ-ਬਾਤ ਦਾ ਰਸਤਾ ਅਪਣਾਉਣ ਦੀ ਬਜਾਏ ਡੰਡੇ ਤੇ ਗੋਲੀ ਦੀ ਨੀਤੀ 'ਤੇ ਚੱਲਦੀ ਹੈ, ਫ਼ੌਜੀ ਬੂਟਾਂ ਦੀ ਖਣਕਾਰ ਨਾਲ ਲੋਕ ਮਨਾਂ ਵਿੱਚ ਡਰ ਤੇ ਸਹਿਮ ਦਾ ਮਾਹੌਲ ਪੈਦਾ ਕਰਕੇ ਮਨੁੱਖੀ ਹੱਕਾਂ ਦੀ ਅਜ਼ਾਦੀ ਸੰਬੰਧੀ ਉਠ ਰਹੀਆ ਲਹਿਰਾਂ ਨੂੰ ਜਬਰ ਤੇ ਜ਼ੁਲਮ ਦੀ ਨੀਤੀ ਨਾਲ ਦਬਾਉਣ ਦਾ ਯਤਨ ਕਰਦੀ ਹੈ। ਜੰਮੂ ਕਸ਼ਮੀਰ, ਪੰਜਾਬ, ਅਸਾਮ, ਬੋਡੋਲੈਂਡ ਆਦਿ ਰਾਜਾਂ ਦਾ ਮੁਲਕ ਤੋ ਅਜ਼ਾਦ ਹੋਣ ਦੀ ਮੰਗ ਕਰਨਾ ਅਸਲ ਵਿੱਚ ਭਾਰਤ ਸਰਕਾਰ ਦੀ ਉਕਤ ਨੀਤੀ ਦਾ ਪ੍ਰਤੀਫਲ ਹੀ ਕਿਹਾ ਜਾ ਸਕਦਾ ਹੈ।

ਜਦੋਂ ਕੋਈ ਕਮੀਨਾ ਵਿਅਕਤੀ ਵਿਚਾਰਾਂ ਦੀ ਜੰਗ ਵਿੱਚ ਅਸਫਲ ਹੋ ਜਾਵੇ ਤਾਂ ਫਿਰ ਉਹ ਹੋਛੀਆਂ ਤੇ ਕੋਝੀਆਂ ਹਰਕਤਾਂ 'ਤੇ ਉੱਤਰ ਆਉਂਦਾ ਹੈ। ਪੰਜਾਬ ਦੇ ਸੰਬੰਧ ਵਿੱਚ 1978 ਤੋ 1992 ਤੱਕ ਏਹੀ ਨੀਤੀ ਅਪਣਾ ਕੇ ਲੋਕਾਂ ਕੋਲ਼ੋਂ ਅਪੀਲ ਦਲੀਲ ਤੇ ਵਕੀਲ ਦਾ ਹੱਕ ਖੋਹਿਆ ਗਿਆ, ਕਥਿਤ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਨੌਜਵਾਨੀ ਦਾ ਘਾਣ ਕੀਤਾ ਗਿਆ, ਮਨੁੱਖੀ ਅਧਿਕਾਰਾਂ ਦੀ ਪੈਰਵਾਈ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਵਰਗੇ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਨੂੰ ਮਾਰ ਕੇ ਉਹਨਾ ਦੀਆਂ ਲਾਸ਼ਾਂ ਖੁਰਦ ਬੁਰਦ ਕੀਤੀਆਂ ਗਈਆਂ।

ਮਨੁੱਖੀ ਅਧਿਕਾਰਾਂ ਸਬੰਧੀ ਦਾ ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ' ਦਾ ਮੰਨਣਾ ਹੈ ਕਿ ਭਾਰਤ 'ਚ ਸਾਲ 2002 ਤੋਂ 2008 ਤੱਕ, ਰੋਜ਼ਾਨਾ ਪੁਲਿਸ ਹਿਰਾਸਤ ਦੌਰਾਨ ਚਾਰ ਵਿਅਕਤੀਆਂ ਦੀ ਮੌਤ ਹੁੰਦੀ ਰਹੀ, ਜਦੋਂ ਕਿ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੋਣ ਤੋਂ ਬਾਅਦ ਹੋਈਆਂ ਮੌਤਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ।

ਪ੍ਰਸ਼ਾਸਨਿਕ ਸੁਧਾਰਾਂ ਸਬੰਧੀ ਇਕ ਸੰਸਥਾ 'ਇੰਸਟੀਚਿਊਟ ਆਫ ਕੁਰੈਕਸ਼ਨਲ ਐਡਮਨਿਸਟ੍ਰੇਸ਼ਨ ਇਨ ਪੰਜਾਬ ਦੀ ਰਿਪੋਰਟ ਮੁਤਾਬਿਕ 50 ਫ਼ੀਸਦੀ ਪੁਲਿਸ ਅਧਿਕਾਰੀਆਂ ਵਲੋਂ ਕੈਦੀਆਂ 'ਤੇ ਸਰੀਰਕ ਜਾਂ ਮਾਨਸਿਕ ਤਸ਼ੱਦਦ ਆਮੂਮਨ ਕੀਤਾ ਜਾਂਦਾ ਹੈ। ਪਿੱਛੇ ਜਿਹੇ ਸੰਯੁਕਤ ਰਾਸ਼ਟਰ ਨੇ ਵੀ ਆਪਣੀ ਇਕ ਰਿਪੋਰਟ ਵਿਚ ਪੁਲਿਸ ਤਸ਼ੱਦਦ ਅਤੇ ਨਸਲਵਾਦ ਦੇ ਮਾਮਲੇ ਵਿੱਚ ਭਾਰਤ ਦੀ ਖਿਚਾਈ ਕੀਤੀ ਸੀ। ਰਿਪੋਰਟ ਨੇ ਭਾਰਤ ਵਿੱਚ ਪੁਲਿਸ ਤਸ਼ੱਦਦ ਸਮੇਤ ਘੱਟ-ਗਿਣਤੀਆਂ ਨੂੰ ਦਬਾਉਣ ਨਾਲ ਸਬੰਧਤ ਮਾਮਲਿਆਂ ਦਾ ਜ਼ਿਕਰ ਵੀ ਕੀਤਾ ਸੀ।

ਲੱਗਦੇ ਹੱਥ ਹੁਣ 18 ਮਾਰਚ 2023 ਤੋਂ ਬਾਅਦ ਪੰਜਾਬ ਵਿੱਚ ਪੈਦਾ ਕੀਤੇ ਜਾ ਹਾਲਾਤਾਂ ਦੀ ਵੀ ਗੱਲ ਕਰ ਹੀ ਲਈ ਜਾਵੇ ਤਾਂ ਬੇਹਤਰ ਹੈ। ਇਸ ਉਕਤ ਘਟਨਾ ਕ੍ਰਮ ਤੋਂ ਇਕ ਗੱਲ ਤਾਂ ਬਿਲਕੁਲ ਸ਼ਪੱਸ਼ਟ ਹੈ ਕਿ ਇਕ ਵਾਰ ਫਿਰ ਭਾਈ ਅੰਮਿਰਤਪਾਲ ਸਿੰਘ ਨੂੰ ਮੁੱਦਾ ਬਣਾ ਪੰਜਾਬ ਦੇ ਹਾਲਾਤਾਂ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੋਕਾਂ ਦੇ ਮੌਲਿਕ ਅਧਿਕਾਰਾਂ ਦਾ ਹਨਨ ਇਕ ਵਾਰ ਫੇਰ ਵੱਡੇ ਪੱਧਰ ਉੱਤੇ ਕੀਤਾ ਜਾ ਰਿਹਾ ਹੈ। ਬਿਨਾ ਕਿਸੇ ਕੇਸ ਮੁਕੱਦਮਿਆਂ ਜਾਂ ਦੋਸ਼ਾਂ ਦੇ ਨੌਜਵਾਨ ਜੇਹਲਾਂ ਵਿੱਚ ਸੁੱਟੇ ਜਾ ਚੁਕੇ ਹਨ, ਐਨ ਐਸ ਆਈ ਵਰਗੇ ਐਕਟ ਲਗਾ ਕੇ ਬਿਨਾਂ ਕਿਸੇ ਕਨੂੰਨੀ ਕਾਰਵਾਈ ਅਸਾਮ ਜੇਲ ਵਿੱਚ ਭੇਜੇ ਜਾ ਚੁਕੇ ਹਨ ਜਦ ਕਿ ਇਹ ਗੱਲ ਕੰਧ ਲਿਖਿਆ ਕੌੜਾ ਸੱਚ ਹੈ ਕਿ ਜ਼ੋਰ ਜ਼ਬਰਦਸਤੀ ਨਾਲ ਨਾ ਹੀ ਕਿਸੇ ਮਸਲੇ ਤਾਂ ਹੱਲ ਕੱਢਿਆ ਜਾ ਸਕਦਾ ਹੈ ਤੇ ਨਾ ਹੀ ਕਿਸੇ ਲੋਕ ਲਹਿਰ ਨੂੰ ਖਤਮ ਕੀਤਾ ਜਾ ਸਕਦਾ ਹੈ, ਹਾਂ ਥੋੜੇ ਸਮੇਂ ਵਾਸਤੇ ਦਬਾਇਆ ਜ਼ਰੂਰ ਜਾ ਸਕਦਾ ਹੈ। ਸੂਬੇ ਦੇ ਲੋਕਾਂ ਨੂੰ ਬਿਨਾਂ ਕਿਸੇ ਐਂਮਰਜੰਸੀ ਦੇ ਇਕ ਹਫ਼ਤੇ ਵਾਸਤੇ ਨੈਟਵਰਕ ਤੋ ਵਾਂਝਿਆਂ ਕਰਨਾ ਵੀ ਮਨੁੱਖੀ ਅਧਿਕਾਰੀ ਦੀ ਉਲੰਘਣਾ ਸੀ। ਬੀਤੇ ਦਿਨੀਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਇਮੀਗਰੇਸ਼ਨ ਅਤੇ ਪੰਜਾਬ ਪੁਲਿਸ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯੂਕੇ ਰਵਾਨਾ ਹੋਣ ਤੋਂ ਰੋਕ ਦਿੱਤਾ ਗਿਆ। ਤਿੰਨ ਤੋਂ ਚਾਰ ਘੰਟੇ ਦੇ ਕਰੀਬ ਚੱਲੀ ਪੁੱਛਗਿੱਛ ਮਗਰੋਂ ਉਸ ਨੂੰ ਵਾਪਸ ਪਿੰਡ ਜਲੂਪੁਰ ਖੇੜਾ ਸਥਿਤ ਘਰ ਭੇਜ ਦਿੱਤਾ ਗਿਆ।

ਜ਼ਿਲ੍ਹਾ ਦਿਹਾਤੀ ਪੁਲਿਸ ਅਤੇ ਵੱਖ ਵੱਖ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਨੇ ਲਗਪਗ ਤਿੰਨ ਤੋਂ ਚਾਰ ਘੰਟੇ ਉਸ ਕੋਲੋਂ ਪੁੱਛਗਿੱਛ ਕੀਤੀ। ਇਸ ਦੌਰਾਨ ਉਹ ਯੂਕੇ ਨਾ ਜਾ ਸਕੀ। ਸੁਰੱਖਿਆ ਏਜੰਸੀਆਂ ਨੇ ਕਿਰਨਦੀਪ ਕੌਰ ਨੂੰ ਯੂਕੇ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ। ਹਾਲਾਂਕਿ ਕਿਰਨਦੀਪ ਕੌਰ ਨੇ ਪੁੱਛਗਿੱਛ ਦੌਰਾਨ ਆਖਿਆ ਕਿ ਉਹ ਬਰਤਾਨਵੀ ਨਾਗਰਿਕ ਹੈ ਅਤੇ ਉਸ ਵਿਰੁੱਧ ਇਥੇ ਕੋਈ ਕੇਸ ਦਰਜ ਨਹੀਂ ਹੈ, ਪਰ ਇਸ ਦੇ ਬਾਵਜੂਦ ਉਸ ਨੂੰ ਯੂਕੇ ਜਾਣ ਤੋਂ ਰੋਕਿਆ ਗਿਆ ਹੈ। ਜੇਕਰ ਪੁਛਗਿੱਛ ਕਰਨੀ ਸੀ ,ਉਹ ਘਰ ਵਿਚ ਵੀ ਕੀਤੀ ਜਾ ਸਕਦੀ ਸੀ। ਉਸਦੀ ਖਜਲ ਖੁਆਰੀ ਕਿਉਂ ਕੀਤੀ ਗਈ ?

ਇਹ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਹੀ ਹੈ ਜੋ ਸਿੱਖਾਂ ਵਿੱਚ ਬੇਗਾਨਗੀ ਦਾ ਅਹਿਸਾਸ ਪੈਦਾ ਕਰਕੇ ਉਹਨਾ ਅੰਦਰ ਸਵੈ-ਨਿਰਣੈ ਦੇ ਅਧਿਕਾਰ ਦੀ ਮੰਗ ਨੂੰ ਦਿਨੋ ਦਿਨ ਪਰਚੰਡ ਕਰ ਰਹੀ ਹੈ। ਆਮ ਕਿਹਾ ਸੁਣਿਆ ਜਾਂਦਾ ਹੈ ਕਿ ਪੰਜਾਬ ਵਿੱਚ ਤਾਂ ਮਾਹੌਲ ਬਿਲਕੁਲ ਠੀਕ ਹੈ ਜਦ ਕਿ ਕੁਝ ਬਾਹਰਲੀਆਂ ਤਾਕਤਾਂ ਹੀ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ , ਪਰ ਅਸਲੀਅਤ ਇਹ ਹੈ ਕਿ ਬਹੁਤੇ ਪੰਜਾਬੀ ਪ੍ਰਦੇਸ਼ਾਂ ਵਿੱਚ ਨਾ ਹੀ ਖੁਸ਼ੀਨਾਮੇ ਜਾ ਕੇ ਵਸੇ ਹਨ ਤੇ ਨਾ ਉਹ ਹੁਣ ਆਇਲਟਾਂ ਵਗੈਰਾ ਕਰਕੇ ਖੁਸ਼ੀਨਾਮੇ ਜਾ ਰਹੇ ਹਨ, ਬਲਕਿ ਸੱਚ ਇਹ ਹੈ ਕਿ ਉਹ ਭਾਰਤ ਸਰਕਾਰ ਦੀਆ ਪੰਜਾਬ ਪ੍ਰਤੀ ਲਗਾਤਾਰ ਅਪਣਾਈਆਂ ਜਾ ਰਹੀਆਂ ਕੁਨੀਤੀਆਂ ਕਾਰਨ ਦੁਖੀ ਹੋ ਕੇ ਉਜੜਨ ਲਈ ਮਜਬੂਰ ਹੋਏ ਹਨ ਤੇ ਲਗਾਤਾਰ ਹੋ ਰਹੇ ਹਨ। ਇਹ ਉਹਨਾਂ ਉੱਜੜੇ ਹੋਏ ਨੌਜਵਾਨਾਂ ਦਾ ਰੋਹ ਤੇ ਰੋਸ ਹੀ ਹੈ ਜੋ ਭਾਰਤ ਵਿਰੁਧ ਰੋਸ ਵਿਖਾਵਾ ਕਰਦੇ ਹਨ।

ਇੱਥੇ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਸਵੈ ਨਿਰਣੈ ਦਾ ਅਧਿਕਾਰ ਮਨੁੱਖੀ ਅਜ਼ਾਦੀ, ਸੰਵਿਧਾਨਿਕ ਪਰਵਾਨਗੀ ਤੇ ਮੌਲਿਕ ਅਧਿਕਾਰਾਂ ਨਾਲ ਜੁੜਿਆ ਹੋਇਆ ਬੜਾ ਹੀ ਅਹਿਮ ਅਧਿਕਾਰ ਹੈ। ਜਦੋਂ ਵੀ ਦੇਸ਼ ਦੇ ਨਾਗਰਿਕਾਂ ਨਾਲ ਵਿਤਕਰਾ ਹੋਵੇਗਾ, ਇੱਕੋ ਹੀ ਬਜ਼ਾਰ ਵਿੱਚ ਇਕ ਹੀ ਵਸਤੂ ਦੇ ਦੋ ਭਾਅ ਹੋਣਗੇ, ਦੇਸ਼ ਦੇ ਨਾਗਰਿਕਾਂ ਦੀ ਰੰਗ, ਨਸਲ, ਧਰਮ ਤੇ ਜਾਤ ਦੇ ਅਧਾਰ ਤੇ ਵਰਗ ਵੰਡ ਕਰਕੇ ਉਹਨਾ ਨਾਲ ਪਹਿਲੇ, ਦੂਜੇ ਤੇ ਤੀਜੇ ਦਰਜੇ ਦੇ ਸ਼ਹਿਰੀਆ ਵਾਲਾ ਸਲੂਕ ਕੀਤਾ ਜਾਵੇਗਾ ਤਾਂ ਉੱਥੇ ਇਸ ਤਰ੍ਹਾਂ ਦੀਆਂ ਮੰਗਾਂ ਲਾਜ਼ਮੀ ਤੌਰ 'ਤੇ ਹੀ ਉੱਠਣਗੀਆਂ।

ਦੱਸ ਦੇਈਏ ਕਿ ਸਵੈ ਨਿਰਨੈ ਦੇ ਅਧਿਕਾਰ ਨੂੰ ਲੈ ਕੇ ਪਿਛਲੇ ਤਿੰਨ ਚਾਰ ਸਾਲ ਅੰਦਰ ਇਰਾਕ ਵਿੱਚ ਕੁਰਦਾਂ ਨੇ ਆਪਣਾ ਮੁਲਕ ਆਜ਼ਾਦ ਬਣਾਉਣ ਲਈ ਵੋਟ ਪਾਈ ਅਤੇ ਆਪਣਾ ਅਧਿਕਾਰ ਹਾਸਿਲ ਕੀਤਾ, ਇਸੇ ਤਰ੍ਹਾਂ ਸਪੇਨ ਅੰਦਰ ਕੈਟਾਲੋਨੀਆਂ ਦੇ ਲੋਕਾਂ ਨੇ ਆਪਣਾ ਸਵੈ ਨਿਰਣੈ ਦਾ ਹੱਕ ਵਰਤਦਿਆਂ ਹੋਇਆਂ ਆਪਣਾ ਅਜ਼ਾਦ ਮੁਲਕ ਬਣਾਉਣ ਲਈ ਵੋਟਾਂ ਦੇ ਅਧਿਕਾਰ ਦਾ ਇਸਤੇਮਾਲ ਕੀਤਾ ਹੈ, ਬੋਗਨਬਿਲੀਆ ਮੁਲਕ ਜੋ ਕਿ ਧੋਪਾ ਨਿਊਗਿਨੀ ਦੇ ਅਧਿਕਾਰ ਖੇਤਰ ਹੇਠਾਂ ਸੀ ਦੇ ਲੋਕਾਂ ਨੇ ਆਪਣਾ ਸਵੈ ਨਿਰਣੈ ਦਾ ਅਧਿਕਾਰ ਵਰਤਦਿਆਂ ਹੋਇਆਂ ਪੂਰਨ ਆਜ਼ਾਦੀ ਲਈ ਵੋਟਾਂ ਦੇ ਹੱਕ ਨੂੰ ਇਸਤੇਮਾਲ ਕੀਤਾ ਤੇ ਹੁਣ ਇਸ ਨਵੇਂ ਬਣੇ (ਬਾਕੀ ਸਫ਼ਾ 31 'ਤੇ)





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲੂਆ

ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿੱਚ ਸਰਦਾਰ ਹਰੀ ਸਿੰਘ ਨਲੂਆ ਇੱਕ ਮਹਾਨ ਜਰਨੈਲ ਸੀ। ਉਹ ਬੜਾ ਤੰਦਰੁਸਤ ਜਵਾਨ, ਸੁਡੌਲ ਸਰੀਰ, ਵਿਦਵਾਨ, ਉੱਚ ਆਚਰਣ, ਸਫ਼ਲ ਪ੍ਰਬੰਧਕ, ਦੂਰ ਅੰਦੇਸ਼ੀ ਅਤੇ ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1791 ਈ. ਵਿੱਚ ਗੁਜਰਾਂਵਾਲਾ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆ ਮਿਸਲ ਦੇ ਫ਼ੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੇ ਘਰ ਹੋਇਆ। ਅਜੇ ਆਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜ੍ਹਾਈ ਅਤੇ ਸ਼ਸ਼ਤਰ ਵਿਦਿਆ ਦਾ ਚੰਗਾ ਪ੍ਰਬੰਧ ਕੀਤਾ। ਆਪ ਗੁਰਮੁੱਖੀ ਅਤੇ ਫਾਰਸੀ ਦੇ ਜਾਣੂੰ ਸਨ। ਛੋਟੀ ਉਮਰ ਵਿੱਚ ਹੀ ਅੰਮ੍ਰਿਤ ਛੱਕ ਕੇ ਜੀਵਨ ਖ਼ਾਲਸਾ ਪੰਥ ਦੀ ਸੇਵਾ ਵਿੱਚ ਲਾ ਦਿਤਾ।

ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ, ਜਿਸ ਵਿੱਚ ਸੂਰਮੇ ਆਪਣੀ ਸ਼ਸ਼ਤਰ ਵਿਦਿਆ ਦੇ ਜੌਹਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ. ਦੇ ਸ਼ਾਹੀ ਦਰਬਾਰ ਵਿੱਚ ਸਰਦਾਰ ਹਰੀ ਸਿੰਘ ਜੀ ਨੇ ਵੀ ਸ਼ਸ਼ਤਰਾਂ ਦੇ ਜੰਗੀ ਜੋਹਰ ਦਿਖਾਏ। ਸੂਰਬੀਰ ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫ਼ੌਜ ਵਿੱਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ ’ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ ’ਤੇ ਟੁੱਟ ਪਿਆ। ਸੰਭਲਦਿਆਂ ਫੁਰਤੀ ਨਾਲ ਸ਼ੇਰ ਦੇ ਜਬਾੜੇ ਚੀਰਦਿਆਂ ਧਰਤੀ ’ਤੇ ਵਗਾਹ ਮਾਰਿਆ ਅਤੇ ਤਲਵਾਰ ਨਾਲ ਉਸਦਾ ਸਿਰ ਲਾਹ ਦਿਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰ ਦਿਲ ਸੈਨਾ ਟੁਕੜੀ ਵਿੱਚ ਸਰਦਾਰੀ ਦੇ ਦਿਤੀ ਅਤੇ ਨਾਉਂ ਦੇ ਨਾਲ ਨਲੂਆ ਜੋੜ ਦਿਤਾ।

ਜੰਗੀ ਮੁਹਿੰਮਾ ਦੇ 30 ਸਾਲ ਦੇ ਕਾਲ ਦੀ ਸ਼ੁਰੂਆਤ ਵਿੱਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿੱਚ ਕਸੂਰੀਆਂ ਨੇ ਭੱਜ ਕੇ ਕਿਲੇ ਵਿੱਚ ਪਨਾਹ ਲਈ। 18 ਫਰਵਰੀ 1807 ਨੂੰ ਕਿਲੇ ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰ ਦਿਲ ਸੈਨਾ ਨੇ ਨਵਾਬ ਅਤੇ ਉਸਦੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜਾ ਨੇ ਬੀਰਤਾ ਤੋਂ ਖੁਸ਼ ਹੋ ਕੇ 30,000 ਸਲਾਨਾ ਮੁੱਲ ਦੀ ਜਗੀਰ ਦੇ ਦਿਤੀ।

25 ਜਨਵਰੀ, 1810 ਨੂੰ ਨਵਾਬ ਮੁਜਫਰ ਖਾਨ ਨੇ ਮੁਲਤਾਨ ’ਤੇ ਚੜ੍ਹਾਈ ਕੀਤੀ। ਨਵਾਬ ਆਪਣੀ ਫ਼ੌਜ ਲੈ ਕੇ ਕਿਲੇ ਵਿੱਚ ਡੱਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਰੂਦ ਨਾਲ ਉਡਾਉਣ ਦਾ ਹੁਕਮ ਕਰ ਦਿਤਾ। ਸ੍ਰ. ਅਤਰ ਸਿੰਘ ਧਾਰੀ, ਸ੍ਰ. ਨਿਹਾਲ ਸਿੰਘ ਅਟਾਰੀ, ਸ੍ਰ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜਿਆ। ਸ੍ਰ. ਨਲੂਆ ਜ਼ਖ਼ਮੀ ਹੋ ਗਏ। ਸ੍ਰ. ਅ ਤਰ ਸਿੰਘ ਧਾਰੀ ਚੜ੍ਹਾਈ ਕਰ ਗਏ। ਖ਼ਾਲਸਾ ਫ਼ੌਜ ਕਿਲੇ ਵਿੱਚ ਜਾ ਵੜੀ। ਪਠਾਣਾ ਦੇ ਆਹੂ ਲਾਹ ਦਿਤੇ। ਪਠਾਣਾ ਨੇ ਵੀ ਅਗੋਂ ਡੱਟ ਕੇ ਮੁਕਾਬਲਾ ਕੀਤਾ ਪਰ ਖ਼ਾਲਸਾ ਅੱਗੇ ਟਿਕ ਨਾ ਸਕੇ। ਨਵਾਬ ਮੁਜਫਰ ਖਾਂ ਸ਼ਰਨ ਵਿੱਚ ਆ ਗਿਆ। ਇਸ ਮੌਕੇ ਨਲੂਆ ਦੀ ਬਹਾਦਰੀ ਅਤੇ ਜਗੀਰ ਵਿੱਚ 20 ਹਜ਼ਾਰ ਸਾਲਾਨਾ ਦਾ ਹੋਰ ਵਾਧਾ ਕੀਤਾ ਗਿਆ।

ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿਤਾ। ਕਾਬਲ ਤੋਂ ਵਜੀਰ ਫਤਹਿ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿੱਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿੱਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਗਾਂ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਕਿ ਜੇ ਤੁਸੀਂ ਸ਼ਾਹ, ਸੁਜ਼ਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਆਪ ਨੂੰ ਦੇਵੇਗੀ। ਮਹਾਰਾਜਾ ਨੇ ਸਥਿਤੀ ਤੇ ਗੌਰ ਕਰਦਿਆਂ, ਖ਼ਾਲਸਾ ਫ਼ੌਜ ਨੂੰ ਕਸ਼ਮੀਰ ’ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿਤਾ। ਸ੍ਰ. ਨਲੂਆ 12000 ਦੀ ਫ਼ੌਜ ਨਾਲ ਸ੍ਰੀ ਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ, ਪਰ ਟਿਕ ਨਾ ਸਕਿਆ। ਖ਼ਾਲੇ ਨੇ ਸ਼ੇਰਗੜੀ ’ਤੇ ਕਬਜਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖ਼ਾਲਸੇ ਨੇ ਵਜ਼ੀਰ ਫਤਹਿ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਮੰਗਿਆ ਤਾਂ ਬਹਾਨੇ ਲਾਉਣ ਲੱਗ ਪਿਆ। ਖ਼ਾਲਸਾ ਫ਼ੌਜਾਂ ਨੇ ਸ਼ਾਹ ਸੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿਤਾ। ਬੇਗਮ ਨੇ ਖੁਸ਼ ਹੋ ਕੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿਤਾ।



ਬਾਰਕਜ਼ਈ ਸਰਦਾਰਾਂ ਦੀ ਅਫਗਾਨਿਸਤਾਨ ਵਿੱਚ ਵੱਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹਾਂਦਾਦ ਨੇ ਬਾਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿਤਾ।

ਕਾਬਲ ਤੋਂ ਵਜ਼ੀਰ ਫਤਹਿ ਖਾਨ ਨੇ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫ਼ੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜਾਈ ਕਰ ਦਿਤੀ। ਸ੍ਰ. ਨਲੂਆ ਨਾਲ ਹਜਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖ਼ੂਨੀ ਝੜਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫ਼ੌਜ ਭੱਜ ਗਈ। 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1815 ਵਿੱਚ ਸ੍ਰ. ਨਲੂਆ ਦੀ ਫ਼ੌਜ ਨੇ ਰਜੋੜੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆਂ। ਉਥੋਂ ਨਜਰਾਨੇ ਵਸੂਲ ਕਰਕੇ ਫ਼ੌਜਾਂ ਮੁੜੀਆਂ। ਨਾਲ ਹੀ ਨਵਾਬ ਮੁਲਤਾਨ ਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤਾ। ਸੰਨ 1816 ਵਿੱਚ ਮੁੰਘੇਰ ਦੇ ਇਲਾਕੇ ਫਤਹਿ ਕਰਕੇ ਨਜ਼ਰਾਨੇ ਉਗਰਾਏ। ਇਹਨਾਂ ਜਿੱਤਾਂ ਨੂੰ ਮੁੱਖ ਰਖਕੇ ਮਹਾਰਾਜਾ ਨੇ ਗੁਜਰਾਂਵਾਲਾ ਦਾ ਇਲਾਕਾ ਸ੍ਰ. ਨਲੂਆਂ ਆਪਣੇ ਜਰਨੈਲਾਂ ਨਾਲ 25000 ਦੀ ਫ਼ੌਜ ਲੈ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿੱਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜੇ ਅੱਗੇ ਭੰਗੀਆਂ ਦੀ ਤੋਪ ਜਮਜਮਾਂ ਅ ਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿੱਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿੱਚ ਦਾਖਲ ਹੋਏ। ਮੁਲਤਾਨ ਦਾ ਨਵਾਬ ਮੁਜਫਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰਾਂ ਖ਼ਾਲਸਾ ਰਾਜ ਹੇਠ ਆ ਗਿਆ।

3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਫ਼ੌਜ ਨਾਲ ਸੁਪਈਆ ਦੇ ਮੈਦਾਨ ਵਿੱਚ ਜੰਗ ਹੋਈ। ਖ਼ਾਲਸੇ ਦੀ ਜਿੱਤ ਹੋਈ। ਜੁਲਾਈ 4, 1819 ਨੂੰ ਖ਼ਾਲਸਾ ਫ਼ੌਜਾਂ ਸ੍ਰੀਨਗਰ ਦਾਖਲ ਹੋਈਆਂ। ਇਸ ਨਾਲ ਕਸ਼ਮੀਰ ਖ਼ਾਲਸਾ ਰਾਜ ਵਿੱਚ ਸ਼ਾਮਲ ਹੋ ਗਿਆ। ਪਹਿਲਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਬਾਅਦ ਵਿੱਚ ਸ੍ਰ. ਨਲੂਆ ਨੂੰ ਗਵਰਨਰ ਬਣਾਇਆ। ਸ੍ਰ. ਨਲੂਆ ਦਾ ਸੁਚੱਜਾ ਪ੍ਰਬੰਧ ਦੇਖ ਕੇ ਮਹਾਰਾਜਾ ਨੇ ਆਪਣੇ ਨਾਮ ਦਾ ਸਿੱਕਾ ਚਲਾਉਣ ਚਲਾਉਣ ਦਾ ਅਧਿਕਾਰ ਦਿਤਾ।

ਨਵੰਬਰ 1821 ਵਿੱਚ ਮਹਾਰਾਜਾ ਦੀ ਫ਼ੌਜ ਨੇ ਮੂੰਗੇਰ ਅਤੇ ਡੇਰਾਜਾਤ ਤੇ ਚੜਾਈ ਕੀਤੀ। ਸ੍ਰ. ਨਲੂਆ ਦੀ ਫ਼ੌਜ ਵੀ ਕਸ਼ਮੀਰ ਤੋਂ ਚੱਲ ਪਈ। ਨਵੰਬਰ 9, 1821 ਦੇ ਦਿਨ ਮੰਗਲੀ ਘਾਟੀ ਵਿੱਚ ਪੱਖਲੀ ਪਿੰਡ ਵਿੱਚ 3000 ਤਨਾਵਲੀ ਦੀ ਫ਼ੌਜ ਨੇ ਰਾਹ ਰੋਕ ਲਿਆ। ਖ਼ਾਲਸਾ ਫ਼ੌਜਾਂ ਨੇ ਹਮਲਾ ਕਰ ਦਿਤਾ। ਮੇਘ ਸਿੰਘ ਰੂਸਾ ਦੇ ਜੱਥੇ ਨੇ ਮੈਦਾਨ ਵਿੱਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿੱਚ 2000 ਤਨਾਵਲੀਆਂ ਤੇ ਉਹਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ੍ਰ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ੍ਰ. ਨਲੂਆ ਮੁਜਫਰਬਾਦ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇ ਦਰਾ ਹਜ਼ਾਰੇ ਦੀ ਫ਼ੌਜ ਨੇ ਸ੍ਰ. ਨਲੂਆ ਦਾ ਸਮਾਨ ਲੁੱਟਣਾ ਚਾਹਿਆ । ਖ਼ਾਲਸੇ ਨੇ ਚੜਾਈ ਕਰ ਦਿਤੀ। 30 ਹਜਾਰ ਦੀ ਫ਼ੌਜ ’ਤੇ ਖ਼ਾਲਸੇ ਦੀ 7 ਹਜਾਰ ਫ਼ੌਜ ਨੇ ਜਿੱਤ ਪ੍ਰਾਪਤ ਕੀਤੀ।

ਸ੍ਰ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰੇ ਦੇ ਮੈਦਾਨੇ ਜੰਗ ਵਿੱਚ ਬੇਮਿਸਾਲ ਫਤਹਿ ਪਾਈ। ਸੰਨ 1834 ਈ. ਵਿੱਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲੱਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖ਼ਾਲਸਾ ਰਾਜ ਵਿੱਚ ਨਹੀਂ ਆ ਜਾਂਦੇ, ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ ਪਿਸ਼ਾਵਰ ਅਫਗਾਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿੱਚ ਮਿਲਾ ਦਿਤਾ ਜਾਵੇ। ਸ੍ਰ. ਨਲੂਆ ਅਤੇ ਕੰਵਰ ਨੌ ਨਿਹਾਲ ਸਿੰਘ ਨੂੰ ਪਿਸ਼ਾਵਰ ’ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 27, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖ਼ਾਲਸਾ ਫ਼ੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖ਼ਾਲਸਾ ਫ਼ੌਜ ਰੋਕਣ ਲਈ ਚਮਕਣੀ ਦੀ ਹੱਦ ’ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ।

ਖ਼ਾਲਸਾ ਫ਼ੌਜ ਪਹੁੰਚਣ ਤੇ ਭਿਅੰਕਰ ਗੋਲਾਬਾਰੀ ਹੋਈ। ਹਾਜ਼ੀਖਾਨ ਬੜੀ ਦਲੇਰੀ ਨਾਲ ਲੜਦਾ ਹੋਇਆ, ਸ੍ਰ. ਰਾਮ ਸਿੰਘ ਹਸਨਵਾਲੀਆਂ ਦੀ ਤਲਵਾਰ ਨਾਲ ਸਖ਼ਤ ਜਖ਼ਮੀ ਹੋ ਗਿਆ। ਅਫਗਵਾਨ ਡੱਟ ਕੇ ਲੜੇ ਪਰ ਖ਼ਾਲਸੇ ਸਾਹਮਣੇ ਟਿਕ ਨਾ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖ਼ਾਲਸੇ ਦੇ ਅਧੀਨ ਆ ਗਿਆ। ਸੱਤ ਸਦੀਆਂ ਤੋਂ ਪੰਜਾਬ ਦੇ ਕੱਟ ਚੁਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਖ਼ਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰ ਨੇ ਕਰਾਮਤੀ ਜਿਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ ਮੁਸਲਮਾਨਾਂ ਨੂੰ ਬਾਰਕਜਾਈਆ ਹੱਥੋਂ ਛੁਟਕਾਰਾ ਮਿਲਿਆ। ਜੋ ਉਹਨਾਂ ਨੂੰ ਬੜਾ ਤੰਗ ਕਰਦੇ ਸਨ।

30 ਅਪ੍ਰੈਲ 1837 ਨੂੰ ਸ੍ਰ. ਨਲੂਆ ਨੇ ਜਮਰੋਦ ਦੇ ਉਪਰ ਹਮਲਾ ਕੀਤਾ। ਅਫਗਾਨਾਂ ਨੂੰ ਭਾਜੜ ਪਾ ਦਿਤੀ। ਅਫਗਾਨ ਦੌੜ ਕੇ ਛਿੱਪ ਗਏ। ਸ੍ਰ. ਨਲੂਆਂ ਨੇ ਜਮਰੋਦ ਦੇ ਡੇਰੇ ਵਿੱਚ ਜਾਣ ਲਈ ਕਿਹਾ ਪਰ ਸ੍ਰ. ਨਿਸ਼ਾਨ ਸਿੰਘ ਪੰਜ ਹੱਥਾ ਦਰੇ ਦੇ ਅੰਦਰ ਚਲਾ ਗਿਆ। ਸ੍ਰ. ਨਲੂਆ ਨੇ ਉਸ ਨੂੰ ਜਾਂਦੇ ਵੇਖਿਆ ਤਾਂ ਉਸ ਨੂੰ ਬੁਲਾਉਣ ਲਈ ਗੁਫਾ ਵੱਲ ਵਧੇ। ਸ੍ਰ. ਅਜਾਇਬ ਸਿੰਘ ਗੁਫ਼ਾ ਵੱਲ ਵਧਿਆ ਤਾਂ ਛੁਪੇ ਹੋਏ ਅਫਗਾਨਾ ਨੇ ਸ੍ਰ. ਅਜਾਇਬ ਸਿੰਘ ਨੂੰ ਢੇਰੀ ਕਰ ਦਿਤਾ। ਜਦੋਂ ਸ੍ਰ. ਨਲੂਆ ਨੇ ਘੋੜਾ ਗੁਫਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚਲੀਆਂ, ਦੋ ਗੋਲੀਆਂ ਸ੍ਰ. ਨਲੂਆਂ ਦੇ ਵਜੀਆਂ, ਖ਼ਾਲਸਾ ਫ਼ੌਜ ਪਹੁੰਚੀ ਅਤੇ ਵੈਰੀਆਂ ਨੂੰ ਚੁਣ ਚੁਣ ਕੇ ਮਾਰਿਆ ਪਰ ਸ੍ਰ. ਨਲੂਆ ਜ਼ਖ਼ਮੀ ਹੋ ਚੁਕੇ ਸਨ।

ਸ੍ਰ. ਨਲੂਆ ਜਖ਼ਮੀ ਹੋਣ ਦੇ ਬਾਵਜੂਦ ਘੋੜਾ ਜਮਰੋਦ ਕਿਲੇ ਵੱਲ ਮੋੜ ਲਿਆ। ਬੜੇ ਹੌਂਸਲੇ ਨਾਲ ਕਿਲੇ ਵਿੱਚ ਪਹੁੰਚ ਗਏ। ਸ੍ਰ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ੍ਰ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਖ਼ਾਲਸੇ ਦੀ ਇੱਜ਼ਤ ਤੇ ਸ਼ਾਨ ਵਾਸਤੇ ਅੰਤਿਮ ਸਾਹਾਂ ਤਕ ਡੱਟੇ ਰਹਿਣ ਦੀ ਪ੍ਰੇਰਨਾ ਦਿਤੀ। ਮੇਰੀ ਮੌਤ ਦੀ ਖਬਰ ਗੁਪਤ ਰਖਣੀ ਇਸ ਨਾਲ ਖ਼ਾਲਸੇ ਦੀ ਫ਼ੌਜੀ ਸ਼ਕਤੀ ਬਰਕਰਾਰ ਰਹੇਗੀ। ਇਸਦੇ ਨਾਲ ਸਵਾਸ ਤਿਆਗ ਦਿਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ੍ਰ. ਮਹਾਂ ਸਿੰਘ ਨੇ ਸ੍ਰ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੋਦ ਦੇ ਕਿਲੇ ਵਿੱਚ ਸਸਕਾਰ ਕਰ ਦਿਤਾ। ਇਸ ਤਰਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖ਼ਾਲਸੇ ਨੂੰ ਅਰਪਣ ਕਰ ਦਿਤਾ।

ਅੰਤਿਕਾ :- ਸ੍ਰ. ਹਰੀ ਸਿੰਘ ਨਲੂਆ ਜੀ ਦੀ ਬਹਾਦਰੀ ਦੀ ਚਰਚਾ ਵਿੱਚ ਸੰਸਾਰ ਵਿੱਚ ਮਹਾਨ ਜਰਨੈਲਾਂ ਯੋਧਿਆਂ ਦਾ ਮੁਲਅੰਕਣ ਯਾਦ ਕੀਤਾ ਜਾਂਦਾ ਹੈ। ਉਨੀਵੀਂ ਸਦੀ ਦੇ ਬਰਤਾਨੀਆ ਦੇ ਛੱਪਦੇ ਅਖਬਾਰ ਟੀਆਈਟੀ-ਬੀਆਈਟੀਐਸ ਨੇ ਸੰਸਾਰ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਅ ’ਹੈ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦੇ ਹਨ, ਕੋਈ ਮਾਰਸ਼ਨ ਹੈਂਡਨਬਰਗ , ਲਾਰਡ ਕਿਚਨਰ,ਜਰਨੈਲ ਕਰੋਬਜ਼ੇ, ਡਯੂਕ ਵਾਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ਼ ਖਾਨ, ਰਿਚਰਡ ਤੇ ਅਲਾਉਦੀਨ ਪਰ ਉੱਤਰੀ ਭਾਰਤ ਵਿੱਚ ਸ੍ਰ. ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਅਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਬੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆਂ ਵਰਗੇ ਸਾਧਨ ਅਤੇ ਤੋਪਖਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆ ਸਕਦਾ ਸੀ। ਇਸ ਤੋਂ ਵੀ ਅੱਗੇ ਮਿਸਾਲ ਹੈ -ਪਠਾਨ, ਜਿੰਨਾਂ ਨੇ ਪਿਸ਼ੌਰ ਤੇ ਅੱਠ ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜ਼ਤ ਅਤੇ ਦੌਲਤ ਨੂੰ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪ੍ਰਛਾਵੇਂ ਤੋਂ ਡਰਦੇ ਸਨ। ਜਰਨੈਲ ਹਰੀ ਸਿੰਘ ਨਲੂਆ ਜੀ ਦਾ ਪਠਾਣਾ ਨਾਲ ਲੜਾਈਆਂ ਕਰਦਿਆਂ ਅਜਿਹਾ ਸਿੱਕਾ ਬੈਠਾ ਕਿ ਪਠਾਣ ਸਰਦਾਰ ਨਲੂਆ ਦੇ ਨਾਮ ਨੂੰ ਸੁਣ ਕੇ ਕੰਬ ਉਠਦੇ। ਪਠਾਣੀਆਂ ਬੱਚਿਆਂ ਨੂੰ ਜੇ ਰੋਣਾ ਬੰਦ ਨਾ ਕਰਦੇ ਤਾਂ ਇਹ ਕਹਿ ਕੇ ਚੁਪ ਕਰਵਾਉਂਦੀਆਂ “ ਚੁੱਪ ਸ਼ਾ ਬੱਚਿਆ! ਹਰੀਆ ਰਾਗਲੈ।” ਅਰਥਾਤ ਬੱਚਿਆ ਚੁੱਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਮ ਸੁਣ ਕੇ ਚੁੱਪ ਕਰ ਜਾਂਦੇ। ਅਜਿਹੀ ਧਾਕ ਸੀ ਸੂਰਬੀਰ ਜਰਨੈਲ ਸਿੰਘ ਸ੍ਰ. ਹਰੀ ਸਿੰਘ ਨਲੂਆ ਜੀ ਦੀ।

## ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ ਤੇ ਗੋਸ਼ਟੀ 29 ਅਪ੍ਰੈਲ ਨੂੰ

ਧਾਰਮਿਕ, ਵਿਦਿਅਕ, ਸਮਾਜਿਕ, ਵਿਵਹਾਰਕ, ਸੱਭਿਆਚਾਰਕ ਸੰਸਥਾਵਾਂ ਅਤੇ ਪਤਵੰਤਿਆਂ, ਕਾਰੋਬਾਰੀਆਂ ਦੀ ਹਾਜ਼ਰੀ ਵਿੱਚ, ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਛੇਵੀਂ ਪੁਸਤਕ ‘ਚੋਣਵੇਂ ਇਤਿਹਾਸਕ ਲੇਖ ’ਤੇ ਗੋਸ਼ਟੀ 29 ਅਪ੍ਰੈਲ ਨੂੰ ਸਵੇਰੇ 10.30 ਤੋਂ ਦੁਪਹਿਰ 2.30 ਵਜੇ ਤਕ ਹੋਵੇਗੀ। ਜਿਸ ਵਿੱਚ ਪੁਸਤਕ ਲੋਕ ਅਰਪਣ ਹੋਵੇਗੀ। ਇਸ ਗੋਸ਼ਟੀ ਵਿੱਚ ਮਨਜੀਤ ਕੌਰ ਸੇਖੋਂ, ਹਰਜਿੰਦਰ ਸਿੰਘ ਪੰਧੇਰ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਸ਼ਾਮਲ ਹੋਣਗੇ।

ਕਵੀ ਦਰਬਾਰ, ਪੰਜਾਬੀ ਗੀਤ ਸੰਗੀਤ, ਫਰੀਮੋਂਟ ਗੁਰਦੁਆਰਾ ਸਾਹਿਬ ਖ਼ਾਲਸਾ ਸਕੂਲ ਦੇ ਬੱਚਿਆਂ ਅਤੇ ਪੰਜਾਬੀ ਪੇਰੈਂਟ ਐਡਵਾਇਜ਼ਰੀ ਕੌਂਸਲ ਵੱਲੋਂ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਫੋਟੋ , ਪੁਸਤਕ ਪ੍ਰਦਰਸ਼ਨੀ ਹੋਵੇਗੀ। ਪੁਸਤਕ ਮੁਫਤ ਭੇਟ ਕੀਤੀ ਜਾਵੇਗੀ। ਦਾਖਲਾ ਮੁਫ਼ਤ ਅਤੇ ਸਿਰਫ਼ ਸੱਦਾ ਪੱਤਰ ਰਾਹੀਂ ਹੈ ਜਾਂ ਸੰਪਰਕ ਕਰੋ (510) 415-9377,(510)331-7564 ਅਤੇ (510)432-1389



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਿੰਘ ਸਭਾ ਲਹਿਰ ਦੇ ਪ੍ਰਮੁੱਖ ਪ੍ਰਚਾਰਕ ਗਿਆਨੀ ਦਿੱਤ ਸਿੰਘ


ਡਾ. ਗੁਰਵਿੰਦਰ ਸਿੰਘ
001-604-825-1550
(ਦਿੱਤ ਸਿੰਘ ਸਾਹਿਤ ਸਭਾ, ਕੈਨੇਡਾ)



ਜਿਹਦਾ ਨਾਮ ਲੈਂਦਿਆਂ ਹੀ ਦਿਲ ਵਿਚ ਜੋਸ਼ ਉਠੇ,
ਝੁਕ ਜਾਵੇ ਧੌਣ ਵੱਡੇ ਵੱਡੇ ਅਭਿਮਾਨੀ ਦੀ।
ਸੁੱਤੀ ਹੋਈ ਘੂਕ ਕੌਮ ਆਣ ਕੇ ਜਗਾਈ ਜੀਹਨੇ,
ਅਜ ਤਕ ਧੁੰਮ ਪਈ ਹੋਈ ਜਿਹਦੀ ਕਾਨੀ ਦੀ।
ਐਸਾ ਕੌਣ ਬੀਰ ਜੀਹ ਨੇ ਭਰਮ ਲੀਰ ਲੀਰ ਕੀਤੇ,
ਆਈ ਅਜ ਯਾਦ ਉਸ ਸਿੰਘ ਸਭਾ ਬਾਨੀ ਦੀ।
ਭਾਵੇਂ ਉਹ ਦੀ ਪਾਈ ਨਾ ਕਦਰ ਪੂਰੀ ਪੰਥ ਨੇ ਹੈ,
ਭਾਸੇ ਅਜ ਲੋੜ ਫੇਰ ਦਿੱਤ ਸਿੰਘ ਗਿਆਨੀ ਦੀ।

ਸਿੰਘ ਸਭਾ ਲਹਿਰ ਦੀ ਜਿਥੇ ਪੰਜਾਬ ਦੀ ਧਰਤੀ 'ਤੇ ਸਿੱਖੀ ਦੇ ਫੈਲਾਅ ਵਿੱਚ ਵਿਸ਼ੇਸ਼ ਭੂਮਿਕਾ ਹੈ, ਉੱਥੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਸਿੱਖ ਸਿਧਾਂਤਾਂ ਦੇ ਪ੍ਰਸਾਰ ਵਿੱਚ ਵੀ ਇਸ ਦੀ ਵੱਡਮੁੱਲੀ ਦੇਣ ਹੈ। ਸਿੰਘ ਸਭਾ ਲਹਿਰ ਦੇ ਪ੍ਰਮੁੱਖ ਪ੍ਰਚਾਰਕ ਗਿਆਨੀ ਦਿੱਤ ਸਿੰਘ ਦਾ ਜਨਮ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਨੰਦਪੁਰ ਕਲੌੜ ਦੇ ਮੂਲਨਿਵਾਸੀ ਦੀਵਾਨ ਸਿੰਘ ਦੇ ਘਰ ਮਾਈ ਰਾਮ ਕੌਰ ਦੀ ਕੁੱਖੋਂ 21 ਅਪ੍ਰੈਲ 1853 ਈ. (ਦੂਜਾ ਸਰੋਤ 1850 ਈ.) ਵਿੱਚ ਹੋਇਆ। ਨਿੱਕੀ ਉਮਰੇ ਆਪ ਜੀ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖਸ਼ ਦੇ ਡੇਰੇ ਤੋਂ ਸ੍ਵੈ ਅਧਿਐਨ ਸਦਕਾ ਗੁਰਬਾਣੀ ਸਮੇਤ ਹੋਰ ਗਿਆਨ ਹਾਸਲ ਕੀਤਾ। ਭਾਈ ਦਿੱਤ ਸਿੰਘ ਦਾ ਵਿਆਹ 1872 ਵਿੱਚ ਸਿੱਖ ਮਰਿਆਦਾ ਅਨੁਸਾਰ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਕੌਰ ਨਾਲ ਹੋਇਆ। ਬੀਬੀ ਬਿਸ਼ਨ ਕੌਰ ਦੇ ਜਿਮੀਂਦਾਰ ਪਰਿਵਾਰ ਅਤੇ ਗਿਆਨੀ ਦਿੱਤ ਸਿੰਘ ਦਾ ਮੂਲ ਨਿਵਾਸੀ (ਅਖੌਤੀ ਨੀਵੀਂ ਜਾਤ) ਦੇ ਪਰਿਵਾਰ ਦਾ, ਵਿਆਹ ਦੇ ਰੂਪ ਵਿੱਚ ਮੇਲ ਇਤਿਹਾਸਕ ਇਨਕਲਾਬ ਸੀ, ਜਿਸ ਦਾ ਉਸ ਵੇਲੇ ਵੀ ਕਾਫੀ ਵਿਰੋਧ ਹੋਇਆ।

ਸਿੰਘ ਸਭਾ ਲਾਹੌਰ ਦੇ ਮੋਢੀ ਅਤੇ ਉੱਘੇ ਵਿਦਵਾਨ ਪ੍ਰੋਫੈਸਰ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਗਿਆਨੀ ਦਿੱਤ ਸਿੰਘ ਅੰਮ੍ਰਿਤ ਛੱਕ ਕੇ ਸਿੰਘ ਸਜੇ। ਇੱਕ ਸਾਲ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤਾ। ਗਿਆਨੀ ਦਿੱਤ ਸਿੰਘ ਅਤੇ ਬੀਬੀ ਬਿਸ਼ਨ ਕੌਰ ਦੇ ਘਰ ਪੁੱਤਰ ਬਲਦੇਵ ਸਿੰਘ ਅਤੇ ਧੀ ਬੀਬਾ ਵਿਦਿਆਵੰਤੀ ਕੌਰ ਨੇ ਜਨਮ ਲਿਆ। ਗਿਆਨੀ ਦਿੱਤ ਸਿੰਘ ਜੀ ਨੇ ਜੀਵਨ ਭਰ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਉਨ੍ਹਾਂ ਸਿੱਖ ਸਿਧਾਂਤਾਂ ਨੂੰ ਬਿਆਨ ਕਰਦਿਆਂ ਬਹੁਤ ਸਾਰੀਆਂ ਵਡਮੁੱਲੀਆਂ ਕਿਤਾਬਾਂ ਲਿਖੀਆਂ।

ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ 10 ਨਵੰਬਰ 1880 ਨੂੰ ਲਾਹੌਰ ਤੋਂ ਹਫ਼ਤਾਵਾਰੀ ਗੁਰਮੁਖੀ ਅਖ਼ਬਾਰ, ਸ਼ੁੱਧ ਪੰਜਾਬੀ @ਚ ਆਰੰਭ ਕਰਕੇ, ਨਾ ਸਿਰਫ਼ ਧਾਰਮਿਕ ਅਤੇ ਸਮਾਜਿਕ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ, ਸਗੋਂ ਪੰਜਾਬੀ ਦੇ ਵਿਕਾਸ @ਚ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਆਪ @ਖ਼ਾਲਸਾ ਅਖ਼ਬਾਰ@ ਲਾਹੌਰ ਦੇ ਸੰਪਾਦਕ ਰਹੇ ਅਤੇ ਅਖਬਾਰ ਜ਼ਰੀਏ ਵੀ ਲੋਕਾਂ ਨੂੰ ਅੰਧ-ਵਿਸ਼ਵਾਸ, ਜਾਦੂ- ਟੂਣੇ, ਫੋਕਟ ਕਰਮ-ਕਾਂਡ ਤੋਂ ਸੁਚੇਤ ਕੀਤਾ। ਗਿਆਨੀ ਦਿੱਤ ਸਿੰਘ ਜੀ ਦੇ ਜ਼ਿਕਰ ਤੋਂ ਬਗੈਰ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਅਧੂਰਾ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਪੱਤਰਕਾਰੀ ਦੇ ਇਤਿਹਾਸਕਾਰਾਂ ਅਤੇ ਖੋਜੀਆਂ ਵੱਲੋਂ ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ ਦਾ ਜ਼ਿਕਰ ਕਰਨਾ ਵੀ ਮੁਨਾਸਬ ਨਹੀਂ ਸਮਝਿਆ ਜਾਂਦਾ। ਪੰਜਾਬੀ ਪੱਤਰਕਾਰੀ ਦੀ ਇਤਿਹਾਸਕਾਰੀ ਵਿੱਚ ਸਿੰਘ ਸਭਾ ਲਹਿਰ ਨਾਲ ਅਜਿਹਾ ਵਿਤਕਰਾ ਬੌਧਿਕ ਦੀਵਾਲੀਆਪਣ ਅਤੇ ਸਾਹਿਤਕ ਕੰਗਾਲੀ ਦਾ ਪ੍ਰਗਟਾਵਾ ਕਰਦਾ ਹੈ।

ਗਿਆਨੀ ਦਿੱਤ ਸਿੰਘ ਨੇ 'ਸਿੰਘ ਸਭਾ ਲਹਿਰ' ਰਾਹੀਂ ਪਖੰਡ ਖ਼ਤਮ ਕਰਨ ਲਈ ਦ੍ਰਿੜ੍ਹਤਾ ਨਾਲ ਲੰਮਾ ਸੰਘਰਸ਼ ਕੀਤਾ। ਆਪ ਜੀ ਦੇ ਮਹਾਨ ਗੁਣਾਂ ਵਿੱਚ ਇਹ ਅਹਿਮ ਪਹਿਲੂ ਸ਼ਾਮਲ ਹਨ ਕਿ ਇਕਵੰਜਾ ਸਾਲ ਦੀ ਉਮਰ @ਚ 70 ਤੋਂ ਵੱਧ ਕਿਤਾਬਾਂ ਅਤੇ ਟਰੈਕਟਰ ਲਿਖੇ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਦੇ ਮੋਢੀ ਮੈਂਬਰ ਬਣੇ। ਇਨ੍ਹਾਂ ਪੱਖਾਂ ਤੋਂ ਇਲਾਵਾ ਹੋਰਨਾਂ ਮਹੱਤਵਪੂਰਨ ਵਿਸ਼ੇਸ਼ਤਾਵਾਂ; ਜਾਤ -ਪਾਤ ਅਤੇ ਊਚ-ਨੀਚ ਦੇ ਸਿੱਖ ਸਮਾਜ 'ਚ ਵੀ ਵਿਤਕਰੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉੱਠਾਉਣ ਸਮੇਤ ਅਨੇਕਾਂ ਖੇਤਰਾਂ ਵਿੱਚ ਗਿਆਨੀ ਦਿੱਤ ਸਿੰਘ ਜੀ ਦੀ ਇਤਿਹਾਸਕ ਭੂਮਿਕਾ ਰਹੀ। 6 ਸਤੰਬਰ 1901 ਈ. ਨੂੰ ਧਰਮ-ਸੁਧਾਰ ਲਈ ਜੂਝਦਿਆਂ ਗਿਆਨੀ ਦਿੱਤ ਸਿੰਘ ਬਿਮਾਰੀ ਕਾਰਨ ਸਰੀਰਕ ਤੌਰ 'ਤੇ ਸਭ ਨੂੰ ਅਲਵਿਦਾ ਕਹਿ ਗਏ, ਪਰ ਵਿਚਾਰਧਾਰਕ ਪੱਖੋਂ ਉਹ ਹਮੇਸ਼ਾ ਹੀ ਜਿਉਂਦੇ ਹਨ।

ਸਿੱਖੀ ਦੇ ਵਿਰੋਧੀਆਂ ਨਾਲ ਜ਼ਬਰਦਸਤ ਟੱਕਰ ਲੈਂਦਿਆਂ ਗਿਆਨੀ ਦਿੱਤ ਸਿੰਘ ਜੀ ਨੇ ਦਿਯਾ ਨੰਦ ਨੂੰ ਵੱਖ- ਵੱਖ ਸੰਵਾਦ ਦੌਰਾਨ ਹਾਰ ਦਿੱਤੀ ਅਤੇ ਉਸ ਦੇ ਪਾਖੰਡ ਨੂੰ ਜੱਗ ਜ਼ਾਹਰ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਸਾਧੂ ਦਿਆਨੰਦ ਨੇ ਸਤਿਆਰਥ ਪ੍ਰਕਾਸ਼ ਵਿੱਚ ਅਪਮਾਨਿਤ ਸ਼ਬਦ ਲਿਖੇ ਸਨ; 'ਨਾਨਕ ਸ਼ਾਹ ਫਕੀਰ ਨੇ ਨਿਯਾ ਚਲਾਇਆ ਪੰਥ। ਇਧਰ ਉਧਰ ਸੇ ਜੋੜ ਕਰ ਲਿਖ ਡਾਲਾ ਇੱਕ ਗ੍ਰੰਥ।'

ਅੱਜ ਗਿਆਨੀ ਜੀ ਦਾ ਜਨਮ ਦਿਹਾੜਾ ਮਨਾਉਂਦੇ ਹੋਏ, ਉਨ੍ਹਾਂ ਦੁਆਰਾ ਦਿਆਨੰਦ ਦੇ ਗੁਰੂ ਸਾਹਿਬ ਖਿਲਾਫ ਕੀਤੇ ਭੰਡੀ ਪ੍ਰਚਾਰ ਨੂੰ ਰੱਦ ਕਰਨ ਲਈ ਉੱਦਮ ਨੂੰ ਜਾਰੀ ਰੱਖਦੇ ਹੋਏ, ਅਜਿਹੇ ਅਪਮਾਨਜਨਕ ਸ਼ਬਦ ਹਮੇਸ਼ਾ ਵਾਸਤੇ ਰੱਦ ਕੀਤੇ ਜਾਣ ਲਈ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ। ਸਾਧੂ ਦਿਯਾ ਨੰਦ ਨੇ ਗੁਰੂ ਨਾਨਕ ਸਾਹਿਬ ਸਬੰਧੀ ਜੋ ਸ਼ਬਦ @ਸਤਿਆਰਥ ਪ੍ਰਕਾਸ਼@ ਵਿੱਚ ਲਿਖੇ ਹਨ, ਉਨ੍ਹਾਂ ਨੂੰ ਸਮੁੱਚੀ ਸਿੱਖ ਕੌਮ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕਰਨ ਲਈ ਇੱਕਮੁੱਠ ਹੋਵੇ ਅਤੇ ਅਪਮਾਨਜਨਕ ਟਿੱਪਣੀਆਂ ਨੂੰ ਆਰੀਆ ਸਮਾਜ ਦੀ ਅਖੌਤੀ ਲਿਖਤ ਵਿੱਚੋਂ ਰੱਦ ਕੀਤਾ ਜਾਏ। ਇਸ ਉੱਦਮ ਲਈ ਆਨਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਜਾਏ ਅਤੇ ਲਿਖਤੀ ਰੂਪ ਦੇ ਵਿੱਚ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਤੋਂ ਵੀ ਜ਼ੋਰਦਾਰ ਕਦਮ ਉਠਾਉਣ ਦੀ ਮੰਗ ਕੀਤੀ ਜਾਵੇ, ਜੋ ਕਿ ਮਨੂੰਵਾਦੀ ਅਤੇ ਸਨਾਤਨੀ ਪ੍ਰਭਾਵ ਹੇਠ ਸਿੱਖ ਵਿਰੋਧੀ ਤਾਕਤਾਂ ਪ੍ਰਤੀ ਕਦਮ ਉਠਾਉਣ ਤੋਂ ਕੰਨੀ ਕਤਰਾਉਂਦੀਆਂ ਆ ਰਹੀਆਂ ਹਨ।

ਗਿਆਨੀ ਦਿੱਤ ਸਿੰਘ ਦੁਆਰਾ ਆਰੰਭੀ ਸਿੰਘ ਸਭਾ ਲਹਿਰ ਜਾਰੀ ਰੱਖਣ ਅਤੇ ਸਿੱਖ ਵਿਰੋਧੀ ਤਾਕਤਾਂ ਖਿਲਾਫ਼ ਡਟਣ ਲਈ ਅਜਿਹੇ ਉੱਦਮ ਦੀ ਸਖ਼ਤ ਜ਼ਰੂਰਤ ਹੈ। ਇਸ ਗੱਲ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਵਾਮੀ ਦਯਾਨੰਦ ਦੇ ਨਾਮ @ਤੇ ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਥਾਂ-ਥਾਂ ਸਕੂਲ, ਕਾਲਜ ਹਨ ਪਰ ਅੱਜ ਇਹ ਸਿੱਖ ਕੌਮ ਲਈ ਬਹੁਤ ਵੱਡੀ ਬੌਧਿਕ ਚੁਣੌਤੀ ਹੈ ਕਿ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੇ ਨਾਂ 'ਤੇ ਸਕੂਲ, ਕਾਲਜ ਤਾਂ ਕੀ ਹੋਣੇ ਹਨ, ਬਲਕਿ ਬਹੁਤੇ ਸਿੱਖ ਤਾਂ ਉਹਨਾਂ ਬਾਰੇ ਜਾਣਦੇ ਵੀ ਨਹੀਂ ਹਨ। ਦੁੱਖ ਦੀ ਗੱਲ ਇਹ ਹੈ ਕਿ ਜਿਹੜੇ ਸਿੱਖੀ ਦੇ ਅਸਲੀ ਅਨਮੋਲ ਰਤਨ ਸਨ, ਉਨ੍ਹਾਂ ਨੂੰ ਸਿੱਖਾਂ ਨੇ ਹੀ ਭੁਲਾ ਦਿਤਾ। ਸਿੰਘ ਸਭਾ ਲਹਿਰ ਚਲਾ ਕੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦਿਆਂ ਸਿੱਖੀ ਦਾ ਬੇੜਾ ਬਚਾਇਆ ਸੀ, ਉਨ੍ਹਾਂ ਅਣਮੁੱਲੇ ਰਤਨਾਂ ਦੀ ਕੌਮ ਨੇ ਕੋਈ ਕਦਰ ਨਾ ਕੀਤੀ। ਪੰਥ ਰਤਨ ਗਿਆਨੀ ਦਿੱਤ ਸਿੰਘ ਸਮੇਤ ਇਹ ਸਾਰੇ ਉਹ ਯੋਧੇ ਹੋਏ ਨੇ ਜਿਨ੍ਹਾਂ ਨੇ ਸਿੱਖੀ ਨੂੰ ਮਨੂਵਾਦ ਅਤੇ ਬਿਪਰਵਾਦ ਦੇ ਦਲਦਲ ਵਿੱਚ ਧਸਣ ਤੋਂ ਬਚਾਇਆ ਸੀ, ਅੱਜ ਅਸੀਂ ਇਹਨਾਂ ਅਣਮੁਲੇ ਹੀਰਿਆਂ ਨੂੰ ਵਿਸਾਰ ਦਿਤਾ ਹੈ। ਡੇਢ ਸੌ ਸਾਲ ਪਹਿਲਾਂ ਪੈਦਾ ਹੋਈ ਸਿੰਘ ਸਭਾ ਲਹਿਰ ਰਾਹੀਂ ਗਿਆਨੀ ਦਿੱਤ ਸਿੰਘ ਨੇ ਆਪਣੇ ਸਮਿਆਂ ਵਿੱਚ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਆਉ ! ਸਿੰਘ ਸਭਾ ਲਹਿਰ ਦੀ ਪੁਨਰ-ਸੁਰਜੀਤੀ ਲਈ ਲਾਮਬੰਦ ਹੋਈਏ ਅਤੇ ਸਿੱਖੀ ਪ੍ਰਚਾਰ ਪ੍ਰਸਾਰ ਪੰਜਾਬੀ ਬੋਲੀ ਦੀ ਤਰੱਕੀ ਲਈ ਵਚਨਬੱਧ ਹੋਈਏ। ਗਿਆਨੀ ਦਿੱਤ ਜੀ ਦੇ ਜਨਮ ਦਿਨ ਦੀਆਂ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਵੱਲੋਂ ਬਹੁਤ ਮੁਬਾਰਕਾਂ। ਇਸ ਤੋਂ ਇਲਾਵਾ ਮਨੂਵਾਦੀ ਵਿਰੋਧੀ ਫਰੰਟ ਕੈਨੇਡਾ ਵੱਲੋਂ ਗਿਆਨੀ ਜੀ ਦੇ ਉੱਚ ਜਾਤੀਆਂ ਦੀ ਨਫਰਤ ਵਿਰੋਧੀ ਸੰਘਰਸ਼ ਨੂੰ ਵਾਰ- ਵਾਰ ਪ੍ਰਣਾਮ !





# ਸਿਹਤ ਸੰਭਾਲ

# ਤੇਜ਼ੀ ਨਾਲ ਹੀਮੋਗਲੋਬਿਨ ਵਧਾਉਣ ਲਈ ਚੰਗੇ ਹਨ ਇਹ ਫਲ





ਸਰੀਰ 'ਚ ਖੂਨ ਦੀ ਕਮੀ ਕਾਰਨ ਸਾਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ 'ਚ ਖਾਸ ਤੌਰ 'ਤੇ ਆਇਰਨ ਅਤੇ ਆਕਸੀਜਨ ਦਾ ਪੱਧਰ ਘੱਟ ਹੋਣ ਲੱਗਦਾ ਹੈ। ਇੰਨਾ ਹੀ ਨਹੀਂ ਪੀਰੀਅਡ ਦੇ ਦੌਰਾਨ ਚਮੜੀ ਦਾ ਪੀਲਾ ਹੋਣਾ, ਤੇਜ਼ ਸਾਹ ਲੈਣਾ, ਚੱਕਰ ਆਉਣਾ ਅਤੇ ਔਰਤਾਂ ਨੂੰ ਸਭ ਤੋਂ ਜ਼ਿਆਦਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ, ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ, ਅਸੀਂ ਇੱਥੇ ਉਨ੍ਹਾਂ 8 ਕਿਸਮਾਂ ਦੇ ਫਲਾਂ ਬਾਰੇ ਜਾਣਕਾਰੀ ਲੈ ਕੇ ਆਏ ਹਾਂ, ਜੋ ਤੁਹਾਡੇ ਸਰੀਰ ਵਿੱਚ ਹੀਮੋਗਲੋਬਿਨ ਨੂੰ ਤੇਜ਼ੀ ਨਾਲ ਵਧਾਉਣ ਦਾ ਕੰਮ ਕਰਨਗੇ।

ਆਓ ਜਾਣਦੇ ਹਾਂ ਉਨ੍ਹਾਂ 8 ਫਲਾਂ ਬਾਰੇ–

1. ਕੇਲਾ– ਜੇਕਰ ਤੁਸੀਂ ਸਰੀਰ 'ਚ ਹੀਮੋਗਲੋਬਿਨ ਦੀ ਕਮੀ ਮਹਿਸੂਸ ਕਰ ਰਹੇ ਹੋ ਤਾਂ ਤੁਹਾਨੂੰ ਕੇਲੇ ਦਾ ਸ਼ਹਿਦ ਜਾਂ ਆਂਵਲੇ ਦੇ ਰਸ ਦੇ ਨਾਲ ਸੇਵਨ ਕਰਨਾ ਚਾਹੀਦਾ ਹੈ, ਤੁਹਾਡਾ ਹੀਮੋਗਲੋਬਿਨ ਲੈਵਲ ਵਧਾਇਆ ਜਾ ਸਕਦਾ ਹੈ।

2 ਅਨਾਰ– ਅਨੀਮੀਆ ਹੋਣ 'ਤੇ ਅਨਾਰ ਦੇ ਬੀਜ ਰੋਜ਼ਾਨਾ ਖਾਣੇ ਚਾਹੀਦੇ ਹਨ, ਜੂਸ ਨਹੀਂ ਪੀਣਾ ਚਾਹੀਦਾ। ਡਾਕਟਰ ਵੀ ਅਨਾਰ ਦੇ ਬੀਜਾਂ ਦਾ ਸੇਵਨ ਕਰਨ ਦੀ ਸਲਾਹ ਦਿੰਦੇ ਹਨ। ਅਨਾਰ ਖਾਣ ਜਾਂ ਜੂਸ ਪੀਣ ਨਾਲ ਵੀ ਬਦਹਜ਼ਮੀ ਦੀ ਸਮੱਸਿਆ ਠੀਕ ਹੋ ਜਾਂਦੀ ਹੈ।

3. ਅਮਰੂਦ— ਪੱਕੇ ਹੋਏ ਅਮਰੂਦ ਨੂੰ ਖਾਣ ਨਾਲ ਸਰੀਰ 'ਚ ਖੂਨ ਦਾ ਪੱਧਰ ਠੀਕ ਰਹਿੰਦਾ ਹੈ। ਔਰਤਾਂ ਲਈ ਪਕਾਇਆ ਹੋਇਆ ਜੈਮ ਖਾਣਾ ਵੀ ਫਾਇਦੇਮੰਦ ਮੰਨਿਆ ਜਾਂਦਾ ਹੈ। ਪੱਕੇ ਹੋਏ ਜਾਮਫਲ ਨੂੰ ਖਾਣ ਨਾਲ ਸਰੀਰ 'ਚ ਹੀਮੋਗਲੋਬਿਨ ਦੀ ਕਮੀ ਨਹੀਂ ਹੁੰਦੀ ਹੈ। ਇਸ ਲਈ ਇਸ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

4. ਨਾਰੀਅਲ ਪਾਣੀ– ਖੂਨ ਦੀ ਕਮੀ ਦੇ ਕਾਰਨ ਤੁਹਾਡੇ ਵਾਲ ਵੀ ਝੜਨੇ ਸ਼ੁਰੂ ਹੋ ਜਾਂਦੇ ਹਨ। ਅਜਿਹੇ 'ਚ ਨਾਰੀਅਲ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਕਾਰਨ ਹੀਮੋਗਲੋਬਿਨ ਦਾ ਪੱਧਰ ਠੀਕ ਰਹਿੰਦਾ ਹੈ ਅਤੇ ਵਾਲਾਂ ਦਾ ਝੜਨਾ ਵੀ ਘੱਟ ਹੁੰਦਾ ਹੈ।

5. ਤਰਬੂਜ– ਤਰਬੂਜ 'ਚ ਬਹੁਤ ਸਾਰੇ ਪੋਸ਼ਕ ਤੱਤ ਹੁੰਦੇ ਹਨ। ਇੰਨਾ ਹੀ ਨਹੀਂ ਇਸ ਵਿੱਚ 91% ਪਾਣੀ ਅਤੇ 6% ਚੀਨੀ ਹੁੰਦੀ ਹੈ। ਨਾਲ ਹੀ ਇਸ ਵਿੱਚ ਚਰਬੀ ਵੀ ਬਹੁਤ ਘੱਟ ਹੁੰਦੀ ਹੈ। ਇਸ ਲਈ ਤਰਬੂਜ ਖਾਣ ਨਾਲ ਤੁਹਾਨੂੰ ਵਿਟਾਮਿਨ ਬੀ6, ਵਿਟਾਮਿਨ ਸੀ ਅਤੇ ਵਿਟਾਮਿਨ ਏ, ਐਂਟੀਆਕਸੀਡੈਂਟ, ਅਮੀਨੋ ਐਸਿਡ, ਲਾਇਕੋਪੀਨ ਅਤੇ ਪੋਟਾਸ਼ੀਅਮ ਮਿਲਦਾ ਹੈ। ਜੋ ਤੁਹਾਡੇ ਲਈ ਫਾਇਦੇਮੰਦ ਹੈ।

6. ਸਟ੍ਰਾਬੇਰੀ– ਸਟ੍ਰਾਬੇਰੀ ਇੱਕ ਬਹੁਤ ਹੀ ਖਾਸ ਫਲ ਹੈ, ਇਸ ਵਿੱਚ ਫਾਈਬਰ, ਵਿਟਾਮਿਨ, ਉੱਚ ਪੱਧਰੀ ਐਂਟੀਆਕਸੀਡੈਂਟ ਪਾਏ ਜਾਂਦੇ ਹਨ। ਇੰਨਾ ਹੀ ਨਹੀਂ ਇਹ ਫਾਇਦੇਮੰਦ ਹੈ ਕਿਉਂਕਿ ਇਹ ਫੈਟ, ਕੋਲੈਸਟ੍ਰੋਲ ਅਤੇ ਸੋਡੀਅਮ ਫਰੀ ਹੈ।

7. ਅੰਜੀਰ— 3 ਅੰਜੀਰਾਂ ਨੂੰ ਦੁੱਧ 'ਚ ਉਬਾਲ ਕੇ ਪੀਣ ਨਾਲ ਹੀਮੋਗਲੋਬਿਨ ਤੇਜ਼ੀ ਨਾਲ ਵਧਦਾ ਹੈ। ਇਹ ਖੂਨ ਵਧਾਉਣ ਦਾ ਬਹੁਤ ਵਧੀਆ ਸਰੋਤ ਮੰਨਿਆ ਜਾਂਦਾ ਹੈ। ਇਸ ਵਿੱਚ ਵਿਟਾਮਿਨ ਬੀ1, ਬੀ2, ਏ, ਮੈਂਗਨੀਜ਼, ਕਲੋਰੀਨ ਸੋਡੀਅਮ, ਪੋਟਾਸ਼ੀਅਮ, ਆਇਰਨ, ਫਾਸਫੋਰਸ, ਕੈਲਸ਼ੀਅਮ ਆਦਿ ਪਾਏ ਜਾਂਦੇ ਹਨ। ਇਸ ਲਈ ਇਸ ਦੇ ਸੇਵਨ ਨਾਲ ਪੱਧਰ ਨੂੰ ਵਧਾਇਆ ਜਾ ਸਕਦਾ ਹੈ।

8. ਸੇਬ– ਅਨੀਮੀਆ ਰੋਗ 'ਚ ਸੇਬ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਇਸ ਲਈ, ਘੱਟ ਹੀਮੋਗਲੋਬਿਨ ਦੀ ਸਥਿਤੀ ਵਿੱਚ, ਇਸਦਾ ਸੇਵਨ ਕਰਨ ਨਾਲ ਸਰੀਰ ਵਿੱਚ ਹੀਮੋਗਲੋਬਿਨ ਦਾ ਪੱਧਰ ਵਧਦਾ ਹੈ।

# First Aid (ਮੁਢਲੀ ਡਾਕਟਰੀ ਸਹਾਇਤਾ) ਬਾਰੇ ਜਾਣਕਾਰੀ ਹੋਣੀ ਜ਼ਰੂਰੀ

ਵਿਚਿਤਰਾ ਅਗਰਵਾਲ



ਹਰ ਦਿਨ ਸੜਕਾਂ 'ਤੇ ਅਨੇਕਾਂ ਹਾਦਸੇ ਵਾਪਰਦੇ ਹਨ ਅਤੇ ਇਹਨਾਂ ਹਾਦਸਿਆਂ ਵਿੱਚ ਅਕਸਰ ਕਈ ਲੋਕ ਜ਼ਖਮੀ ਵੀ ਹੋ ਜਾਂਦੇ ਹਨ। ਜ਼ਖ਼ਮੀ ਵਿਅਕਤੀ ਨੂੰ ਤੁਰੰਤ ਮੁੱਢਲੀ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ ਤਾਂ ਕਿ ਐਂਬੂਲੈਂਸ ਦੇ ਆਉਣ ਤੋਂ ਪਹਿਲਾਂ ਉਸਦੀ ਜਾਨ ਬਚਾਈ ਜਾ ਸਕੇ। ਇਸ ਲਈ ਹਰ ਵਿਅਕਤੀ ਨੂੰ ਫਸਟ ਏਡ ਜਾਂ ਮੁੱਢਲੀ ਡਾਕਟਰੀ ਸਹਾਇਤਾ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ।

ਕਿਸੇ ਵੀ ਬਿਮਾਰੀ, ਸੱਟ, ਜਾਂ ਦੁਰਘਟਨਾ ਲਈ ਡਾਕਟਰ ਜਾਂ ਐਂਬੂਲੈਂਸ ਦੇ ਆਉਣ ਤੋਂ ਪਹਿਲਾਂ ਜੋ ਰਾਹਤ ਕਾਰਜ, ਇਲਾਜ ਕੀਤਾ ਜਾਂਦਾ ਹੈ ਉਸ ਨੂੰ ਫਸਟ ਏਡ ਕਿਹਾ ਜਾਂਦਾ ਹੈ।ਇਸ ਇਲਾਜ ਦੌਰਾਨ ਵਰਤੇ ਜਾਣ ਵਾਲੇ ਔਜ਼ਾਰਾਂ ਨੂੰ ਫਸਟ ਏਡ ਕਿੱਟ ਕਿਹਾ ਜਾਂਦਾ ਹੈ।

ਫਸਟ ਏਡ ਦੇ 3 ਉਦੇਸ਼ ਹਨ:–

(1) ਜੀਵਨ ਦੀ ਰੱਖਿਆ ਦਾ ਅਰਥ ਹੈ ਜੀਵਨ ਸੁਰੱਖਿਆ। ਮੁੱਢਲੀ ਸਹਾਇਤਾ ਦਾ ਮੁੱਖ ਉਦੇਸ਼ ਮਰੀਜ਼/ਬਿਮਾਰ/ਜ਼ਖਮੀ ਵਿਅਕਤੀ ਦੀ ਜਾਨ ਬਚਾਉਣਾ ਹੈ।

(2) ਹੋਰ ਨੁਕਸਾਨ ਨੂੰ ਰੋਕਣਾ, ਜਿਸਦਾ ਅਰਥ ਹੈ ਸਥਿਤੀ ਨੂੰ ਵਿਗੜਨ ਤੋਂ ਬਚਾਉਣਾ। ਇਸ ਦੇ ਲਈ ਬਾਹਰੀ ਅਤੇ ਅੰਦਰੂਨੀ ਸਥਿਤੀ ਨੂੰ ਕਾਬੂ ਵਿਚ ਰੱਖਣਾ ਜ਼ਰੂਰੀ ਹੈ। ਇਸ ਲਈ, ਬਾਹਰੀ ਤੌਰ 'ਤੇ ਮਰੀਜ਼/ਜ਼ਖਮੀ ਨੂੰ ਉਸ ਦੇ ਦੁੱਖ ਜਾਂ ਦਰਦ (ਖਾਸ ਕਰਕੇ ਦੁਰਘਟਨਾ/ਕੁਦਰਤੀ ਆਫ਼ਤ ਦੀ ਸਥਿਤੀ ਵਿਚ) ਦੇ ਕਾਰਨ ਜਾਂ ਕਾਰਨ ਤੋਂ ਦੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਅੰਦਰੂਨੀ ਤੌਰ 'ਤੇ ਉਸ ਦੀ ਸਰੀਰਕ ਅਤੇ ਮਾਨਸਿਕ ਸਥਿਤੀ ਨੂੰ ਵਿਗੜਨ ਤੋਂ ਬਚਾਇਆ ਜਾਣਾ ਚਾਹੀਦਾ ਹੈ।







(3) ਰਿਕਵਰੀ ਨੂੰ ਉਤਸ਼ਾਹਿਤ ਕਰਨ ਦਾ ਮਤਲਬ ਹੈ ਰੋਗ ਮੁਕਤ ਹੋਣ ਵਿੱਚ ਮਦਦ ਕਰਨਾ। ਫਸਟ ਏਡ ਦਾ ਅੰਤਮ ਉਦੇਸ਼ ਦਵਾਈ ਅਤੇ ਮੱਲ੍ਹਮ ਦੇ ਕੇ ਮਰੀਜ਼ ਨੂੰ ਤੰਦਰੁਸਤ ਅਤੇ ਪੂਰੀ ਤਰ੍ਹਾਂ ਤੰਦਰੁਸਤ ਬਣਾਉਣਾ ਹੈ।

ਮੁਢਲੀ ਸਹਾਇਤਾ ਸ਼ੁਰੂ ਕਰਨ 'ਤੇ, ਸਭ ਤੋਂ ਪਹਿਲਾਂ, ਮਰੀਜ਼/ਜ਼ਖਮੀ ਦੀ ਜਾਂਚ ਕਰਨ ਲਈ 3 ਚੀਜ਼ਾਂ ਨੂੰ ਮਹੱਤਵ ਦਿੱਤਾ ਜਾਂਦਾ ਹੈ, ਜਿਸ ਨੂੰ ਸੰਖੇਪ ਰੂਪ ਵਿੱਚ ਫਸਟ ਏਡ ਦੇ 123 ਵਜੋਂ ਜਾਣਿਆ ਜਾਂਦਾ ਹੈ। ਇਹ ਹਨ:

ਏ–ਏਅਰਵੇਅ : ਏਅਰਵੇਅ ਫਸਟ ਏਡ ਦਾ ਪਹਿਲਾ ਉਦੇਸ਼ ਜ਼ਿੰਦਗੀ ਬਚਾਉਣ ਨਾਲ ਸਬੰਧਤ ਹੈ।ਕਿਸੇ ਦੀ ਜਾਨ ਬਚਾਉਣ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਉਸ ਦੀ ਸਾਹ ਨਾਲੀ ਵਿੱਚ ਕੋਈ ਰੁਕਾਵਟ ਨਾ ਹੋਵੇ।

ਬੀ–ਸਾਹ ਲੈਣਾ: ਸਾਹ ਨਾਲੀ ਦੀ ਜਾਂਚ ਕਰਨ ਤੋਂ ਬਾਅਦ, ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਮਰੀਜ਼/ਜ਼ਖਮੀ ਹੋਸ਼ ਵਿੱਚ ਹੈ ਅਤੇ ਸਾਹ ਲੈਣ ਵਿੱਚ ਕੋਈ ਮੁਸ਼ਕਲ ਨਹੀਂ ਹੈ।

ਸੀ–ਸਰਕੂਲੇਸ਼ਨ: ਅੰਤ ਵਿੱਚ, ਇਹ ਦੇਖਿਆ ਜਾਂਦਾ ਹੈ ਕਿ ਮਰੀਜ਼/ਜ਼ਖਮੀ ਦਾ ਖੂਨ ਸੰਚਾਰ ਹੋ ਰਿਹਾ ਹੈ ਜਾਂ ਨਹੀਂ, ਜਿਸ ਲਈ ਉਸਦੀ ਨਬਜ਼ ਦੀ ਦਰ ਦੀ ਨਿਗਰਾਨੀ ਕੀਤੀ ਜਾਂਦੀ ਹੈ।

ABC ਦੀ ਜਾਂਚ ਕਰਨ ਤੋਂ ਬਾਅਦ, 3 ਬੀ ਦੇ ਸਾਹ, ਖੂਨ ਵਹਿਣ, ਹੱਡੀਆਂ ਵੱਲ ਧਿਆਨ ਦਿੱਤਾ ਜਾਂਦਾ ਹੈ ਅਤੇ ਫਿਰ ਸਥਿਤੀ ਦੇ ਅਨੁਸਾਰ ਇਲਾਜ ਕੀਤਾ ਜਾਂਦਾ ਹੈ.

ਫ੍ਰੈਕਚਰ, ਹੱਡੀਆਂ ਦਾ ਉਜਾੜਾ, ਜ਼ਹਿਰ, ਕੱਟ ਅਤੇ ਜ਼ਖ਼ਮ, ਜਲਣ, ਖੂਨ ਵਹਿਣਾ, ਗਰਮੀ ਦਾ ਦੌਰਾ, ਠੰਡ ਦੀ ਲਹਿਰ, ਸਾਹ ਘੁੱਟਣਾ, ਜਾਨਵਰ ਅਤੇ ਕੀੜੇ ਦੇ ਕੱਟਣ, ਮਾਸਪੇਸ਼ੀਆਂ ਵਿੱਚ ਖਿਚਾਅ, ਕਿਸੇ ਵੀ ਜਾਨਵਰ ਦੇ ਕੱਟਣ 'ਤੇ, ਛਿੱਲਣ 'ਤੇ ਮੁੱਢਲੀ ਸਹਾਇਤਾ ਦਿੱਤੀ ਜਾਂਦੀ ਹੈ। ਅਜਿਹੀ ਕਿਸੇ ਵੀ ਸਥਿਤੀ, ਦੁਰਘਟਨਾ, ਬਿਮਾਰੀ ਜਾਂ ਐਮਰਜੈਂਸੀ ਤੋਂ ਠੀਕ ਹੋਣ ਲਈ ਫਸਟ ਏਡ ਕਿੱਟ ਦਾ ਹੋਣਾ ਬਹੁਤ ਜ਼ਰੂਰੀ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਤੁਹਾਡੇ ਕੋਲ ਇੱਕ ਫਸਟ ਏਡ ਕਿੱਟ ਹੈ, ਤਾਂ ਤੁਸੀਂ ਉਸ ਦੁਰਘਟਨਾ/ਬਿਮਾਰੀ ਤੋਂ ਤੁਰੰਤ ਛੁਟਕਾਰਾ ਪਾ ਸਕਦੇ ਹੋ।

ਕਹਾਣੀ

# ਤੂੜੀ ਦੀ ਪੰਡ

ਕੁਲਵੰਤ ਸਿੰਘ ਵਿਰਕ



ਬਹਾਦਰ ਸਿੰਘ ਸੱਚ ਮੁਚ ਹੀ ਬੜਾ ਬਹਾਦਰ ਆਦਮੀ ਸੀ। ਉਸ ਦੀ ਬਹਾਦਰੀ ਕੇਵਲ ਡਾਂਗ ਸੋਟੇ ਦੀ ਬਹਾਦਰੀ ਨਹੀਂ ਸੀ, ਉਹ ਆਪਣੀ ਜਾਤ ਬਰਾਦਰੀ ਦੇ ਨਾਮ ਤੇ ਅਣਖ ਤੇ ਮਰ ਮਿਟਣ ਵਾਲਾ ਆਦਮੀ ਸੀ। ਚੱਠਾ ਬਰਾਦਰੀ ਦੇ ਉਥੇ ਬਹੁਤ ਸਾਰੇ ਪਿੰਡ ਸਨ। ਬਸ ਇਹ ਬਰਾਦਰੀ ਹੀ ਬਹਾਦਰ ਸਿੰਘ ਦੀ ਜਾਨ ਸੀ। ਇਸ ਬਰਾਦਰੀ ਵਿੱਚ ਕਿਸੇ ਦਾ ਪੁੱਤਰ ਆਪਣਾ ਪੁੱਤਰ ਸੀ, ਕਿਸੇ ਦੀ ਧੀ ਆਪਣੀ ਧੀ ਤੇ ਕਿਸੇ ਦੀ ਨੂੰਹ ਉਸ ਦੀ ਆਪਣੀ ਨੂੰਹ ਸੀ। ਜੇ ਇਸ ਬਰਾਦਰੀ ਦੇ ਕਿਸੇ ਬੰਦੇ ਦੀ ਹੇਠੀ ਹੋ ਜਾਏ ਤਾਂ ਇਸ ਨੂੰ ਬਹਾਦਰ ਸਿੰਘ ਆਪਣੀ ਹੇਠੀ ਸਮਝਦਾ ਤੇ ਕਿਸੇ ਦਾ ਮਾਣ ਉਸ ਦਾ ਆਪਣਾ ਮਾਣ। ਇਹ ਬਰਾਦਰੀ ਬਸ ਬਹਾਦਰ ਸਿੰਘ ਦਾ ਇਕ ਵਡਾ ਸਾਰਾ ਟੱਬਰ ਸੀ, ਜਿਸ ਉਤੇ ਉਸ ਨੇ ਕੁਕੜੀ ਵਾਂਗ ਆਪਣੇ ਖੰਭ ਖਿਲਾਰੇ ਹੋਏ ਸਨ। ਬਹਾਦਰ ਸਿੰਘ ਤੇ ਉਸ ਦੇ ਆਪਣੇ ਵਰਗੇ ਕੁਝ ਹੋਰ ਸਾਥੀ ਇਸ ਬਰਾਦਰੀ ਨੂੰ ਕੱਜ-ਵਲ੍ਹੇਟ ਕੇ ਇਕੱਠਿਆਂ ਰਖਦੇ, ਪੁਰਾਣੀਆਂ ਗੱਲਾਂ ਸੁਣਾ ਸੁਣਾ ਕੇ ਇਸ ਦਾ ਸਵੈ-ਮਾਣ ਕਾਇਮ ਰਖਦੇ। ਨਵੀਂ ਨਸਲ ਦੇ ਮੁੰਡਿਆਂ ਨੂੰ ਉਹ ਚੱਠਿਆਂ ਦੀਆਂ ਇਕ ਮੁੱਠ ਹੋ ਕੇ ਲੜੀਆਂ ਤੇ ਕੱਟੀਆਂ ਭੀੜਾਂ ਦਾ ਹਾਲ ਦਸਦੇ। ਕਿਸ ਤਰ੍ਹਾਂ ਪਿਛਲੇ ਸਮਿਆਂ ਵਿੱਚ ਉਨ੍ਹਾਂ ਭੱਟੀਆਂ ਤੇ ਖਰਲਾਂ ਨੂੰ ਉਨ੍ਹਾਂ ਦੇ ਪਿੰਡਾਂ ਵਿਚੋਂ ਭਜਾ ਕੇ ਉਹ ਪਿੰਡ ਮੱਲ ਲਏ, ਤੇ ਉਨ੍ਹਾਂ ਦੀਆਂ ਜ਼ਮੀਨਾਂ ਆਪੋ ਵਿੱਚ ਵੰਡ ਕੇ ਉਥੇ ਨਵੇਂ ਪਿੰਡ ਵਸਾ ਲਏ। ਇਹੋ ਜਿਹੀਆਂ ਗੱਲਾਂ ਸੁਣਨ ਨਾਲ ਨਵੀਂ ਨਸਲ ਦੇ ਮਨ ਇਕ ਦੂਜੇ ਦੇ ਨੇੜੇ ਰਹਿੰਦੇ ਤੇ ਸੰਗਲੀ ਦੀਆਂ ਘੁਰੀਆਂ ਵਾਂਗ ਉਹ ਆਪੋ ਵਿੱਚ ਜੁੜੇ ਰਹਿੰਦੇ।

ਉਸ ਤਰ੍ਹਾਂ ਚੱਠਿਆਂ ਨੇ ਇਨ੍ਹਾਂ ਪਿੰਡਾਂ ਦਵਾਲੇ ਕੋਈ ਵਾੜ ਤੇ ਨਹੀਂ ਸੀ ਕੀਤੀ ਹੋਈ। ਬਾਹਰ ਦੇ ਲੋਕ ਇਨ੍ਹਾਂ ਪਿੰਡਾਂ ਦੇ ਆਰ ਪਾਰ ਲੰਘਦੇ, ਤੁਰਦੇ, ਘੋੜੀਆਂ ਤੇ, ਗੱਡਿਆਂ ਉਤੇ, ਮੋਟਰਾਂ ਤੇ ਪਰ ਉਹ ਇਸ ਬਰਾਦਰੀ ਤੇ ਕੋਈ ਅਸਰ ਨਾ ਪਾਂਦੇ। ਕਿਸੇ ਨੂੰ ਛੋਂਹਦੇ ਨਾ, ਕਿਸੇ ਨੂੰ ਦੁਖਾ ਨਾ ਸਕਦੇ, ਕਿਸੇ ਨੂੰ ਨਿਵਾ ਨਾ ਸਕਦੇ। ਸਰਕਾਰ ਮੁਆਮਲਾ ਲੈਂਦੀ, ਪੁਲਿਸ ਚੋਰੀ ਕਰਨ ਵਾਲਿਆਂ ਨੂੰ, ਲੜਨ ਵਾਲਿਆਂ ਨੂੰ ਜੇਹਲ ਵਿੱਚ ਭਿਜਵਾ ਦਿੰਦੀ, ਪਰ ਇਹ ਬਰਾਦਰੀ ਫਿਰ ਵੀ ਇਕ ਮੁਠ ਡੱਬੀ ਵਾਂਗ ਬੰਦ ਰਹਿੰਦੀ। ਬਰਾਦਰੀ ਦੇ ਢਾਂਚੇ ਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੁੰਦਾ। ਹਲ ਵਗਦੇ, ਮੱਝਾਂ ਛੱਪੜ ਵਿੱਚ ਨਹਾਉਂਦੀਆਂ, ਰੋਟੀਆਂ ਪੱਕਦੀਆਂ ਰਹਿੰਦੀਆਂ ਤੇ ਕੰਮੀ ਸੇਵਾ ਕਰਦੇ ਰਹਿੰਦੇ। ਇਹ ਗੱਲਾਂ ਚੱਠਿਆਂ ਦੇ ਨਾਂ ਨੂੰ ਉੱਚਾ ਨੀਵਾਂ ਕਰਨ ਵਾਲੀਆਂ ਨਹੀਂ ਸਨ।

ਚੱਠਿਆਂ ਦੇ ਇਨ੍ਹਾਂ ਪਿੰਡਾਂ ਦੇ ਨੇੜੇ ਇਕ ਪਿੰਡ ਵੜੈਚਾਂ ਦਾ ਵੀ ਸੀ। ਵੜੈਚਾਂ ਦਾ ਉਸ ਤਰ੍ਹਾਂ ਤੇ ਇਕੋ ਹੀ ਪਿੰਡ ਸੀ ਤੇ ਚੱਠਿਆਂ ਦੇ ਬਹੁਤੇ, ਪਰ ਇਕ ਇਕ ਵੜੈਚ ਦੇ ਕਈ ਕਈ ਮੁਰੱਬੇ ਸਨ ਤੇ ਕਈਆਂ ਵਡਿਆਂ ਦੇ ਬਾਹਰ ਯੂ ਪੀ ਵਿੱਚ ਪਿੰਡਾਂ ਦੇ ਪਿੰਡ ਸਨ। ਚੱਠਿਆਂ ਵਿਚਾਰਿਆਂ ਦੀ ਭੋਏਂ ਤੇ ਮਸਾਂ ਗੁਜ਼ਾਰੇ ਜੋਗੀ ਹੀ ਸੀ ਤੇ ਇਸ ਵਿਚੋਂ ਰੋਟੀ ਖਾਣ ਲਈ ਹਰ ਇਕ ਨੂੰ ਹੱਥੀਂ ਵਾਹੀ ਕਰਨੀ ਪੈਂਦੀ ਸੀ। ਪਰ ਉਨ੍ਹਾਂ ਕਦੀ ਵੜੈਚਾਂ ਦੀ ਸ਼ੂਕਾ ਸ਼ਾਕੀ ਦਾ ਰੋਅਬ ਨਹੀਂ ਮੰਨਿਆ ਸੀ ਤੇ ਨਾ ਕਦੀ ਉਨ੍ਹਾਂ ਦੀ ਫੂੰ ਫਾ ਤੋਂ ਡਰੇ ਸਨ।

ਕਹਿੰਦੇ ਨੇ ਮੋਟਰਾਂ ਆਉਣ ਤੋਂ ਪਹਿਲੋਂ ਵੜੈਚਾਂ ਦਾ ਸਭ ਤੋਂ ਵੱਡਾ ਸਰਦਾਰ, ਮਹਿਤਾਬ ਸਿੰਘ ਆਪਣੇ ਹਾਥੀ ਤੇ ਚੜ੍ਹ ਕੇ ਬਹਾਦਰ ਸਿੰਘ ਦੀ ਹਵੇਲੀ ਦੇ ਕੋਲੋਂ ਲੰਘ ਰਿਹਾ ਸੀ। ਬਹਾਦਰ ਸਿੰਘ ਆਪਣੇ ਇਕ ਪੁੱਤਰ ਨੂੰ ਉਂਗਲ ਨਾਲ ਲਾਈ ਬਾਹਰ ਖੜਾ ਸੀ। ਜਦੋਂ ਸਰਦਾਰ ਨੇੜੇ ਆਇਆ ਤਾਂ ਆਪਣੇ ਮੁੰਡੇ ਵਲ ਇਸ਼ਾਰਾ ਕਰ ਕੇ ਬਹਾਦਰ ਸਿੰਘ ਨੇ ਕਿਹਾ- "ਸਰਦਾਰ ਮਹਿਤਾਬ ਸਿਹਾਂ! ਆਹ ਮੇਰਾ ਮੁੰਡਾ ਤੇ ਪਿੰਡ ਤੀਕਰ ਹਾਥੀ ਤੇ ਬਹਾਈ ਲਿਜਾ, ਆਂਹਦਾ ਏ ਘਰ ਜਾਣਾ ਏ।" ਸਰਦਾਰ ਵਿਚਾਰਾ ਨਾ ਹਾਂ ਕਰਨ ਜੋਗਾ ਤੇ ਨਾ ਨਾਂਹ ਕਰਨ ਜੋਗਾ। ਖਸਿਆਨਾ ਜਿਹਾ ਹੋ ਕੇ ਕਹਿਣ ਲੱਗਾ-"ਭਈ ਉਤੇ ਬਿਠਾ ਦੇ ਅਸੀਂ ਲਈ ਚਲਾਂਗੇ।" ਬਹਾਦਰ ਸਿੰਘ ਦੀ ਮੁੰਡਾ ਪਿੰਡ ਅਪੜਾਣ ਦੀ ਕੋਈ ਇਛਾ ਨਹੀਂ ਸੀ। ਇਹ ਗੱਲ ਤੇ ਉਸ ਨੇ ਕੇਵਲ ਆਪਣੇ ਆਪ ਨੂੰ ਹਾਥੀ ਚੜ੍ਹੇ ਸਰਦਾਰ ਦੇ ਪੱਧਰ ਤੇ ਲਿਆਉਣ ਲਈ ਕਹੀ ਸੀ। ਬਹਾਦਰ ਸਿੰਘ ਉਸ ਵੇਲੇ ਇਕੱਲਾ ਨਹੀਂ ਬੋਲ ਰਿਹਾ ਸੀ। ਉਸ ਦੀ ਆਵਾਜ਼ ਵਿੱਚ ਉਸ ਦੇ ਸੈਂਕੜੇ ਸਾਥੀਆਂ ਦੀ, ਚੱਠਿਆਂ ਦੇ ਪਿੰਡਾਂ ਦੇ ਪਿੰਡਾਂ ਦੀ ਤਾਕਤ ਸੀ।

ਇਕ ਦਿਨ ਚੱਠਿਆਂ ਦੇ ਇਸ ਵਲਗਣ ਵਿੱਚ ਮਘੋਰਾ ਹੋਣ ਦੀ ਖ਼ਬਰ ਆਈ। ਇਕ ਫ਼ੌਜੀ ਚੱਠੇ ਨੇ ਆਪਣੀ ਪਹਿਲੀ ਵਹੁਟੀ ਛਡ ਕੇ ਇਕ ਹੋਰ ਵਿਆਹ ਕਰ ਲਿਆ ਸੀ ਤੇ ਉਸ ਦੀ ਪਹਿਲੀ ਵਹੁਟੀ ਆਪਣੀ ਛੋਟੀ ਜਿਹੀ ਕੁੜੀ ਸਮੇਤ ਆਪਣੇ ਪੇਕਿਆਂ ਦੇ ਘਰ ਰਹਿੰਦੀ ਸੀ। ਪੇਕਿਆਂ ਦਾ ਹੱਥ ਤੰਗ ਵੇਖ ਕੇ ਉਸ ਔਰਤ ਨੇ ਸ਼ਹਿਰ ਵਿੱਚ ਜਾ ਕੇ ਕਿਸੇ ਦੇ ਘਰ ਨੌਕਰੀ ਕਰ ਲਈ। ਇਹ ਆਦਮੀ ਕਿਸੇ ਦਫ਼ਤਰ ਵਿੱਚ ਨੌਕਰ ਸੀ। ਹੌਲੀ ਹੌਲੀ ਗੱਲ ਨਿਕਲ ਆਈ ਕਿ ਚੱਠਿਆਂ ਦੀ ਨੂੰਹ ਸ਼ਹਿਰ ਵਿੱਚ ਕਿਸੇ ਦੇ ਘਰ ਨੌਕਰੀ ਕਰਦੀ ਏ। ਬਹਾਦਰ ਸਿੰਘ ਜਦ ਇਹ ਸੁਣਿਆ ਤਾਂ ਉਸ ਨੂੰ ਬੜਾ ਦੁਖ ਹੋਇਆ। ਜੇ ਉਨ੍ਹਾਂ ਦੀ ਨੂੰਹ ਕਿਸੇ ਦੇ ਘਰ ਨੌਕਰੀ ਕਰਦੀ ਫਿਰੇ ਤਾਂ ਉਨ੍ਹਾਂ ਦੀ ਕੀ ਇਜ਼ਤ ਰਹਿ ਗਈ? ਕੀ ਹੋਇਆ ਜੇ ਉਹ ਉਸ ਦੀ ਆਪਣੀ ਨੂੰਹ ਨਹੀਂ ਸੀ, ਉਨ੍ਹਾਂ ਦੇ ਪਿੰਡ ਦੀ ਵੀ ਨਹੀਂ ਸੀ, ਫਿਰ ਵੀ ਉਹ ਚੱਠਿਆਂ ਦੀ ਨੂੰਹ ਸੀ ਤੇ ਇਸ ਲਈ ਬਹਾਦਰ ਸਿੰਘ ਦੀ ਆਪਣੀ ਨੂੰਹ ਸੀ।

ਬਹਾਦਰ ਸਿੰਘ ਘਰੋਂ ਕੁਝ ਐਡਾ ਸੌਖਾ ਨਹੀਂ ਸੀ, ਫਿਰ ਵੀ ਉਹ ਨਹੀਂ ਚਾਹੁੰਦਾ ਸੀ ਕਿ ਚੱਠਿਆਂ ਦੀ ਇਕ ਨੂੰਹ ਸ਼ਹਿਰ ਵਿੱਚ ਨੌਕਰੀ ਕਰਦੀ ਫਿਰੇ। ਪਰ ਇਸ ਵਿੱਚ ਉਸ ਵਿਚਾਰੀ ਦਾ ਕੀ ਕਸੂਰ ਸੀ? ਜੇ ਉਸ ਦਾ ਢਿੱਡ ਨਾ ਟੁਰੇ ਤਾਂ ਉਸ ਨੌਕਰੀ ਤਾਂ ਕਰਨੀ ਹੋਈ। ਇਸ ਮੁਆਮਲੇ ਨੂੰ ਨਜਿੱਠਣ ਦਾ ਇਕੋ ਹੀ ਢੰਗ ਸੀ ਕਿ ਬਹਾਦਰ ਸਿੰਘ ਉਸ ਨੂੰ ਆਪਣੇ ਘਰ ਲੈ ਆਵੇ। ਉਸ ਨੂੰ ਘਰ ਲਿਆਉਣ ਦੀ ਸਲਾਹ ਬਹਾਦਰ ਸਿੰਘ ਨੇ ਆਪਣੇ ਪੁੱਤਰ ਨਾਲ ਵੀ ਕੀਤੀ, ਚੱਠਿਆਂ ਦੀ ਨੂੰਹ ਦਾ ਕਿਸੇ ਦੇ ਘਰ ਨੌਕਰੀ ਕਰਨਾ ਮੁੰਡੇ ਦੇ ਸਵੈ-ਮਾਣ ਤੇ ਵੀ ਸੱਟ ਮਾਰਦਾ ਸੀ, ਪਰ ਉਸ ਨੂੰ ਇਹ ਵੀ ਪਸੰਦ ਨਹੀਂ ਸੀ ਕਿ ਬਹਾਦਰ ਸਿੰਘ ਉਸ ਜ਼ਨਾਨੀ ਦਾ ਸਾਰੀ ਉਮਰ ਦਾ ਖ਼ਰਚ ਆਪਣੇ ਸਿਰ ਤੇ ਚੁਕ ਲਵੇ।

"ਜਿਸ ਤਰ੍ਹਾਂ ਕਿਸੇ ਦਾ ਝੱਟ ਲੰਘੇ, ਉਸ ਲੰਘਾਣਾ ਹੋਇਆ, ਬਾਪੂ, ਤੈਨੂੰ ਇਸ ਨਾਲ ਕੀ? ਤੂੰ ਕੋਈ ਸਾਰੀ ਦੁਨੀਆਂ ਨੂੰ ਘਰ ਬੈਠਿਆਂ ਰੋਟੀਆਂ ਦੇ ਸਕਨੈਂ।" ਉਸ ਦੇ ਪੁਤਰ ਨੇ ਦਲੀਲ ਦਿਤੀ, ਪਰ ਬਹਾਦਰ ਸਿੰਘ ਲਈ ਇਹ ਕੋਈ ਲੰਮੀਆਂ ਬਹਿਸਾਂ ਦਾ ਸਵਾਲ ਨਹੀਂ ਸੀ, ਸਗੋਂ ਇਕ ਔਰਤ ਨੂੰ ਆਪਣੇ ਘਰ ਰੋਟੀ ਦੇ ਕੇ ਸਾਰੀ ਬਰਾਦਰੀ ਦੀ ਇੱਜ਼ਤ ਬਚਾਣ ਦਾ ਸਵਾਲ ਸੀ। ਇਕ ਡਾਰੋਂ ਨਿਖੜੀ ਕੂੰਜ ਨੂੰ ਡਾਰ ਦੇ ਵਿਚ ਰਲਾਣ ਦਾ ਸਵਾਲ ਸੀ। ਬਹਾਦਰ ਸਿੰਘ ਨੂੰ ਇਹ ਨਿਸਚਾ ਸੀ ਕਿ ਜਿੰਨਾ ਚਿਰ ਉਹ ਸ਼ਹਿਰ ਵਿਚ ਨੌਕਰੀ ਕਰਦੀ ਸੀ ਉਨਾ ਚਿਰ ਉਹ ਆਰਾਮ ਨਾਲ ਰੋਟੀ ਨਹੀਂ ਖਾ ਸਕਦਾ। ਅਖੀਰ ਉਹ ਉਸ ਔਰਤ ਨੂੰ ਸਮਝਾ ਬੁਝਾ ਕੇ ਆਪਣੇ ਘਰ ਲੈ ਆਇਆ ਤੇ ਇਸ ਤਰ੍ਹਾਂ ਚੱਠਿਆਂ ਦੇ ਦਵਾਲੇ ਦੇ ਵਲਗਣ ਵਿਚ ਜੋ ਮਘੋਰਾ ਹੋ ਗਿਆ ਸੀ, ਉਸ ਨੂੰ ਬੰਦ ਕਰ ਦਿਤਾ। ਹੁਣ ਬਹਾਦਰ ਸਿੰਘ ਘੋੜੀ ਤੇ ਚੜ੍ਹ ਕੇ ਪਿੰਡੋ ਪਿੰਡ ਜਾਂਦਾ ਤੇ ਆਪਣੇ ਇਸ ਕੰਮ ਬਾਰੇ ਲੋਕਾਂ ਦੇ ਪ੍ਰਤੀਕਰਮ ਦੀਆਂ ਕਨਸੋਆਂ ਲੈਂਦਾ। ਉਸ ਦੇ ਕੰਮ ਦੀ ਹਰ ਪਾਸੇ ਸ਼ਲਾਘਾ ਹੀ ਸ਼ਲਾਘਾ ਸੀ।

ਇਸ ਗੱਲ ਨੂੰ ਕਈ ਸਾਲ ਬੀਤ ਗਏ, ਬਹਾਦਰ ਸਿੰਘ ਦੇ ਵਡੇਰੇ ਹੋ ਰਹੇ ਸਰੀਰ ਨੇ ਕਈ ਸਿਆਲ ਹੋਰ ਵੇਖੇ ਤੇ ਚੋਣਾਂ ਇਕ ਵਾਰ ਫਿਰ ਆ ਗਈਆਂ। ਇਕ ਪਾਸੇ ਇਕ ਚੱਠਾ ਖਲੋਤਾ ਸੀ ਤੇ ਉਸ ਦੇ ਮੁਕਾਬਲੇ ਵਿੱਚ ਸ਼ਹਿਰ ਦਾ ਇਕ ਵਕੀਲ ਸੀ। ਬਹਾਦਰ ਸਿੰਘ ਲਈ ਵੋਟ ਪਾਣ ਦਾ ਸਵਾਲ ਬਿਲਕੁਲ ਸਾਫ਼ ਸੀ। ਸਾਰੇ ਚੱਠਿਆਂ ਨੂੰ ਚਾਹੀਦਾ ਸੀ ਕਿ ਉਹ ਚੱਠੇ ਉਮੀਦਵਾਰ ਨੂੰ ਵੋਟਾਂ ਪਾ ਦੇਣ ਤੇ ਹੋਰ ਪੈਸੇ ਟਕੇ ਨਾਲ ਵੀ ਉਸ ਦੀ ਸਹਾਇਤਾ ਕਰਨ। ਪਰ ਉਸ ਵਕੀਲ ਨੇ ਇਕ ਹੋਰ ਜਾਲ ਸੁਟਿਆ ਹੋਇਆ ਸੀ। ਉਸ ਨੇ ਚੱਠਿਆਂ ਦੇ ਪਿੰਡਾਂ ਵਿੱਚ ਇਹ ਗੱਲ ਧੁਮਾ ਦਿਤੀ ਕਿ ਜੇ ਸਾਰੇ ਚੱਠੇ ਉਸ ਨੂੰ ਵੋਟਾਂ ਪਾਣ ਤਾਂ ਉਹ ਦਸ ਹਜ਼ਾਰ ਰੁਪਿਆ ਲਾ ਕੇ ਉਨ੍ਹਾਂ ਦੇ ਇਕ ਵਡੇ ਪਿੰਡ ਵਿੱਚ ਹਾਈ ਸਕੂਲ ਖੋਲ੍ਹ ਦੇਵੇਗਾ। ਸਾਰੇ ਫ਼ੌਜੀ ਪਿਨਸ਼ਨੀਏ ਇਸ ਕਰ ਕੇ ਉਸ ਵਕੀਲ ਨੂੰ ਵੋਟਾਂ ਪਾਣ ਦੇ ਹੱਕ ਵਿੱਚ ਸਨ। ਜੇ ਸਕੂਲ ਬਣ ਗਿਆ, ਉਹ ਆਖਦੇ "ਤਾਂ ਮੁੰਡੇ ਪੜ੍ਹਨਗੇ ਤੇ ਨੌਕਰੀਆਂ ਤੇ ਲਗਣਗੇ। ਅੱਗੇ ਹੀ ਜ਼ਮੀਨਾਂ ਸੌੜੀਆਂ ਹੋ ਰਹੀਆਂ ਨੇ। ਮੈਂਬਰ ਦਾ ਕੀ ਫ਼ਾਇਦਾ? ਚੱਠਾ ਹੋ ਗਿਆ ਤਾਂ ਕੀ ਜੇ ਵਕੀਲ ਹੋ ਗਿਆ ਤਾਂ ਕੀ?" ਬਹੁਤ ਲੋਕ ਫ਼ੌਜੀਆਂ ਦੇ ਮਗਰ ਲਗ ਟੁਰੇ ਤੇ ਇਹ ਫ਼ੈਸਲਾ ਹੋਇਆ ਕਿ ਸਾਰੀਆਂ ਵੋਟਾਂ ਵਕੀਲ ਨੂੰ ਹੀ ਪਾਈਆਂ ਜਾਣ ਤੇ ਚੱਠਾ ਉਮੀਦਵਾਰ ਬੈਠ ਜਾਵੇ।

ਜਿਸ ਦਿਨ ਇਹ ਫ਼ੈਸਲਾ ਹੋਇਆ ਉਹ ਦਿਨ ਬਹਾਦਰ ਸਿੰਘ ਲਈ ਬੜਾ ਔਖਾ ਸੀ। ਉਸ ਦਾ ਜੀ ਕਰਦਾ ਸੀ ਕਿ ਉਹ ਆਪਣੀ ਸਾਰੀ ਜ਼ਮੀਨ ਵੇਚ ਕੇ ਰੁਪਿਆ ਇਕੱਠਾ ਕਰੇ ਤੇ ਫਿਰ ਲੋਕਾਂ ਨੂੰ ਕਹਵੇ "ਆਓ ਮੈਂ ਤੁਹਾਨੂੰ ਸਕੂਲ ਬਣਵਾ ਦਿੰਦਾ ਹਾਂ, ਤੁਸੀਂ ਵੋਟਾਂ ਆਪਣੇ ਚੱਠੇ ਭਰਾ ਨੂੰ ਪਾਵੋ। ਤਕੜੇ ਹੋਵੋ, ਐਵੇਂ ਕਿਉਂ ਇਧਰ ਉਧਰ ਦੀਆਂ ਰੋਹੜਾਂ ਨਾਲ ਰੁੜ੍ਹਦੇ ਫਿਰਦੇ ਓ।" ਪਰ ਉਸ ਦੀ ਜ਼ਮੀਨ ਸ਼ਾਇਦ ਇੰਨੇ ਰੁਪਿਆਂ ਦੀ ਹੀ ਨਹੀਂ ਸੀ ਤੇ ਨਾਲੇ ਜ਼ਮੀਨ ਵੇਚਣਾ ਕਿਹੜਾ ਸੌਖਾ ਕੰਮ ਸੀ। ਉਸ ਨੂੰ ਬੜਾ ਅਫ਼ਸੋਸ ਸੀ ਕਿ ਆਲੇ ਦੁਆਲੇ ਤੋਂ ਆਰਥਕ ਕਾਂਗਾਂ ਆ ਕੇ ਉਸ ਦੇ ਇਲਾਕੇ ਨੂੰ ਚੀਰ ਰਹੀਆਂ ਸਨ ਤੇ ਉਨ੍ਹਾਂ ਦੇ ਆਪਣੇ ਘਰ ਵਿਚ ਬਾਹਰਲੇ ਲੋਕ ਚੌਧਰੀ ਬਣਦੇ ਜਾਂਦੇ ਸਨ।

ਬਹਾਦਰ ਸਿੰਘ ਦੇ ਪਿੰਡ ਦਾ ਇਕ ਜੱਟ ਮੁੰਡਾ ਜ਼ਮੀਨ ਤੇ ਗੁਜ਼ਾਰਾ ਨਾ ਹੁੰਦਾ ਵੇਖ ਕੇ ਟਾਂਗਾ ਵਾਹੁਣ ਲਗ ਪਿਆ ਸੀ। ਬਹਾਦਰ ਸਿੰਘ ਨੂੰ ਇਹ ਕੰਮ ਕੁਝ ਭੈੜਾ ਜਿਹਾ ਲਗਦਾ ਸੀ। ਟਾਂਗੇ ਵਾਲਾ ਜਣੇ ਖਣੇ ਦਾ ਨੌਕਰ ਸੀ, ਜਿਸ ਦੇ ਬੋਝੇ ਵਿੱਚ ਚਾਰ ਪੈਸੇ ਹੋਣ ਉਸ ਨੂੰ ਹੀ ਜੀ ਤੇ ਉਸ ਦਾ ਉਹ ਦੁਬੈਲ। ਪਰ ਇਸ ਕੰਮ ਵਿਚ ਇਕ ਹੋਰ ਗੱਲ ਜੋ ਬਹਾਦਰ ਸਿੰਘ ਨੂੰ ਵਧੇਰੇ ਚੁਭਦੀ ਸੀ, ਇਹ ਸੀ ਕਿ ਹੋਰ ਟਾਂਗਿਆਂ ਵਾਲੇ ਕੋਈ ਮਹਿਰਾ ਸੀ ਤੇ ਕੋਈ ਨਾਈ। ਉਸ ਚੱਠੇ ਮੁੰਡੇ ਦੀ ਇਨ੍ਹਾਂ ਨਾਲ ਹੀ ਦੋਸਤੀ ਸੀ ਤੇ ਇਨ੍ਹਾਂ ਨਾਲ ਹੀ ਬਹਿਣ ਖਲੋਣ। ਕਿਸੇ ਵੇਖਣ ਵਾਲੇ ਲਈ ਤੇ ਇਹ ਬੁੱਝਣਾ ਵੀ ਔਖਾ ਸੀ ਕਿ ਉਹ ਚੱਠਿਆਂ ਦਾ ਮੁੰਡਾ ਸੀ ਕਿ ਝੀਊਰਾਂ ਦਾ। ਤੇ ਫਿਰ ਬਹਾਦਰ ਸਿੰਘ ਨੇ ਸੁਣਿਆ ਕਿ ਉਸ ਮੁੰਡੇ ਨੇ ਇਕ ਦਿਨ ਇਕ ਟਾਂਗੇ ਵਾਲੇ ਝੀਊਰ ਨੂੰ ਆਪਣੇ ਨਾਲ ਘਰ ਆਂਦਾ। ਦੋਹਾਂ ਨੇ ਇਕੱਠੇ ਬੈਠ ਕੇ ਸ਼ਰਾਬ ਪੀਤੀ ਤੇ ਫਿਰ ਚੱਠੇ ਮੁੰਡੇ ਦੀ ਵਹੁਟੀ ਨੇ ਉਨ੍ਹਾਂ ਦੋਹਾਂ ਨੂੰ ਰੋਟੀਆਂ ਖਵਾਈਆਂ। ਇਹ ਸੁਣ ਕੇ ਬਹਾਦਰ ਸਿੰਘ ਨੂੰ ਅੱਗ ਲੱਗ ਗਈ। ਕੋਈ ਝੀਊਰ ਕਿਸੇ ਚੱਠੇ ਜੱਟ ਦੇ ਘਰ ਬੈਠ ਕੇ ਸ਼ਰਾਬ ਪੀਏ ਤੇ ਫਿਰ ਚੱਠਿਆਂ ਦੀ ਨੂੰਹ ਉਸ ਝੀਊਰ ਨੂੰ ਰੋਟੀ ਖਵਾਏ, ਇਹ ਗੱਲ ਬੁੱਢੇ ਹੋਏ ਬਹਾਦਰ ਸਿੰਘ ਤੋਂ ਵੀ ਜਰੀ ਜਾਣ ਵਾਲੀ ਨਹੀਂ ਸੀ। ਅਗਲੇ ਦਿਨ ਜਦ ਉਹ ਟਾਂਗੇ ਵਾਲਾ ਮੁੰਡਾ ਬਹਾਦਰ ਸਿੰਘ ਨੂੰ ਮਿਲਿਆ ਤਾਂ ਉਸ ਨੇ ਉਸ ਨਾਲ ਗੱਲ ਛੇੜੀ।

"ਸੁਹਣਿਆਂ, ਸਾਊ ਤੇ ਨਹੀਂ ਨਾ ਝੀਊਰਾਂ ਨੂੰ ਘਰੀਂ ਲਿਆ ਕੇ ਸ਼ਰਾਬਾਂ ਪਿਆਂਦੇ।"

"ਚਾਚਾ ਝੀਊਰ ਹੋਵੇ, ਕੋਈ ਸਰਦਾਰ ਹੋਵੇ, ਟਾਂਗੇ ਵਾਲੇ ਸਾਰੇ ਟਾਂਗੇ ਵਾਲੇ ਹੀ ਹੁੰਦੇ ਨੇ।"

"ਪੁੱਤਰ, ਟਾਂਗੇ ਵਾਲਾ ਤੇ ਹੋਇਆ ਨਾ ਤੂੰ ਅੱਡੇ ਤੇ, ਪਿੰਡ ਵਿਚ ਤੇ ਤੂੰ ਸਾਡਾ ਪੁੱਤਰ ਏਂ। ਸਾਡੀ ਨੂੰਹ ਕੋਲੋਂ ਤੇ ਨਾ ਨਾ ਝੀਊਰਾਂ ਨੂੰ ਰੋਟੀਆਂ ਖਵਾਇਆ ਕਰ। ਝੀਊਰਾਂ ਸਾਡੇ ਭਾਂਡੇ ਮਾਂਜਣੇ ਨੇ ਕਿ ਸਾਡੇ ਨਾਲ ਸਾਂਵਿਆਂ ਬੈਠ ਕੇ ਸਾਡੀਆਂ ਨੂੰਹਾਂ ਹੱਥੋਂ ਰੋਟੀਆਂ ਖਾਣੀਆਂ ਨੇ?"

"ਨਿਰਾ ਅੱਡੇ ਤੇ ਟਾਂਗੇ ਵਾਲਾ ਹੋਇਆਂ ਨਹੀਂ ਚਲਦਾ, ਚਾਚਾ। ਰਾਹ ਵਿੱਚ ਜੇ ਮੇਰਾ ਟਾਂਗਾ ਪਾਸ ਪੈ ਜਾਏ, ਜਾਂ ਮੇਰਾ ਸਾਜ ਟੁੱਟ ਜਾਏ, ਜਾਂ ਮੇਰੇ ਘੋੜੇ ਨੂੰ ਕੁਝ ਹੋ ਜਾਏ ਤਾਂ ਕਿਸੇ ਟਾਂਗੇ ਵਾਲੇ ਨੇ ਹੀ ਆ ਕੇ ਮੇਰੀ ਬਾਂਹ ਫੜਨੀ ਏ ਨਾ। ਜੇ ਕੋਈ ਸਵਾਰੀ ਮੇਰੇ ਨਾਲ ਵਾਧੀ ਘਾਟੀ ਗੱਲ ਕਰੇ ਤਾਂ ਮੈਂ ਟਾਂਗੇ ਵਾਲਿਆਂ ਦੇ ਸਿਰ ਤੇ ਹੀ ਉਸ ਦਾ ਜਵਾਬ ਦੇਣਾ ਏ ਨਾ। ਜੇ ਅੱਡੇ ਦਾ ਠੇਕੇਦਾਰ ਫੀਸਾਂ ਵਧਾ ਦੇਵੇ ਤਾਂ ਅਸਾਂ ਟਾਂਗੇ ਵਾਲਿਆਂ ਨੇ ਇਕੱਠੇ ਹੀ ਲੜਨਾ ਮਰਨਾ ਏ ਨਾ। ਸਾਡਾ ਤੇ ਬਸ ਹੁਣ ਉਨ੍ਹਾਂ ਨਾਲ ਹੀ ਭਾਈਚਾਰਾ ਬਰਾਦਰੀ ਏ।"

"ਤਾਂ ਵੀ ਪੁੱਤਰ, ਆਪਣੀ ਜੰਮ ਦਾ ਰੁਹਬ ਤੇ ਰੱਖੀ ਦਾ ਏ ਨਾ।"

"ਨਹੀਂ ਚਾਚਾ, ਸਾਡਾ ਰੁਹਬ ਤੇ ਆਪੋ ਵਿਚ ਰਲ ਕੇ ਬਹਿਣ ਨਾਲ ਈ ਏ, ਇਕ ਦੂਜੇ ਤੋਂ ਵੱਡੇ ਬਣਨ ਵਿਚ ਨਹੀਂ। ਤੂੰ ਤੇ ਹਰ ਕਿਸੇ ਨੂੰ ਰੋਟੀ ਕਮਾਣ ਤੋਂ ਵਰਜਦਾ ਫਿਰਨਾ ਏਂ। ਤੂੰ ਆਹਨਾ ਏਂ ਬਸ ਆਪਣੀ ਆਕੜ ਵਿੱਚ ਘਰ ਬੈਠੇ ਰਹੋ, ਭੁਖੇ ਮਰ ਜਾਓ। ਅਗਲੇ ਦਿਨ ਤੂੰ ਆਂਹਦਾ ਪਿਆ ਸੈਂ "ਨਿਸ਼ਾਨਾ ਤਸੀਲਦਾਰ ਦਾ ਅਰਦਲੀ ਕਿਉਂ ਬਣ ਗਿਆ ਏ। ਸੌਹਰਾ ਖਤਰੇਟੇ ਜਿਹੇ ਤਸੀਲਦਾਰ ਦੇ ਭਾਂਡੇ ਮਾਂਜਦਾ ਫਿਰਦਾ ਏ।"

ਬਹਾਦਰ ਸਿੰਘ ਚੁੱਪ ਹੋ ਗਿਆ। ਚੱਠਿਆਂ ਦੇ ਕਿਲ੍ਹੇ ਵਿੱਚ ਬੜੀ ਕੋਝੀ ਮੋਰੀ ਹੋ ਗਈ ਸੀ ਤੇ ਜਿਸ ਨੇ ਇਹ ਮੋਰੀ ਕੀਤੀ ਸੀ, ਉਹ ਇਸ ਨੂੰ ਆਪਣੀ ਰੋਟੀ ਕਮਾਣ ਲਈ, ਸਾਹ ਲੈਣ ਲਈ, ਜੀਊਂਦੇ ਰਹਿਣ ਲਈ ਜ਼ਰੂਰੀ ਸਮਝਦਾ ਸੀ।

ਕੁਝ ਸਾਲ ਹੋਰ ਲੰਘ ਗਏ। ਬਹਾਦਰ ਸਿੰਘ ਅੰਮ੍ਰਿਤਸਰ ਗਿਆ। ਸ਼ਹਿਰ ਦੇ ਨੇੜੇ ਨਾਖਾਂ ਦਾ ਇਕ ਬਾਗ਼ ਸੀ। ਬਾਗ਼ ਵਾਲੇ ਨੇ ਇਸ ਵਿੱਚ ਪੰਜ ਛੇ ਮੁੰਡੇ ਰਾਖੇ ਬਿਠਾਏ ਹੋਏ ਸਨ। ਬਹਾਦਰ ਸਿੰਘ ਉਨ੍ਹਾਂ ਕੋਲੋਂ ਨਾਖਾਂ ਲੈਣ ਬੈਠ ਗਿਆ। ਉਸ ਦੀ ਬੋਲਚਾਲ ਵਿਚ ਬਹਾਦਰ ਸਿੰਘ ਨੂੰ ਕੁਝ ਸਾਂਝ ਦਿੱਸੀ ਤੇ ਉਹ ਉਸ ਨਾਲ ਗੱਲੀਂ ਲਗ ਪਿਆ -

"ਛੋਹਰਾ - ਤੂੰ ਕੌਣ ਹੁੰਨਾ ਏਂ?"

"ਚੱਠਾ।" ਬਹਾਦਰ ਸਿੰਘ ਦਾ ਡਰ ਠੀਕ ਨਿਕਲਿਆ ਸੀ।

"ਕਿਹੜੇ ਪਿੰਡੋਂ?"

"ਝਮਕਿਆਂ ਤੋਂ।"

"ਤੁਹਾਡਾ ਭੋਏਂ ਭਾਂਡਾ ਕਿਥੇ ਗਿਆ?"

"ਭੋਏਂ ਗਹਿਣੇ ਪਈ ਏ।"

"ਤੇਰਾ ਬਾਪ ਹੁਣ ਕੀ ਕਰਦਾ ਏ?"

"ਬਾਪ ਗੁਜ਼ਰ ਗਿਆ ਏ।"

ਇਸ ਮੁੰਡੇ ਨੂੰ ਇਸ ਤਰ੍ਹਾਂ ਅਵੱਲਾ ਜਿਹਾ ਫਸਿਆ ਵੇਖ ਕੇ, ਬਹਾਦਰ ਸਿੰਘ ਦਾ ਦਿਲ ਵਿੰਨ੍ਹਿਆ ਗਿਆ। ਜੇ ਉਹ ਇਸ ਮੁੰਡੇ ਨੂੰ ਉਥੋਂ ਕਢ ਕੇ ਆਪਣੇ ਘਰ ਲੈ ਜਾਏ ਤਾਂ ਉਸ ਦੀ ਜਾਨ ਸੌਖੀ ਹੋ ਸਕਦੀ ਸੀ। ਢੇਰ ਸਾਲ ਪਹਿਲਾਂ ਉਹ ਚੱਠਿਆਂ ਦੀ ਇਕ ਨੂੰਹ ਨੂੰ ਇਸ ਤਰ੍ਹਾਂ ਔਖੀ ਥਾਂ ਰਹਿੰਦਿਆਂ ਵੇਖ ਕੇ ਆਪਣੇ ਘਰ ਲੈ ਗਿਆ ਸੀ, ਪਰ ਹੁਣ ਤੇ ਦਿਨ ਹੀ ਕੁਝ ਹੋਰ ਤਰ੍ਹਾਂ ਦੇ ਆ ਗਏ ਸਨ। ਹਰ ਪਾਸੇ ਲੋਕ ਉਸ ਦੇ ਹੱਥਾਂ ਵਿਚੋਂ ਤਿਲ ਤਿਲਕ ਕੇ ਬਾਹਰ ਜਾ ਰਹੇ ਸਨ। (ਬਾਕੀ ਸਫ਼ਾ 29 'ਤੇ)

ਮਿੰਨੀ ਕਹਾਣੀ

## ਸ਼ੇਰ ਨੂੰ ਜਿਉਂਦਾ ਕਰਨ ਵਾਲੇ ਚਾਰ ਦੋਸਤ

ਕਿਸੇ ਸ਼ਹਿਰ ਵਿੱਚ ਚਾਰ ਦੋਸਤ ਰਹਿੰਦੇ ਸਨ। ਉਹ ਹਮੇਸ਼ਾ ਇਕੱਠੇ ਹੀ ਰਹਿੰਦੇ। ਉਨ੍ਹਾਂ ਵਿਚੋਂ ਤਿੰਨ ਬਹੁਤ ਗਿਆਨੀ ਸਨ। ਚੌਥਾ ਦੋਸਤ ਇੰਨਾ ਗਿਆਨੀ ਤਾਂ ਨਹੀਂ ਸੀ ਪਰ ਫਿਰ ਵੀ ਉਹ ਦੁਨੀਆਂਦਾਰੀ ਦੀਆਂ ਗੱਲਾਂ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ।

ਇੱਕ ਦਿਨ ਉਨ੍ਹਾਂ ਨੇ ਫੈਸਲਾ ਕੀਤਾ ਕਿ ਕਿਉਂ ਨਾ ਦੂਰ-ਦੂਰ ਦੇਸ਼ਾਂ ਵਿੱਚ ਘੁੰਮ-ਘੁੰਮਕੇ ਉਹਨਾਂ ਨੂੰ ਵੇਖਿਆ ਜਾਵੇ ਤੇ ਨਾਲ ਹੀ ਦੌਲਤ ਕਮਾਈ ਜਾਵੇ। ਉਹ ਘਰੋਂ ਟੁਰ ਪਏ ਤੇ ਛੇਤੀ ਹੀ ਇੱਕ ਸੰਘਣੇ ਜੰਗਲ ਵਿੱਚ ਪੁੱਜ ਗਏ। ਰਾਹ ਵਿੱਚ ਉਨ੍ਹਾਂ ਨੇ ਕਿਸੇ ਜਾਨਵਰ ਦੀਆਂ ਹੱਡੀਆਂ ਜ਼ਮੀਨ ਉੱਤੇ ਖਿੰਡੀਆਂ ਹੋਈਆਂ ਵੇਖੀਆਂ। ਇੱਕ ਗਿਆਨੀ ਬੋਲਿਆ, ਸਾਨੂੰ ਆਪਣਾ ਗਿਆਨ ਪਰਖਣ ਦਾ ਮੌਕਾ ਮਿਲ ਗਿਆ ਹੈ। ਇਹ ਹੱਡੀਆਂ ਕਿਸੇ ਮਰੇ ਹੋਏ ਜਾਨਵਰ ਦੀਆਂ ਹਨ। ਮੈਂ ਉਨ੍ਹਾਂ ਨੂੰ ਦੁਬਾਰਾ ਜੋੜ ਦੇਵਾਂਗਾ ਕਿਉਂਕਿ ਮੈਨੂੰ ਪਤਾ ਹੈ ਕਿ ਇਨ੍ਹਾਂ ਹੱਡੀਆਂ ਨੂੰ ਕਿਵੇਂ ਜੋੜਿਆ ਜਾ ਸਕਦਾ ਹੈ।

ਦੂਜੇ ਦੋਸਤ ਨੇ ਕਿਹਾ, ਮੈਂ ਇਸ ਜਾਨਵਰ ਉੱਤੇ ਮਾਸ ਅਤੇ ਖੱਲ ਚੜ੍ਹਾ ਦੇਵਾਂਗਾ ਤੇ ਨਾਲ ਹੀ ਖ਼ੂਨ ਪਾ ਦੇਵਾਂਗਾ।

ਤੀਜੇ ਦੋਸਤ ਨੇ ਕਿਹਾ, ਮੈਂ ਆਪਣੇ ਅਮੁੱਲ ਗਿਆਨ ਨਾਲ ਇਸ ਜਾਨਵਰ ਨੂੰ ਜਿੰਦਾ ਕਰ ਦੇਵਾਂਗਾ।

ਪਹਿਲੇ ਗਿਆਨੀ ਜਵਾਨ ਨੇ ਉਸ ਜਾਨਵਰ ਦੀਆਂ ਹੱਡੀਆਂ ਸਹੀ-ਸਹੀ ਜੋੜ ਦਿੱਤੀਆਂ ਅਤੇ ਦੂਜੇ ਨੇ ਉਸ ਉੱਤੇ ਮਾਸ ਅਤੇ ਖੱਲ ਚੜ੍ਹਾ ਦਿੱਤੀ ਅਤੇ ਖ਼ੂਨ ਪਾ ਦਿੱਤਾ।

ਚੌਥਾ ਜਵਾਨ ਜ਼ੋਰ-ਜ਼ੋਰ ਦੀ ਰੌਲਾ ਪਾਉਣ ਲੱਗਾ, ਰੁਕ ਜਾਓ ! ਇਸ ਜਾਨਵਰ ਵਿੱਚ ਜਾਨ ਨਾ ਪਾਇਓ, ਇਹ ਤਾਂ ਸ਼ੇਰ ਹੈ।

ਪਰ ਗਿਆਨੀ ਦੋਸਤਾਂ ਨੇ ਉਸਦੀ ਗੱਲ ਨਾ ਸੁਣੀ। ਉਨ੍ਹਾਂ ਨੇ ਉਸ ਨੂੰ ਜਿਉਂਦਾ ਕਰਨ ਦੀ ਪੱਕੀ ਧਾਰੀ ਹੋਈ ਸੀ। ਦੁਨੀਆਂਦਾਰੀ ਜਾਣਨ ਵਾਲਾ ਦੋਸਤ ਕਾਹਲੀ ਨਾਲ ਲਾਗਲੇ ਰੁੱਖ ਉੱਤੇ ਚੜ੍ਹ ਗਿਆ ਅਤੇ ਵੇਖਣ ਲਗਾ। ਤੀਜੇ ਦੋਸਤ ਨੇ ਸ਼ੇਰ ਵਿੱਚ ਜਾਨ ਪਾ ਦਿੱਤੀ। ਸ਼ੇਰ ਜਿਉਂਦਾ ਹੁੰਦਿਆਂ ਹੀ ਦਹਾੜਨ ਲੱਗਾ ਅਤੇ ਤਿੰਨੇ ਗਿਆਨੀਆਂ ਉੱਤੇ ਝਪਟਿਆ। ਚੌਥੇ ਦੋਸਤ ਦੇ ਵਿੰਹਦਿਆਂ-ਵਿੰਹਦਿਆਂ ਹੀ ਸ਼ੇਰ ਨੇ ਉਹਨਾਂ ਨੂੰ ਮਾਰ ਦਿੱਤਾ। ਚੌਥੇ ਦੋਸਤ ਨੂੰ ਦੁੱਖ ਤਾਂ ਬੜਾ ਹੋਇਆ ਪਰ ਉਹ ਕੀ ਕਰ ਸਕਦਾ ਸੀ।

ਸਿੱਖਿਆ-ਅਕਲ ਤੋਂ ਬਿਨਾਂ ਗਿਆਨ ਮਾਰੂ ਹੋ ਸਕਦਾ ਹੈ।

# ਮੇਰੀ ਕਲਮ

## ਹਾਣੀਆਂ ! ਚਾਨਣ-ਚਿੱਟੇ ਰਾਹ

ਰਾਮ ਸਰੂਪ ਅਣਖ਼ੀ

ਚਾਨਣ-ਚਿੱਟੇ ਰਾਹ,
ਹਾਣੀਆਂ ! ਚਾਨਣ-ਚਿੱਟੇ ਰਾਹ ।
ਅੰਬਰ ਤੇਰਾ ਨੀਲਾ-ਚਿੱਟਾ,
ਤੂੰ ਲਾ ਕੇ ਵੇਖ ਉਡਾਰੀ ।
ਧਰਤੀ ਦੇ ਪਿੰਡੇ ਤੇ ਹੋਣੀ,
ਨਵੀਂ ਮਾਨੁੱਖ-ਉਸਾਰੀ ।
ਨਵੇਂ ਹੌਸਲੇ ਨਵੇਂ ਵਸੀਲੇ,
ਜੁੱਗ ਨਵੇਂ ਦੀ ਚਾਹ ।
ਨਿੱਡਰ ਹੋ ਤੁਰਿਆ ਚੱਲ ਹਾਣੀ,
ਫਿਹ ਸੱਪਾਂ ਦੀਆਂ ਸਿਰੀਆਂ ।
ਜੱਗ ਸਾਰੇ ਤੇ ਗੱਲਾਂ ਯਾਰਾ,
ਜੋਸ਼ ਤੇਰੇ ਦੀਆਂ ਛਿੜੀਆਂ ।
ਧਰਤੀ ਦੇ ਮਾਲਕ ਤੋਂ ਲੀਤਾ,
ਅਰਸ਼ਾਂ ਨੇ ਉਤਸ਼ਾਹ ।
ਉੱਜਲ ਹੋਣੀ ਸਮੇਂ ਦੀ ਬੁੱਕਲ,
ਉਮ੍ਹਲ ਉਮ੍ਹਲ ਮੁਸਕਾਵੇ ।
ਸੁਪਨੇ ਤੇਰੇ ਦੀ ਮਲਕਾ ਔਹ !
ਧਰਤੀ ਪਟਦੀ ਆਵੇ ।
ਜੀਵਨ ਨੂੰ ਜਿਸ ਕਰਨਾ ਪੱਧਰ,
ਟੋਏ ਟਿੱਬੇ ਢਾਹ ।
ਢੂੰਡ ਤੇਰੀ ਵਿੱਚ ਤਾਰਾ-ਮੰਡਲ,
ਲਾਵੇ ਚੱਕਰ ਸਾਰੇ ।
ਕੁਦਰਤ-ਰਾਣੀ ਬਾਂਦੀ ਤੇਰੀ,
ਭਰਦੀ ਅੱਜ ਹੁੰਗਾਰੇ ।
ਪ੍ਰਾਧੀਨਤਾ ਦਾ ਮੋਢੇ ਤੋਂ-
ਜੂਲਾ ਦਿਹ ਤੂੰ ਲਾਹ ।
ਦਿਨ ਚੜ੍ਹਦੇ ਦੀ ਲਾਲੀ ਨੇ ਜਾਂ,
ਕਿਰਨਾਂ ਧਰਤ ਵਿਛਾਈਆਂ ।
ਗਲ ਬਲਦਾਂ ਦੇ ਛਣਕੀ ਟੱਲੀ,
ਹੇਕਾਂ ਜੱਟ ਨੇ ਲਾਈਆਂ ।
ਆਲਮ ਸਾਰਾ ਵਿੱਚ ਹਕੀਕਤ,
ਤੇਰਾ ਏ ਹਮਰਾਹ ।

## ਭਾਰਤ

ਅਵਤਾਰ ਸਿੰਘ ਪਾਸ਼

ਭਾਰਤ
ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ
ਜਿਥੇ ਕਿਤੇ ਵੀ ਵਰਤਿਆ ਜਾਏ
ਬਾਕੀ ਸਾਰੇ ਸ਼ਬਦ ਅਰਥ-ਹੀਣ ਹੋ ਜਾਂਦੇ ਹਨ
ਇਸ ਸ਼ਬਦ ਦੇ ਭਾਵ,
ਖੇਤਾਂ ਦੇ ਉਨ੍ਹਾਂ ਪੁੱਤਰਾਂ ਤੋਂ ਹਨ
ਜਿਹੜੇ ਅੱਜ ਵੀ ਰੁੱਖਾਂ ਦੇ ਪਰਛਾਵਿਆਂ ਨਾਲ,
ਵਕਤ ਮਿਣਦੇ ਹਨ।
ਉਨ੍ਹਾਂ ਕੋਲ ਢਿੱਡ ਤੋਂ ਬਿਨਾਂ, ਕੋਈ ਸਮੱਸਿਆ ਨਹੀਂ।
ਤੇ ਉਹ ਭੁੱਖ ਲੱਗਣ ਤੇ
ਆਪਣੇ ਅੰਗ ਵੀ ਚਬਾ ਸਕਦੇ ਹਨ,
ਉਨ੍ਹਾਂ ਲਈ ਜ਼ਿੰਦਗੀ ਇਕ ਪ੍ਰੰਪਰਾ ਹੈ
ਤੇ ਮੌਤ ਦੇ ਅਰਥ ਹਨ ਮੁਕਤੀ।
ਜਦ ਵੀ ਕੋਈ ਸਮੁੱਚੇ ਭਾਰਤ ਦੀ
ਕੌਮੀ ਏਕਤਾ ਦੀ ਗੱਲ ਕਰਦਾ ਹੈ-
ਤਾਂ ਮੇਰਾ ਚਿੱਤ ਕਰਦਾ ਹੈ
ਉਸ ਦੀ ਟੋਪੀ ਹਵਾ 'ਚ ਉਛਾਲ ਦਿਆਂ।
ਉਸ ਨੂੰ ਦੱਸਾਂ
ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ।
ਜਿੱਥੇ ਅੰਨ ਉੱਗਦਾ ਹੈ
ਜਿੱਥੇ ਸੰਨ੍ਹਾਂ ਲੱਗਦੀਆਂ ਹਨ

## ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ

ਸੁਰਜੀਤ ਪਾਤਰ



ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ
ਚਾਨਣੀ ਵਿੱਚ ਹੋਰ ਰਸਤੇ ਚਮਕਦੇ
ਹੋਰ ਮੰਜ਼ਿਲ ਦੱਸਦਾ ਘਰ ਦਾ ਚਿਰਾਗ
ਸਿਵਿਆਂ ਲੋਏ ਹੋਰ ਪਗ-ਚਿੰਨ੍ਹ ਸੁਲਗਦੇ

ਇਹ ਸਿਵਾ, ਇਹ ਚੰਨ, ਸੂਰਜ, ਇਹ ਚਿਰਾਗ
ਵੱਖੋ ਵੱਖਰੇ ਰਸਤਿਆਂ ਵੱਲ ਖਿੱਚਦੇ
ਮੈਂ ਚੁਰਾਹੇ 'ਤੇ ਖੜਾ ਹਾਂ ਸੋਚਦਾ
ਕਿੰਨੇ ਟੋਟੇ ਕਰ ਦਿਆਂ ਇਕ ਹੋਂਦ ਦੇ

ਐ ਮਨਾ ਤੂੰ ਬੇਸੁਰਾ ਏਂ ਸਾਜ਼ ਕਿਉਂ
ਏਨੀ ਗੰਧਲੀ ਹੈ ਤੇਰੀ ਆਵਾਜ਼ ਕਿਉਂ
ਸੁਰ ਨਹੀਂ ਹੁੰਦਾ ਤੂੰ ਕਿਉਂ ਕੀ ਗੱਲ ਹੈ
ਇਲਮ ਦੇ ਮਸਲੇ ਨੇ ਜਾਂ ਇਖਲਾਕ ਦੇ

ਮਨ ਹੈ ਇਕ ਪੁਸਤਕ ਜਿਵੇਂ ਲਿਖ ਹੋ ਰਹੀ
ਜਿਸ ਦਾ ਕੋਈ ਆਦ ਹੈ ਨਾ ਅੰਤ ਹੈ
ਇਕ ਇਬਾਰਤ ਹੈ ਜੋ ਅੰਦਰ ਤੜਪਦੀ
ਵਾਕ ਨੇ ਇਕ ਦੂਸਰੇ ਨੂੰ ਕੱਟਦੇ

## ਤੇਰੇ ਮਨ ਵਿੱਚ ਜੀਕਣ ਆਇਆ

ਰਵਿੰਦਰ ਨਾਥ ਟੈਗੋਰ



ਤੇਰੇ ਮਨ ਵਿੱਚ ਜੀਕਣ ਆਇਆ
ਤੂੰ ਮੈਨੂੰ ਬੇਅੰਤ ਬਣਾਇਆ,
ਬਾਰ ਬਾਰ ਇਹ ਨਾਜ਼ਕ ਭਾਂਡਾ
ਤੂੰ ਮੇਰਾ ਖ਼ਾਲੀ ਕਰ ਦਿੱਤਾ,
ਤੇ ਮੁੜ ਦੇ ਕੇ ਸੱਜਰਾ ਜੀਵਨ
ਮੂੰਹ ਤੀਕਣ ਇਸ ਨੂੰ ਭਰ ਦਿੱਤਾ ।

ਲੈ ਨਿੱਕੀ ਇਹ ਬਾਂਸ ਦੀ ਪੋਰੀ
ਤੂੰ ਲੰਘਿਆ ਬਨ, ਪਰਬਤ, ਵਾਦੀ
ਤੇ ਫਿਰ ਨਵੇਂ ਨਰੋਏ ਨਗ਼ਮੇ
ਇਸ ਬੰਸੀ ਵਿੱਚੋਂ ਉਪਜਾਏ ।

ਅਮਰ ਛੋਹ ਪਾ ਤੇਰੇ ਹਥ ਦੀ
ਦਿਲ ਨਿੱਕਾ ਜਿਹਾ ਖੁਸ਼ੀਆਂ ਵਿਚ ਦੀ
ਹੱਦਾਂ-ਬੰਨੇ ਸਭ ਖੋ ਬਹਿੰਦਾ
ਅਣਮਿਟ ਨਗ਼ਮੇ ਹੈ ਛੁਹ ਬਹਿੰਦਾ

ਇਹ ਅਣਮੁਕਵੇਂ ਤੁਹਫ਼ੇ ਤੇਰੇ-
ਲੈਣ ਹੱਥ ਅਤ ਨਿਕੜੇ ਮੇਰੇ,
ਜੁਗ ਆਉਂਦੇ ਹਨ, ਜੁਗ ਜਾਂਦੇ ਹਨ
ਪਰ ਹਨ ਅਣਮੁਕ ਤੁਹਫ਼ੇ ਤੇਰੇ ।
ਲੈ ਸੱਕਣ ਦੀ ਹੋਰ ਵੀ ਹਾਲੀ
ਗੁੰਜਾਇਸ਼ ਹੈ, ਥਾਂ ਹੈ ਖ਼ਾਲੀ ।

## ਅਟਕ ਦਰਿਆ

ਧਨੀ ਰਾਮ ਚਾਤ੍ਰਿਕ



ਅਟਕਾ ਵੇ ! ਤੂੰ ਅਟਕ ਪਟਕਦਾ, ਲਟਕੀਂ ਮਟਕੀਂ ਵਹਿਨਾ ਏਂ ।
ਖੜ ਖੜ ਕਲ ਕਲ, ਸਾਂ ਸਾਂ, ਗੀਂ ਗੀਂ, ਖਬਰੇ ਕੀ ਕੀ ਕਹਿਨਾ ਏਂ ।

ਨਾਗਣ ਵਾਂਗ ਵਲੇਵੇਂ ਖਾ ਖਾ, ਵਾਂਗ ਜ਼ੁਲਫ਼ ਦੇ ਕੁੰਡਲ ਪਾ ਪਾ,
ਵਹੇਂ ਕਲਮ ਤਕਦੀਰੀ ਵਾਂਗਰ, ਵਰਜਿਆ ਮੂਲ ਨਾ ਰਹਿਨਾ ਏਂ ।

ਉਛਲੇਂ, ਬੁੜ੍ਹਕੇਂ, ਹੰਬਲੇ ਮਾਰੇਂ, ਤਿਉੜੀਆਂ ਵਟੇਂ, ਝੱਗ ਖਿਲਾਰੇਂ,
ਆਸ਼ਕ ਦੇ ਦਿਲ ਵਾਂਗ ਬਿਸਬਰਾ ! ਚਉ ਕਰ ਕੇ ਨ ਬਹਿਨਾ ਏਂ ।

ਨਚਦਾ ਟਪਦਾ, ਚੁੰਗੀਆਂ ਭਰਦਾ ਐਲੀ ਐਲੀ ਕਰਦਾ ਕਰਦਾ,
ਘੁੱਮਰ ਪਾਂਦਾ, ਸ਼ੋਰ ਮਚਾਂਦਾ, ਪੰਧ ਲਮੇਰੇ ਪੈਨਾ ਏਂ ।

ਢਕੀਆਂ, ਪਰਬਤ, ਜੰਗਲ, ਵਾੜੀ, ਜੋ ਕੁਝ ਵੇਖੇਂ, ਜਾਇੰ ਲਤਾੜੀਂ,
ਫਤਹ ਦਮਾਮੇ ਵਜਦੇ ਜਾਂਦੇ ਮੂੰਹ ਜਿਤ ਵਲ ਧਰ ਲੈਨਾ ਏਂ ।

ਕੂਲ੍ਹਾਂ ਝਰਨੇ ਆਲ ਦੁਆਲੇ, ਜਾਏਂ ਘਸੀਟੀ ਨਦੀਆਂ ਨਾਲੇ,
ਪੱਥਰ ਵੱਟਾ ਰੋੜ੍ਹੀਂ ਜਾਵੇਂ, ਨਾਲ ਚਿਟਾਨਾਂ ਖਹਿਨਾ ਏਂ ।

ਕਿਧਰੇ ਡਿਗਨਾ ਏਂ ਸਿਰਤਲਵਾਇਆ, ਕਿਧਰੇ ਥਾਲੀ ਵਿਚ ਟਿਕਾਇਆ,
ਆਕੜ ਚੌੜਾ ਹੋ ਬਹੇਂ ਕਿਧਰੇ ਬਿੱਲੀ ਵਾਂਗਰ ਛਹਿਨਾ ਏਂ ।

ਕਿਧਰੇ ਹਾਥੀ ਹਾਥ ਨ ਲੈਂਦੇ, ਕਿਧਰੇ ਗਾਹਣ ਬਰੇਤੇ ਪੈਂਦੇ,
ਮਨ ਦੀਆਂ ਮੌਜਾਂ ਵਾਂਗ ਅਮੋੜਾ ! ਹਰਦਮ ਚੜ੍ਹਦਾ ਲਹਿਨਾ ਏਂ ।

ਪੱਧਰ ਵਿਚ ਜਦ ਪੈਰ ਪਸਾਰੇਂ ਢਿਗਾਂ ਚੂਰੀ ਵਾਂਗ ਡਕਾਰੇਂ,
ਢਾਹਿੰ ਉਸਾਰੇਂ ਡੋਬੇ ਤਾਰੇਂ, ਕਹੀਆਂ ਫੜ ਫੜ ਡਹਿਨਾ ਏਂ ।

ਆਕੜ ਜ਼ੋਰ ਦਿਖਾਇੰ ਬੁਤੇਰਾ, ਓੜਕ ਕੱਖ ਨ ਰਹਿੰਦਾ ਤੇਰਾ,
ਕਤਰੇ ਵਾਂਗ ਸਮੁੰਦਰ ਦੇ ਵਿਚ ਸਿਰ ਪਰਨੇ ਜਦ ਢਹਿਨਾ ਏਂ ।

## ਹਵਾ ਦਾ ਜੀਵਨ

ਪ੍ਰੋਫੈਸਰ ਮੋਹਨ ਸਿੰਘ

ਦੇਹ ਹਵਾ ਦਾ ਜੀਵਨ ਸਾਨੂੰ,
ਸਦਾ ਖੋਜ ਵਿਚ ਰਹੀਏ ।
ਹਰ ਦਮ ਤਲਬ ਸਜਨ ਦੀ ਕਰੀਏ,
ਠੰਢੇ ਕਦੀ ਨਾ ਪਈਏ ।
ਜੰਗਲ ਗਾਹੀਏ, ਰੇਤੜ ਵਾਹੀਏ,
ਨਾਲ ਪਹਾੜਾਂ ਖਹੀਏ ।
ਇਕੋ ਸਾਹੇ ਭਜਦੇ ਜਾਈਏ,
ਕਿਸੇ ਪੜਾ ਨਾ ਲਹੀਏ ।
ਵੇਖ ਮੁਲਾਇਮ ਸੇਜ ਫੁਲਾਂ ਦੀ
ਧਰਨਾ ਮਾਰ ਨਾ ਬਹੀਏ ।
ਸੌ ਰੰਗਾਂ ਦੇ ਵਿਚੋਂ ਲੰਘ ਕੇ,
ਫਿਰ ਵੀ ਬੇਰੰਗ ਰਹੀਏ ।
ਜੇ ਕੋਈ ਬੁਲਬੁਲ ਹਾਕਾਂ ਮਾਰੇ,
ਕੰਨ ਵਿਚ ਉਂਗਲਾਂ ਦਈਏ ।
ਜੇ ਕੋਈ ਕੰਡਾ ਪੱਲਾ ਪਕੜੇ,
ਛੰਡੀਏ ਤੇ ਨੱਸ ਪਈਏ ।
ਦੇਹ ਹਵਾ ਦਾ ਜੀਵਨ ਸਾਨੂੰ,
ਸਦਾ ਖੋਜ ਵਿਚ ਰਹੀਏ ।



## ਵੇ ਪਰਦੇਸੀਆ

ਅੰਮ੍ਰਿਤਾ ਪ੍ਰੀਤਮ



ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ!

ਜਿਉਂ ਹੱਥ ਕਟੋਰਾ ਦੁੱਧ ਦਾ
ਵਿਚ ਕੇਸਰ ਦਿੱਤਾ ਘੋਲ।

ਚਾਨਣ ਲਿੱਪੀ ਰਾਤ ਨੇ
ਸੱਤ ਸਗੰਧਾਂ ਡੋਹਲ

ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ

ਆਸਾਂ ਕੱਤਣ ਬੈਠੀਆਂ
ਤੰਦ ਸੁਬਕ ਤੇ ਸੋਹਲ

ਭਰ ਭਰ ਲੱਛੇ ਪੈਣ ਵੇ
ਰੇਸ਼ਮੀ ਅੱਟੀ ਝੋਲ

ਅਰਪੀ ਕਿਸ ਨੇ ਜਿੰਦੜੀ
ਚਾਰੇ ਕੰਨੀਆਂ ਖੋਹਲ

ਬੱਦਲਾਂ ਭਰ ਲਈ ਅੱਖ ਵੇ
ਪੌਣਾਂ ਭਰ ਲਈ ਝੋਲ

ਪੰਛੀ ਤੋਲੇ ਪਰਾਂ ਨੂੰ
ਟਾਹਣਾ ਗਾਈਆਂ ਡੋਲ

ਲੈ ਦੇ ਖੰਭ ਵਿਕੰਦੜੇ
ਜਾਂ ਰਹਿ ਪਉ ਸਾਡੇ ਕੋਲ
ਵੇ ਪਰਦੇਸੀਆ !

## ਕਮਲ ਗੋਦੀ ਵਿੱਚ ਤ੍ਰੇਲ ਮੋਤੀ

ਭਾਈ ਵੀਰ ਸਿੰਘ



ਕਮਲ ਪੱਤ ਤੇ ਪਿਆ ਹਾਂ ਮੈਂ ਹਾਂ ਮੋਤੀ ਤ੍ਰੇਲ
ਝੂੰਮਾਂ ਜੀਕੂੰ ਨੀਰ ਤੇ ਪੱਤਾ ਕਰਦਾ ਕੇਲ,-
ਸੂਰਜ ਰਿਸ਼ਮ ਪੁਰੋਤੜਾ ਹੇਠਾਂ ਉਤਰਯਾ ਆਣ,
ਸੋਨੇ ਤਾਰ ਪੁਰੋਤੜੇ ਮੋਤੀ ਵਾਂਙੂ ਜਾਣ,
ਡਲ੍ਹਕਾਂ 'ਗੋਦੀ-ਕਮਲ' ਮੈਂ ਚਮਕਾਂ ਤੇ ਥਰਰਾਉਂ,
ਜੀਕੂੰ ਖਿੜੀ ਸਵੇਰ ਦੀ ਕਿਰਨ ਦਏ ਲਹਿਰਾਉ ।
ਭਾਗ ਭਰੇ ਜਿਸ ਹੱਥ ਨੇ ਪਲਮਾਇਆ ਮੈਂ ਹੇਠ,
ਸਭ ਨੂਰਾਂ ਦਾ ਹੱਥ ਉਹ ਕਾਦਰ, ਮਾਲਕ, ਸੇਠ,
ਉਹੋ ਸੁਹਾਵਾ ਹੱਥ ਹੈ ਸ਼ਾਹ ਮੇਰੇ ਦਾ ਹੱਥ,
ਸਾਰੇ ਹੱਥ ਉਸ ਹੱਥ ਦੇ ਰਹਿੰਦੇ ਹੇਠਾਂ ਹੱਥ;
ਕਮਲ ਗੋਦ ਅੱਜ ਖੇਡਦਾ ਰਖਿਆ ਮੈਂ ਉਸ ਹੱਥ,
ਕਲ ਪਰ ਗੋਦੀ ਓਸਦੀ ਖੇਡਾਂਗਾ ਛਡ ਵਿੱਥ:
ਘੱਲੇ, ਸੱਦੇ ਪਾਤਸ਼ਾਹ, ਏਥੇ ਓਥੇ ਆਪ,-
ਅਮਰ ਖੇਡ ਮੈਂ ਓਸਦੀ ਖੇਡ ਖਿਡਾਵੇ ਬਾਪ ।

# ਭਾਰਤੀ ਸਿਨੇਮਾ ਘਰਾਂ 'ਚ ਕਿਉਂ ਲੱਗਦੀਆਂ ਨੇ ਡਰਾਉਣੀਆਂ ਫ਼ਿਲਮਾਂ



## ਕਿਥੇ ਹੈ ਭਾਰਤੀ ਫ਼ਿਲਮ ਸੈਂਸਰ ਬੋਰਡ ?




ਭਾਰਤ ਵਿੱਚ ਹਰ ਸਾਲ ਵੱਡੀ ਗਿਣਤੀ ਵਿੱਚ ਹਿੰਦੀ ਸਮੇਤ ਹੋਰਨਾਂ ਭਾਸ਼ਾਵਾਂ 'ਚ ਫ਼ਿਲਮਾਂ ਦਾ ਨਿਰਮਾਣ ਹੁੰਦਾ ਹੈ, ਜਿਹਨਾਂ ਵਿਚੋਂ ਕਈ ਫ਼ਿਲਮਾਂ ਦਾ ਸਫ਼ਲ ਵੀ ਹੋ ਜਾਂਦੀਆਂ ਹਨ ਅਤੇ ਕਰੋੜਾਂ ਦੀ ਕਮਾਈ ਕਰਦੀਆਂ ਹਨ। ਕਈ ਫ਼ਿਲਮਾਂ ਤਾਂ ਸਮਾਜ ਨੂੰ ਕੋਈ ਨਵੀਂ ਸੇਧ ਵਾਲੀਆਂ ਹੁੰਦੀਆਂ ਹਨ ਭਾਵੇਂ ਕਿ ਵੱਡੀ ਗਿਣਤੀ ਫ਼ਿਲਮਾਂ ਦਾ ਮਕਸਦ ਸਿਰਫ਼ ਦਰਸ਼ਕਾਂ ਦਾ ਮਨੋਰੰਜਨ ਕਰਨਾ ਹੁੰਦਾ ਹੈ ਅਤੇ ਜ਼ਿੰਦਗੀ ਦੀ ਹਕੀਕਤ ਨਾਲ ਉਹਨਾਂ ਦਾ ਨਾਤਾ ਨਹੀਂ ਹੁੰਦਾ, ਇਸਦੇ ਬਾਵਜੂਦ ਕੁਝ ਫ਼ਿਲਮਾਂ ਸ਼ਰੋਤਿਆਂ ਨੂੰ ਕਾਫੀ ਪਸੰਦ ਆਉਂਦੀਆਂ ਹਨ।

ਕਾਫੀ ਸਮੇਂ ਤੋਂ ਭਾਰਤੀ ਸਿਨੇਮਿਆਂ ਵਿੱਚ ਡਰਾਉਣੀਆਂ ਫ਼ਿਲਮਾਂ ਵੀ ਦਿਖਾਈਆਂ ਜਾ ਰ ਹੀਆਂ ਹਨ। ਡਰਾਉਣੀਆਂ ਫ਼ਿਲਮਾਂ ਦਾ ਆਪਣਾ ਦਰਸ਼ਕ ਵਰਗ ਹੁੰਦਾ ਹੈ। ਅਕਸਰ ਆਮ ਹਿੰਦੀ ਫ਼ਿਲਮਾਂ ਦੇ ਨਾਲ ਵੱਖ ਵੱਖ ਤਰਾਂ ਦੀਆਂ ਡਰਾਉਂਦੀਆਂ ਫ਼ਿਲਮਾਂ ਵੀ ਬਣਾਈਆਂ ਤੇ ਸਿਨੇਮਾ ਘਰਾਂ ਵਿੱਚ ਦਿਖਾਈਆਂ ਜਾਂਦੀਆਂ ਹਨ। ਕਈ ਡਰਾਉਣੀਆਂ ਫ਼ਿਲਮਾਂ ਵਿੱਚ ਤਾਂ ਅਜਿਹੀਆਂ ਗੱਲਾਂ ਦਿਖਾਈਆਂ ਜਾਂਦੀਆਂ ਹਨ, ਜੋ ਕਿ ਅਸਲ ਜ਼ਿੰਦਗੀ ਵਿੱਚ ਸੰਭਵ ਨਹੀਂ ਹੁੰਦੀਆਂ। ਇਸ ਤੋਂ ਇਲਾਵਾ ਕਬਰਸਤਾਨ, ਕਾਲੀ ਪਹਾੜੀ ਅਤੇ ਹੋਰ ਅਜਿਹੀਆਂ ਡਰਾਉਣੀਆਂ ਫ਼ਿਲਮਾਂ ਸਿਨੇਮਾ ਘਰਾਂ ਵਿੱਚ ਦਿਖਾ ਕੇ ਅਸਲ ਵਿੱਚ ਦਰਸ਼ਕਾਂ ਦੇ ਇਕ ਖਾਸ ਵਰਗ ਨੂੰ ਖਿਚਿਆ ਜਾਂਦਾ ਹੈ। ਅਜਿਹੀਆਂ ਡਰਾਉਂਣੀਆਂ ਫ਼ਿਲਮਾਂ ਦਾ ਜਿਥੇ ਬੱਚਿਆਂ 'ਤੇ ਕਾਫੀ ਬੁਰਾ ਅਸਰ ਪੈਂਦਾ ਹੈ ਅਤੇ ਸਮਾਜ ਵਿੱਚ ਹਿੰਸਾ, ਜਾਦੂ ਟੋਣੇ ਅਤੇ ਹੋਰ ਕਈ ਗਲਤ ਚੀਜ਼ਾਂ ਵੀ ਫੈਲਦੀਆਂ ਹਨ।

ਡਰਾਉਣੀਆਂ ਫ਼ਿਲਮਾਂ ਬਾਰੇ ਜੋ ਇਸ਼ਤਿਹਾਰਬਾਜੀ ਕੀਤੀ ਜਾਂਦੀ ਹੈ, ਉਸ ਵਿੱਚ ਵੀ ਡਰਾਉਣੇ ਸੀਨਾਂ ਦੇ ਚਿੱਤਰ ਹੁੰਦੇ ਹਨ। ਜਨਤਕ ਤੌਰ ਤੇ ਕੀਤੀ ਜਾਂਦੀ ਇਸ ਤਰਾਂ ਦੀ ਇਸ਼ਤਿਹਾਰਬਾਜੀ ਅਤੇ ਡਰਾਉਣੇ ਸੀਨਾਂ ਦੇ ਚਿੱਤਰਾਂ ਨੂੰ ਵੇਖ ਕੇ ਅਕਸਰ ਬੱਚੇ ਅਤੇ ਕਮਜੋਰ ਦਿਲ ਲੋਕ ਡਰ ਜਾਂਦੇ ਹਨ। ਇਸ ਤਰਾਂ ਦੀਆਂ ਫ਼ਿਲਮਾਂ ਦੀ ਇਸ਼ਤਿਹਾਰਬਾਜੀ ਦਾ ਵੀ ਸਮਾਜ 'ਤੇ ਭੈੜਾ ਅਸਰ ਪੈਂਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਰ ਸੈਂਸਰ ਬੋਰਡ ਕਿਥੇ ਹੈ। ਅਕਸਰ ਆਮ ਹਿੰਦੀ ਫ਼ਿਲਮਾਂ ਤੇ ਹੋਰ ਭਾਸ਼ਾਵਾਂ ਦੀ ਫ਼ਿਲਮਾਂ ਵਿਚ ਆਮ ਸੀਨਾਂ ਤੇ ਵੀ ਕੈਂਚੀ ਫੇਰਨ ਵਾਲਾ ਭਾਰਤੀ ਫ਼ਿਲਮ ਸੈਂਸਰ ਬੋਰਡ ਡਰਾਉਂਣੀਆਂ ਫ਼ਿਲਮਾਂ ਨੂੰ ਕਿਸ ਤਰਾਂ ਪਾਸ ਕਰ ਦਿੰਦਾ ਹੈ ਅਤੇ ਸਰਟੀਫ਼ਿਕੇਟ ਦੇ ਦਿੰਦਾ ਹੈ। ਕੀ ਸੈਂਸਰ ਬੋਰਡ ਦੇ ਅਧਿਕਾਰੀਆਂ ਨੂੰ ਇਹਨਾਂ ਡਰਾਉਂਣੀਆਂ ਫ਼ਿਲਮਾਂ ਦੇ ਅਸਲੀ ਮਕਸਦ ਦਾ ਪਤਾ ਨਹੀਂ ਹੁੰਦਾ ਜਾਂ ਫਿਰ ਜਾਣ ਬੂਝ ਕੇ ਇਸ ਗਲ ਨੂੰ ਅੱਖੋਂ ਪਰੋਖੇ ਕਰ ਦਿਤਾ ਜਾਂਦਾ ਹੈ। ਇਸ ਤਰਾਂ ਸੈਂਸਰ ਬੋਰਡ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ।

ਸੈਂਸਰ ਬੋਰਡ ਦੀ ਨਾਂਹਪੱਖੀ ਭੂਮਿਕਾ ਕਾਰਨ ਡਰਾਉਣੀਆਂ ਫਿਲਮਾਂ ਦਾ ਨਿਰਮਾਣ ਅਤੇ ਇਹਨਾਂ ਨੂੰ ਸਿਨੇਮਾ ਘਰਾਂ ਵਿੱਚ ਦਿਖਾਏ ਜਾਣ ਦਾ ਰੁਝਾਨ ਵੱਧਦਾ ਜਾ ਰਿਹਾ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਸੈਂਸਰ ਬੋਰਡ ਨੂੰ ਇਸ ਸਬੰਧੀ ਆਪਣੀ ਜਿੰਮੇਵਾਰੀ ਦਿਖਾਉਣੀ ਚਾਹੀਦੀ ਹੈ ਅਤੇ ਡਰਾਉਂਦੀਆਂ ਫ਼ਿਲਮਾਂ ਦੇ ਨਿਰਮਾਣ ਅਤੇ ਅਜਿਹੀਆਂ ਫ਼ਿਲਮਾਂ ਨੂੰ ਸਿਨੇਮਾ ਘਰਾਂ ਵਿੱਚ ਦਿਖਾਏ ਜਾਣ 'ਤੇ ਲਗਾਮ ਲਗਾਉਣੀ ਜ਼ਰੂਰੀ ਹੈ।

### 28 ਸਕਿੰਟ ਲੰਮੀ ਹੇਕ ਲਾ ਕੇ ਵਿਸ਼ਵ ਰਿਕਾਰਡ ਕਾਇਮ ਕਰਨ ਵਾਲਾ ਗਾਇਕ

# ਸੁਰਜੀਤ ਬਿੰਦਰਖੀਆ

ਕੁਲਦੀਪ ਸਾਹਿਲ



ਸੁਰਜੀਤ ਬਿੰਦਰਖੀਆ ਪੰਜਾਬੀ ਗਾਇਕੀ ਦਾ ਉਹ ਨਾਂ ਹੈ ਜਿਸ ਦੇ ਗਾਏ ਗੀਤਾਂ ਨੂੰ ਹਰ ਉਮਰ ਵਰਗ ਦੇ ਲੋਕਾਂ ਨੇ ਪਸੰਦ ਕੀਤਾ। ਉਸ ਦੀ ਮੌਤ ਤੋਂ ਬਾਅਦ ਵੀ ਉਸ ਦੇ ਗੀਤਾਂ ਦਾ ਜਾਦੂ ਬਰਕਰਾਰ ਹੈ।

ਸੁਰਜੀਤ ਬਿੰਦਰਖੀਆ ਦਾ ਜਨਮ 15 ਅਪਰੈਲ 1962 ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਬਿੰਦਰੱਖ ਵਿਖੇ ਪਿਤਾ ਸੁੱਚਾ ਸਿੰਘ ਅਤੇ ਮਾਤਾ ਗੁਰਚਰਨ ਕੌਰ ਦੇ ਪਰਿਵਾਰ ਵਿੱਚ ਹੋਇਆ। ਉਸ ਦੇ ਪਿਤਾ ਮੰਨੇ-ਪ੍ਰਮੰਨੇ ਪਹਿਲਵਾਨ ਸਨ। ਆਪਣੇ ਪਿਤਾ ਨੂੰ ਘੁਲਦਿਆਂ ਦੇਖ ਸੁਰਜੀਤ ਬਿੰਦਰਖੀਆ ਅੰਦਰ ਵੀ ਪਹਿਲਵਾਨੀ ਦੀ ਚੇਟਕ ਲੱਗੀ, ਪਰ ਉਹ ਇਸ ਖਿੱਤੇ ਵਿੱਚ ਜ਼ਿਆਦਾ ਦੇਰ ਨਹੀਂ ਟਿਕ ਸਕਿਆ ਕਿਉਂਕਿ ਉਸ ਨੂੰ ਕਾਲਜ ਪੜ੍ਹਦਿਆਂ ਭੰਗੜੇ ਦਾ ਸ਼ੌਂਕ ਜਾਗ ਪਿਆ ਸੀ। ਉਸ ਨੇ ਕਾਲਜ ਦੀਆਂ ਸਟੇਜਾਂ ਉੱਤੇ ਬੋਲੀਆਂ ਅਤੇ ਭੰਗੜਾ ਪਾ ਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਪ੍ਰਸਿੱਧ ਗਾਇਕ ਪੰਮੀ ਬਾਈ ਨੇ ਉਸ ਅੰਦਰਲੀ ਪ੍ਰਤਿਭਾ ਨੂੰ ਭਾਂਪਦਿਆਂ ਉਸ ਨੂੰ ਦਿੱਲੀ ਵਿਖੇ 1982 ਵਿੱਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਸੱਭਿਆਚਾਰਕ ਮੇਲੇ ਵਿੱਚ ਸ਼ਮੂਲੀਅਤ ਕਰਨ ਲਈ ਰਜ਼ਾਮੰਦ ਕਰ ਲਿਆ। ਸੁਰਜੀਤ ਬਿੰਦਰਖੀਏ ਨੇ ਆਪਣੀ ਦਮਦਾਰ ਆਵਾਜ਼ ਅਤੇ ਭੰਗੜੇ ਨਾਲ ਦਰਸ਼ਕਾਂ ਦੇ ਦਿੱਲ ਜਿੱਤ ਲਏ। ਉਹ ਆਪਣੀ ਪਲੇਠੀ ਕੈਸੇਟ ਨਾਲ ਹੀ ਉਸ ਸਮੇਂ ਦੇ ਹਿੱਟ ਕਲਾਕਾਰਾਂ ਦੀ ਕਤਾਰ ਵਿੱਚ ਆ ਖੜ੍ਹਾ ਹੋਇਆ। ਵਿਆਹਾਂ ਵਿੱਚ ਡੀ.ਜੇ. 'ਤੇ ਵੱਜਣ ਵਾਲੇ ਗੀਤਾਂ ਵਿੱਚ ਬਹੁਗਿਣਤੀ ਗੀਤ ਸੁਰਜੀਤ ਬਿੰਦਰਖੀਏ ਦੇ ਹੀ ਹੁੰਦੇ ਸਨ। ਉਸ ਦੇ ਅਨੇਕਾਂ ਗੀਤਾਂ ਨੇ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ। 'ਦੁਪੱਟਾ ਤੇਰਾ ਸੱਤ ਰੰਗ ਦਾ' ਗੀਤ ਨੂੰ ਵਿਸ਼ਵ ਪੱਧਰ ਦੇ ਦਸ ਹਿੱਟ ਗੀਤਾਂ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ। ਉਸ ਦੀਆਂ ਹੁਣ ਤੱਕ ਮਾਰਕੀਟ ਵਿੱਚ ਆਈਆਂ ਲਗਪਗ 29 ਦੇ ਕਰੀਬ ਕੈਸੇਟਾਂ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।



ਗੀਤਕਾਰ ਸ਼ਮਸ਼ੇਰ ਸੰਧੂ ਦੀ ਕਲਮ ਅਤੇ ਬਿੰਦਰਖੀਏ ਦੀ ਆਵਾਜ਼ ਨੇ ਮਿਲ ਕੇ ਅਜਿਹਾ ਇਤਿਹਾਸ ਸਿਰਜਿਆ ਜਿਸ ਦੀ ਮਿਸਾਲ ਮਿਲਣੀ ਬੜੀ ਔਖੀ ਹੈ। ਉਸ ਦੇ ਅਨੇਕਾਂ ਗੀਤ ਜਿਨ੍ਹਾਂ ਵਿੱਚੋਂ 'ਦੁਪੱਟਾ ਤੇਰਾ ਸੱਤ ਰੰਗ ਦਾ', 'ਤੇਰੇ 'ਚੋਂ ਤੇਰਾ ਯਾਰ ਬੋਲਦਾ', 'ਲੱਕ ਟੁਣੂੰ ਟੁਣੂੰ', 'ਮੁੱਖੜਾ', 'ਪੇਕੇ ਹੁੰਦੇ ਮਾਵਾਂ ਨਾਲ', 'ਕੱਚੇ ਤੰਦਾਂ ਦੀਆਂ ਅੱਜ-ਕੱਲ੍ਹ ਯਾਰੀਆਂ' ਅਤੇ 'ਮੈਂ ਤਿੜਕੇ ਘੜੇ ਦਾ ਪਾਣੀ' ਆਦਿ ਗੀਤ ਅੱਜ ਵੀ ਹਵਾਵਾਂ ਵਿੱਚ ਆਪਣੀ ਮਹਿਕ ਬਿਖੇਰਦੇ ਹਨ।

ਉਸ ਨੇ 28 ਸਕਿੰਟ ਲੰਮੀ ਹੇਕ ਲਾ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ। ਉਸ ਨੇ ਮਿਰਜ਼ਾ, ਜੁਗਨੀ, ਟੱਪੇ ਅਤੇ ਬੀਟ ਗੀਤਾਂ ਨੂੰ ਵਿਲੱਖਣ ਅੰਦਾਜ਼ ਵਿੱਚ ਗਾ ਕੇ ਆਪਣੀ ਇੱਕ ਅਲਹਿਦਾ ਪਛਾਣ ਬਣਾਈ। ਉਸ ਦੇ ਗੀਤ ਪੰਜਾਬੀ ਦੀਆਂ ਨਾਮਵਰ ਫਿਲਮਾਂ ਵਿੱਚ ਵੀ ਗੂੰਜੇ। ਉੱਚੇ-ਲੰਮੇ ਕੱਦ-ਕਾਠ ਅਤੇ ਸੋਹਣੀ ਡੀਲ-ਡੌਲ ਦਾ ਮਾਲਕ ਸੁਰਜੀਤ ਬਿੰਦਰਖੀਆ ਜਦੋਂ ਕੁੜਤੇ, ਚਾਦਰੇ ਅਤੇ ਲਿਸ਼ਕਦੀ ਪੱਗ ਬੰਨ੍ਹ ਕੇ ਸਟੇਜ ਉੱਤੇ ਖੜ੍ਹ ਉੱਚੀ ਹੇਕ ਲਾਉਂਦਾ ਤਾਂ ਦਰਸ਼ਕ ਅਸ਼-ਅਸ਼ ਕਰ ਉੱਠਦੇ। 17 ਨਵੰਬਰ 2003 ਨੂੰ ਤਿੜਕੇ ਘੜੇ ਦਾ ਪਾਣੀ ਖਾਲੀ ਹੋ ਚੁੱਕਾ ਸੀ ਅਤੇ ਪੰਜਾਬੀ ਗਾਇਕੀ ਦੇ ਅੰਬਰ ਦਾ ਚੰਨ ਸੁਰਜੀਤ ਬਿੰਦਰਖੀਆ ਸਦਾ-ਸਦਾ ਲਈ ਉਡਾਰੀ ਮਾਰ ਗਿਆ। ਅੱਜ ਉਸ ਦਾ ਪੁੱਤ ਗੀਤਾਜ ਬਿੰਦਰਖੀਆ ਆਪਣੇ ਪਿਤਾ ਦੇ ਪਾਏ ਹੋਏ ਪੂਰਨਿਆਂ ਉੱਤੇ ਚੱਲਣ ਲਈ ਜ਼ੋਰ ਅਜ਼ਮਾਈ ਕਰ ਰਿਹਾ ਹੈ

# 'ਬੂਹੇ ਬਾਰੀਆਂ' ਫ਼ਿਲਮ ਲੈ ਕੇ ਆ ਰਹੀ ਹੈ ਪੰਜਾਬੀ ਭੈਣਾਂ ਨੀਰੂ ਬਾਜਵਾ ਤੇ ਰੁਬੀਨਾ ਬਾਜਵਾ ਦੀ ਜੋੜੀ




ਪੰਜਾਬੀ ਐਕਟਰਸ ਨੀਰੂ ਨੇ ਹਾਲ ਹੀ ਵਿੱਚ ਬੂਹੇ ਬਾਰੀਆਂ ਨਾਂਅ ਦੀ ਨਵੀਂ ਫ਼ਿਲਮ ਦਾ ਐਲਾਨ ਕੀਤਾ ਹੈ। ਦੱਸ ਦਈਏ ਕਿ ਬੂਹੇ ਬਾਰੀਆਂ ਹਦੀਕਾ ਕੀਨਾ ਦਾ ਇੱਕ ਬਹੁਤ ਹੀ ਪ੍ਰਸਿੱਧ ਗੀਤ ਹੈ। ਇਸ ਤੋਂ ਇਲਾਵਾ, ਨੀਰੂ ਬਾਜਵਾ ਦੇ ਨਾਲ ਫ਼ਿਲਮ ਵਿੱਚ ਰੁਬੀਨਾ ਬਾਜਵਾ ਵੀ ਮੁੱਖ ਭੂਮਿਕਾ ਵਿੱਚ ਹੈ।

ਇਸ ਦੇ ਨਾਲ ਹੀ ਇਸ ਫ਼ਿਲਮ ਵਿੱਚ ਦੋਵਾਂ ਖ਼ੂਬਸੂਰਤ ਭੈਣਾਂ ਦੀ ਜੋੜੀ ਦੇ ਨਾਲ ਮੇਲ ਲੀਡ ਰੋਲ ਵਿੱਚ ਕਿਹੜੇ ਐਕਟਰ ਨੂੰ ਸਪੇਸ ਮਿਲੀ ਹੈ ਇਸ ਬਾਰੇ ਖੁਲਾਸਾ ਨਹੀਂ ਹੋਇਆ। ਜਿਸ ਤੋਂ ਬਾਅਦ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਇੱਕ ਫੀਮੇਲ ਓਰੀਐਂਟਿਡ ਫ਼ਿਲਮ ਹੋ ਸਕਦੀ ਹੈ। ਇਸ ਸਭ ਦੇ ਨਾਲ ਦੱਸ ਦਈਏ ਕਿ ਫ਼ਿਲਮ ਬੂਹੇ ਬਰੀਆਂ ਦਾ ਫਸਟ ਲੁੱਕ ਪੋਸਟਰ ਵੀ ਆਊਟ ਹੋ ਗਿਆ ਹੈ ਤੇ ਫੈਨਸ ਇਸ ਨੂੰ ਬਹੁਤ ਪਸੰਦ ਕਰ ਰਹੇ ਹਨ।

ਫ਼ਿਲਮ ਦੀ ਰਿਲੀਜ਼ ਦੀ ਗੱਲ ਕਰੀਏ ਤਾਂ ਬੂਹੇ ਬਰੀਆਂ 29 ਸਤੰਬਰ, 2023 ਨੂੰ ਵੱਡੇ ਪਰਦੇ 'ਤੇ ਆਉਣ ਵਾਲੀ ਹੈ। ਇਸ ਦੇ ਕ੍ਰੈਡਿਟ ਦੀ ਗੱਲ ਕੀਤੀ ਜਾਵੇ ਤਾਂ ਆਉਣ ਵਾਲੀ ਫ਼ਿਲਮ ਦਾ ਡਾਇਰੈਕਸ਼ਨ ਉਦੈ ਪ੍ਰਤਾਪ ਸਿੰਘ ਨੇ ਕੀਤਾ ਹੈ ਤੇ ਜਗਦੀਪ ਵੜਿੰਗ ਨੇ ਇਸ ਨੂੰ ਲਿਖਿਆ ਹੈ

ਇਹ ਫ਼ਿਲਮ ਨੀਰੂ ਬਾਜਵਾ ਐਂਟਰਟੇਨਮੈਂਟ, ਯੂ ਐਂਡ ਆਈ ਫਿਲਮਜ਼ ਅਤੇ ਲੀਨੀਆਜ਼ ਐਂਟਰਟੇਨਮੈਂਟ ਦੇ ਬੈਨਰ ਹੇਠ ਬਣ ਰਹੀ ਹੈ। ਇਸ ਤੋਂ ਇਲਾਵਾ, ਸਟਾਰ ਕਾਸਟ ਦੀ ਗੱਲ ਕਰੀਏ ਤਾਂ ਨੀਰੂ ਬਾਜਵਾ ਅਤੇ ਰੁਬੀਨਾ ਬਾਜਵਾ ਤੋਂ ਇਲਾਵਾ ਬੂਹੇ ਬਰੀਆਂ ਵਿੱਚ ਨਿਰਮਲ ਰਿਸ਼ੀ, ਜਤਿੰਦਰ ਕੌਰ, ਸਿਮੋਨ ਸਿੰਘ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਸੀਮਾ ਕੌਸ਼ਲ, ਬਲਜਿੰਦਰ ਕੌਰ ਅਤੇ ਧਰਮਿੰਦਰ ਕੌਰ ਵੀ ਪ੍ਰਮੁੱਖ ਭੂਮਿਕਾਵਾਂ ਵਿੱਚ ਹਨ।

# ਖਿਡਾਰੀਆਂ ਨੂੰ ਲੱਗਿਆ ਡੋਪਿੰਗ ਦਾ ਡੰਗ

## ਮੈਡਲ ਹਾਸਿਲ ਕਰਨ ਦੀ ਮ੍ਰਿਗਤ੍ਰਿਸ਼ਨਾ ਕਾਰਨ ਡੋਪਿੰਗ 'ਚ ਫ਼ਸੇ ਖਿਡਾਰੀ

### ਡੋਪਿੰਗ ਨੇ ਡੋਬ ਦਿਤਾ ਕਈ ਪ੍ਰਸਿੱਧ ਖਿਡਾਰੀਆਂ ਦਾ ਕੈਰੀਅਰ



ਦੁਨੀਆਂ ਵਿੱਚ ਖੇਡਾਂ ਦੇ ਅਹਿਮ ਅਤੇ ਅੰਤਰਰਾਸ਼ਟਰੀ ਮੁਕਾਬਲੇ ਕਰਵਾਏ ਜਾਂਦੇ ਹਨ, ਪਰ ਉਦੋਂ ਦੁੱਖ ਹੁੰਦਾ ਹੈ ਜਦੋਂ ਮੈਡਲ ਜਿੱਤ ਚੁਕੇ ਖਿਡਾਰੀ ਡੋਪਿੰਗ ਵਿੱਚ ਫਸ ਜਾਂਦੇ ਹਨ। ਡੋਪਿੰਡ ਦਾ ਮਾਮਲਾ 1988 ਦੀਆਂ ਸਿਉਲ ਉਲੰਪਿਕਸ ਦੌਰਾਨ ਵੱਡੇ ਪੱਧਰ 'ਤੇ ਉਭਰਿਆ ਸੀ। 1988 ਦੀਆਂ ਸਿਓਲ ਉਲੰਪਿਕ ਖੇਡਾਂ ਦੌਰਾਨ ਕੈਨੇਡਾ ਦੇ ਫਰਾਟਾ ਦੌੜਾਕ ਬੈਨ ਜੌਹਨਸਨ ਨੇ ਜਦੋਂ ਸੋਨ ਤਗਮਾ ਜਿਤਿਆ ਸੀ ਤਾਂ ਪੂਰੀ ਦੁਨੀਆਂ ਵਿੱਚ ਵਸ ਰਹੇ ਕੈਨੇਡੀਅਨਾਂ ਦੁਆਰਾਂ ਨੱਚ ਟੱਪ ਕੇ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਪਰ ਬੈਨ ਜੌਹਨਸਨ ਦੇ ਡੋਪਿੰਗ ਵਿੱਚ ਫਸਣ ਕਾਰਨ ਨੱਚਣ ਵਾਲਿਆਂ ਦੇ ਪੈਰਾਂ ਨੂੰ ਮੋਚ ਆ ਗਈ ਸੀ ਅਤੇ ਉਸਦੀ ਜਿੱਤ ਦੀ ਖੁਸ਼ੀ ਵਿੱਚ ਵੱਜ ਰਹੀ ਸ਼ਹਿਨਾਈ ਵਿਚੋਂ ਮਾਤਮੀ ਧੁਨ ਨਿਕਲਣੀ ਸ਼ੁਰੂ ਹੋ ਗਈ ਸੀ। ਅਸਲ ਵਿੱਚ 1988 ਦੀਆਂ ਸਿਓਲ ਉਲੰਪਿਕ ਖੇਡਾਂ ਦੌਰਾਨ ਕੈਨੇਡਾ ਦੇ ਫਰਾਟਾ ਦੌੜਾਕ ਬੈਨ ਜੌਹਨਸਨ ਨੇ ਆਪਣੇ ਮਾਸ ਪੱਠਿਆਂ ਦੀ ਤਾਕਤ ਵਧਾਉਣ ਲਈ ਐਨਾਬੋਲਿਕ ਸਟੀਰਾਈਡ ਦਾ ਇਸਤੇਮਾਲ ਕਰਕੇ 100 ਮੀਟਰ ਫਰਾਟਾ ਦੌੜ ਵਿੱਚ 9:79 ਸੈਕੰਡ ਦਾ ਸਮਾਂ ਕੱਢ ਨਵਾਂ ਰਿਕਾਰਡ ਬਣਾ ਦਿੱਤਾ ਸੀ ਪਰ ਡੋਪ ਟੈਸਟ ਵਿੱਚ ਫੇਲ੍ਹ ਹੋਣ ਕਾਰਨ ਉਸ ਨੂੰ ਦਿੱਤਾ ਗੋਲਡ ਮੈਡਲ ਵਾਪਸ ਲੈ ਲਿਆ ਤੇ ਉਸਦੇ ਬਣਾਏ ਰਿਕਾਰਡ ਨੂੰ ਭੰਗ ਵੀ ਕਰ ਦਿੱਤਾ ਤੇ ਵਾਡਾ ਨੇ ਉਸ ਉਪਰ ਉਮਰ ਭਰ ਖੇਡਣ ਦੀ ਪਾਬੰਦੀ ਲਗਾ ਦਿੱਤੀ ਜਿਸ ਨਾਲ ਬੈਨ ਜੌਹਨਸਨ ਦੀ ਕੁਲ ਲੋਕਾਈ ਵਿੱਚ ਬੜੀ ਥੂ ਥੂ ਹੋਈ ਤੇ ਉਸਦੇ ਦੇਸ਼ ਕੈਨੇਡਾ ਨੂੰ ਵੀ ਸ਼ਰਮਸਾਰ ਹੋਣਾ ਪਿਆ। ਇਸ ਮੁਕਾਬਲੇ ਦਾ ਜੇਤੂ ਬਣਿਆ ਅਮਰੀਕੀ ਦੌੜਾਕ ਕਾਰਲ ਲੁਈਸ, ਜੋ ਪਹਿਲਾਂ ਇਸ ਰੇਸ ਵਿੱਚ ਦੋਇਮ ਰਿਹਾ ਸੀ । ਅਸਲ ਵਿੱਚ ਖਿਡਾਰੀ ਮੈਡਲ ਹਾਸਿਲ ਕਰਨ ਦੀ ਮਿਰਗ ਤ੍ਰਿਸ਼ਨਾ 'ਚ ਡੋਪਿੰਗ ਦਾ ਅਯੋਗ ਢੰਗ ਵਰਤ ਕੇ ਮੈਡਲ ਹਾਸਿਲ ਕਰ ਰਹੇ ਨੇ। ਦਰਅਸਲ ਕਿਸੇ ਖਿਡਾਰੀ ਵਲੋਂ ਨਸ਼ੀਲੇ ਪਦਾਰਥ ਜਾਂ ਕਿਸੇ ਵਰਜਿਤ ਦਵਾਈ ਦੀ ਵਰਤੋਂ ਕਰਕੇ ਆਪਣੇ ਖੇਡ ਪ੍ਰਦਰਸ਼ਨ ਨੂੰ ਵਧਾਉਣ ਨੂੰ ਡੋਪਿੰਗ ਆਖਦੇ ਨੇ। ਖੇਡ ਜਗਤ ਵਿਚੋਂ ਆਏ ਦਿਨ ਕੋਈ ਨਾ ਕੋਈ ਖ਼ਬਰ ਮਿਲਦੀ ਹੈ। ਡੋਪਿੰਗ ਨਾਲ ਤਾਜ਼ੀਆਂ ਜੁੜੀਆਂ ਅਜਿਹੀਆ ਦੋ ਘਟਨਾਵਾਂ ਨੇ ਖੇਡ ਪ੍ਰੇਮੀਆਂ ਨੂੰ ਮੁੜ ਨਿਰਾਸ਼ ਕੀਤਾ ਹੈ। ਭਾਰਤੀ ਭਾਰ ਤੋਲਕ ਸੰਜੀਤਾ ਚਾਨੂੰ , ਜਿਸ ਨੇ ਸੰਨ 2014 ਦੀਆਂ ਗਲਾਸਕੋ ਤੇ 2018 ਦੀਆਂ ਗੋਲਡ ਕੋਸ ਹੋਈਆਂ ਰਾਸ਼ਟਰ ਮੰਡਲ ਖੇਡਾਂ 'ਚੋਂ ਦੋ ਵਾਰ ਸੋਨ ਤਗ਼ਮਾ ਜਿੱਤਿਆ ਸੀ, ਨੇ ਪਿਛਲੇ ਸਾਲ 2022 ਦੀਆਂ ਗੁਜਰਾਤ ਰਾਸ਼ਟਰੀ ਖੇਡਾਂ ਵਿਚ ਐਨਾਬੋਲਿਕ ਸਟੀਰਾਈਡ- ਡਰੋਸਤਾਨੋਲੋਂਨ ਮੇਟਾਬੋਲਾਈਟ ਨਾਂ ਦੀ ਪਾਬੰਦੀਸ਼ੁਦਾ ਦਵਾਈ ਦਾ ਇਸਤੇਮਾਲ ਕਰਕੇ ਭਾਗ ਲਿਆ ਤੇ ਇਸ ਮੁਕਾਬਲੇ ਤੋਂ ਬਾਅਦ ਉਹ ਡੋਪ ਜਾਂਚ ਦੌਰਾਨ ਪਾਜ਼ੀਟਿਵ ਪਾਈ ਗਈ ਜਿਸ ਕਾਰਨ ਰਾਸ਼ਟਰੀ ਡੋਪਿੰਗ ਰੋਕੂ ਏਜੰਸੀ (ਨਾਡਾ) ਨੇ ਉਸ ਉਪਰ ਚਾਰ ਸਾਲ ਲਈ ਕਿਸੇ ਵੀ ਖੇਡ ਮੁਕਾਬਲੇ ਵਿੱਚ ਭਾਗ ਨਾ ਲੈਣ ਦੀ ਪਾਬੰਦੀ ਲਗਾ ਦਿੱਤੀ ਹੈ ਤੇ ਉਸ ਵਲੋਂ ਰਾਸ਼ਟਰੀ ਖੇਡਾਂ ਵਿਚੋਂ ਜਿੱਤੇ ਸਿਲਵਰ ਮੈਡਲ ਨੂੰ ਵਾਪਿਸ ਲੈ ਲਿਆ ਹੈ। ਡੋਪਿੰਗ ਦੇ ਨਾਗ ਨੇ ਦੂਜਾ ਡੰਗ ਮਾਰਿਆ ਹੈ ਬਰਤਾਨੀਆ ਦੇ ਲਾਈਟ ਵੇਟ 'ਚ ਵਿਸ਼ਵ ਜੇਤੂ ਤੇ ਓਲੰਪਿਕ ਖੇਡਾਂ ਦੇ ਚਾਂਦੀ ਤਗਮਾ ਜੇਤੂ ਮੁੱਕੇਬਾਜ਼ ਆਮਿਰ ਖਾਨ ਨੂੰ ਜੋ ਮਾਨਚੈਸਟਰ ਵਿਖੇ ਫਰਵਰੀ 2022 ਚ ਹੋਏ ਬਾਕਸਿੰਗ ਮੁਕਾਬਲੇ ਵਿਚ ਆਪਣੇ ਵਿਰੋਧੀ ਮੁੱਕੇਬਾਜ਼ ਕੇਲ ਬਰੂਕ ਨਾਲ ਮੁਕਾਬਲੇ ਤੋਂ ਬਾਅਦ ਡੋਪ ਟੈਸਟ ਦੌਰਾਨ ਪਾਜ਼ੇਟਿਵ ਪਾਇਆ ਗਿਆ। ਟੈਸਟ ਤੋਂ ਬਾਅਦ ਪਤਾ ਲੱਗਾ ਕੇ ਉਸਨੇ ਆਪਣੀ ਤਾਕਤ ਵਧਾਉਣ ਲਈ ਓਸਟੇਰਿਨ-ਏਨਾਬੋਲਿਕ ਏਜੰਟ ਨਾਮ ਦੀ ਪਾਬੰਦੀਸੁਦਾ ਦਵਾਈ ਦਾ ਸੇਵਨ ਕੀਤਾ ਹੋਇਆ ਸੀ ਜੋ ਵਿਸ਼ਵ ਡੋਪਿੰਗ ਰੋਕੂ ਏਜੰਸੀ (ਵਾਡਾ) ਦੀ ਪਾਬੰਦੀਸ਼ੁਦਾ ਲਿਸਟ ਵਿਚ ਸ਼ਾਮਿਲ ਹੈ। ਹੁਣ ਉਸ ਉਪਰ ਵੀ ਬ੍ਰਿਟੇਨ ਦੀ ਡੋਪਿੰਗ ਰੋਕੂ ਸੰਸਥਾ ਨੇ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕਰ ਦਿੱਤਾ ਹੈ। ਆਪਣੀ ਇਸ ਹਰਕਤ ਨਾਲ ਇਹ ਦੋਵੇਂ ਖਿਡਾਰੀ ਹੁਣ ਨਾ ਘਰ ਦੇ ਰਹੇ ਨਾ ਘਾਟ ਦੇ। ਖੇਡ ਸੰਸਾਰ ਵਿਚ ਡੋਪਿੰਗ ਦੇ ਅਜਿਹੇ ਅਨੇਕਾਂ ਮਾਮਲੇ ਸਮੇਂ ਸਮੇਂ ਤੇ ਸਾਹਮਣੇ ਆਉਂਦੇ ਰਹੇ ਨੇ ਜਿਨ੍ਹਾਂ ਨਾਲ ਡੋਪਿੰਗ ਕਰਨ ਵਾਲੇ ਖਿਡਾਰੀਆਂ ਅਤੇ ਉਨਾਂ ਦੇ ਮੁਲਖਾਂ ਨੂੰ ਨਮੋਸ਼ੀ ਝੱਲਣੀ ਪਈ ਤੇ ਕਈ ਖਿਡਾਰੀਆਂ ਨੂੰ ਇਸ ਦੇ ਮਾਰੂ ਪ੍ਰਭਾਵਾਂ ਕਾਰਨ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ। ਖੇਡਾਂ ਦੀ ਦੁਨੀਆਂ ਵਿਚ ਡੋਪਿੰਗ ਦਾ ਪਹਿਲਾ ਮਾਮਲਾ 1960 ਦੀਆਂ ਰੋਮ ਓਲੰਪਿਕ ਖੇਡਾਂ ਦੌਰਾਨ ਡੈਨਮਾਰਕ ਦੇ ਸਾਈਕਲਿਸਟ ਕੁਰਤ ਜੈਕਸਨ ਦਾ ਆਇਆ। ਜਿਸ ਨੇ ਇਹਨਾਂ ਖੇਡਾਂ ਵਿਚ ਨਸ਼ੀਲੇ ਪਦਾਰਥ ਦਾ ਸੇਵਨ ਕਰਕੇ ਸਾਈਕਲਿੰਗ ਕੀਤੀ ਤੇ ਉਹ ਸਾਈਕਲ ਟਰੈਕ ਵਿਚ ਹੀ ਦਮ ਤੋੜ ਗਿਆ।ਕੌਮਾਂਤਰੀ ਓਲੰਪਿਕ ਕਮੇਟੀ ਅਨੁਸਾਰ ਡੋਪਿੰਗ ਨੂੰ ਰੋਕਣ ਲਈ ਵਿਸ਼ਵ ਪੱਧਰ ਦੀ ਬਣੀ ਵਰਲਡ ਐਂਟੀ ਡੋਪਿੰਗ ਏਜੰਸੀ (ਵਾਡਾ) ਨੇ ਅਜਿਹੀਆਂ 200 ਤੋਂ ਵੱਧ ਮੈਡੀਕੇਟਿਡ ਦਵਾਈਆਂ ਦੀ ਲਿਸਟ ਬਣਾਈ ਹੈ ਜਿਨ੍ਹਾਂ ਦਾ ਸੇਵਨ ਕਰਕੇ ਖਿਡਾਰੀ ਕਿਸੇ ਵੀ ਕੌਮਾਂਤਰੀ ਖੇਡ ਮੁਕਾਬਲੇ ਵਿਚ ਭਾਗ ਨਹੀਂ ਲੈ ਸਕਦਾ। ਮੁਕਾਬਲੇ ਤੋਂ ਤੁਰੰਤ ਬਾਅਦ ਖਿਡਾਰੀ ਨੂੰ ਗ੍ਰਾਊਂਡ ਵਿਚੋਂ ਹੀ ਡੋਪ ਟੈਸਟ ਲਈ ਲੈਬ ਵਿੱਚ ਲਿਜਾਇਆ ਜਾਂਦੈ ਜਿਥੇ ਉਸਦੇ ਖੂਨ ਅਤੇ ਪਿਸ਼ਾਬ ਦੇ ਨਮੂਨਿਆ ਨੂੰ ਲੈ ਕੇ ਟੈਸਟ ਕਰ ਲਿਆ ਜਾਂਦੈ ਜਿਸ ਵੀ ਖਿਡਾਰੀ ਦਾ ਡੋਪ ਟੈਸਟ ਪਾਜ਼ਿਟਿਵ ਆ ਜਾਂਦਾ ਹੈ ਉਸਦੇ ਖਿਲਾਫ ਵਾਡਾ/ਨਾਡਾ ਏਡੀਆਰ ਦੇ ਆਰਟੀਕਲਜ਼ ਮੁਤਾਬਿਕ ਕਾਰਵਾਈ ਕੀਤੀ ਜਾਂਦੀ ਹੈ। ਫੇਰ ਵੀ ਆਪਣੇ ਖੇਡ ਮਿਆਰ ਨੂੰ ਉੱਚਾ ਚੁੱਕਣ ਦੀ ਲਾਲਸਾ ਵਿਚ ਖਿਡਾਰੀ ਡੋਪਿੰਗ ਦਾ ਇਸਤੇਮਾਲ ਕਰਦੇ ਨੇ। ਇਹ ਚਰਚਾ ਬੇਲੋੜੀ ਨਹੀਂ ਹੋਵੇਗੀ ਜੇ ਅਸੀਂ ਇਨ੍ਹਾਂ ਖਤਰਨਾਕ ਤੇ ਜਾਨ ਲੇਵਾ ਦਵਾਈਆਂ ਦੇ ਭਿਆਨਕ ਸਿੱਟਿਆਂ ਨੂੰ ਉਹਨਾਂ ਦੇ ਅੰਗ ਸੰਗ ਨਾ ਕਰੀਏ। ਕਿਸੇ ਖਿਡਾਰੀ ਦੀ ਉਤੇਜਨਾ ਵਧਾਉਣ ਵਾਲੇ ਪਦਾਰਥ ਐਮਫ਼ੀਟਾਮਾਈਨਸ, ਕੈਫ਼ੀਨ, ਐਫਡਰਾਈਨ ਤੇ ਮੈਸੋਕਾਰਬ ਹਨ ਜਿਹੜੇ ਕੇਂਦਰੀ ਨਾੜੀ ਪ੍ਰਣਾਲੀ ਨੂੰ ਤੇਜ਼ ਕਰਦੇ ਹੋਏ ਦਿਮਾਗ ਤੇ ਪੂਰੇ ਸਰੀਰ ਦੀ ਗਤੀ ਵਧਾਉਂਦੇ ਨੇ। ਇਹਨਾਂ ਪਦਾਰਥਾਂ ਦੇ ਸੇਵਨ ਨਾਲ ਖਿਡਾਰੀ ਨੂੰ ਦਿਲ ਦਾ ਦੌਰਾ ਪੈ ਸਕਦੈ। ਕਈ ਅਥਲੀਟ ਤੇ ਬਾਡੀ ਬਿਲਡਰ ਆਪਣੀਆ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਡਰੋਸਟਾਨੋਲੋਨ, ਓਕਸਾਐਨਡਰੋਲੋਨ, ਮੈਂਟਨੋਲੋਨ ਨਾਮ ਦੇ ਐਨਾਬੋਲਿਕ ਸਟੀਰਾਇਡਜ਼ ਦਾ ਇਸਤੇਮਾਲ ਕਰਦੇ ਹਨ ਜਿਸ ਨਾਲ ਉਹਨਾਂ ਦੀਆਂ ਮਾਸਪੇਸ਼ੀਆਂ ਦਾ ਆਕਾਰ ਵੱਧ ਜਾਂਦਾ ਤੇ ਉਹ ਬਲ ਭਰਪੂਰ ਹੋ ਜਾਂਦੀਆਂ ਨੇ ਪਰ ਇਹਨਾਂ ਪਦਾਰਥਾਂ ਦੇ ਸੇਵਨ ਨਾਲ ਖਿਡਾਰੀ ਦੇ ਗੁਰਦੇ ਫੇਲ੍ਹ ਹੋ ਸਕਦੇ ਨੇ ਤੇ ਜਿਗਰ 'ਤੇ ਮਾੜਾ ਅਸਰ ਪੈਂਦਾ ਹੈ। ਕਈ ਖਿਡਾਰੀ ਸਰੀਰ ਤੇ ਅੰਗਾਂ ਦੀ ਕਾਰਜ ਸ਼ਕਤੀ ਅਤੇ ਦਰਦ ਸਹਿਣ ਦੀ ਤਾਕਤ ਵਧਾਉਣ ਲਈ ਪੇਪਟਾਈਡ ਹਾਰਮੋਨਜ਼ ਨੂੰ ਖੇਡ ਮੁਕਾਬਲੇ ਤੋਂ ਪਹਿਲਾਂ ਆਪਣੇ ਸਰੀਰ ਵਿਚ ਦਾਖ਼ਲ ਕਰਵਾ ਲੈਂਦੇ। ਇਹ ਹਾਰਮੋਨਜ਼ ਖੂਨ ਦੇ ਲਾਲ ਰਕਤਾਣੂਆਂ ਵਿਚ ਹੁੰਦੈ।

ਇਸ ਦੇ ਦੁਰਉਪਯੋਗ ਨਾਲ ਖਿਡਾਰੀ ਦਾ ਦਿਲ ਫੇਲ੍ਹ ਹੋ ਸਕਦੈ। ਉਸਨੂੰ ਸ਼ੁਗਰ ਅਤੇ ਹੱਡੀਆਂ ਕਮਜ਼ੋਰ ਹੋਣ ਦੀ ਬਿਮਾਰੀ ਹੋ ਜਾਂਦੀ ਹੈ। ਕਈ ਮੁੱਕੇਬਾਜ਼ ਅਤੇ ਕੁਸ਼ਤੀ ਖਿਡਾਰੀ ਆਪਣਾ ਭਾਰ ਘਟਾਉਣ ਲਈ ਮੂਤਰ ਵਰਧਕ ਦਵਾਈਆਂ ਦਾ ਇਸਤੇਮਾਲ ਕਰਦੇ ਨੇ ਜਿਸ ਦੇ ਸੇਵਨ ਨਾਲ ਸਰੀਰ ਵਿਚ ਪਾਣੀ ਦੀ ਕਮੀ ਹੋ ਜਾਂਦੀ ਹੈ ਤੇ ਖਿਡਾਰੀ ਦੀ ਮੌਤ ਵੀ ਹੋ ਸਕਦੀ ਹੈ। ਅ ਸਲ ਵਿੱਚ ਕਈ ਪ੍ਰਸਿੱਧ ਖਿਡਾਰੀਆਂ ਦਾ ਕੈਰੀਅਰ ਡੋਪਿੰਡ ਕਾਰਨ ਡੁੱਬ ਚੁਕਿਆ ਹੈ, ਇਸਦੇ ਬਾਵਜੂਦ ਅਜੇ ਵੀ ਕਈ ਖਿਡਾਰੀਆਂ ਨੂੰ ਡੋਪਿੰਗ ਦਾ ਡੰਗ ਵਜਿਆ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ।

# WWE ਨੇ ਡਰਾਫਟ ਸੂਚੀ ਤੋਂ ਡਰਿਊ ਮੈਕਿੰਟਾਇਰ ਸਮੇਤ ਵੱਡੇ ਰੈਸਲਰਾਂ ਦੇ ਨਾਮ ਹਟਾਏ



WWE ਨੇ ਸਮੈਕਡਾਉਨ 'ਤੇ ਇੱਕ ਤਸਵੀਰ ਜਾਰੀ ਕੀਤੀ ਹੈ, ਜਿਸ ਵਿੱਚ ਮੁੱਖ ਰੋਸਟਰ ਦੇ ਲਗਭਗ 100 ਮੌਜੂਦਾ ਸੁਪਰਸਟਾਰਾਂ ਨੂੰ ਦਰਸਾਉਂਦੀ ਹੈ ਜੋ ਅਗਲੇ ਹਫਤੇ ਡਰਾਫਟ ਕੀਤੇ ਜਾਣ ਦੇ ਯੋਗ ਹਨ। ਇਸ ਸੂਚੀ 'ਚ ਸ਼ਾਰਲੋਟ ਫਲੇਅਰ ਅਤੇ ਡਰਿਊ ਮੈਕਿੰਟਾਇਰ ਸਮੇਤ ਕਈ ਸਿਤਾਰੇ ਸ਼ਾਮਲ ਹਨ, ਜੋ ਫਿਲਹਾਲ ਟੀ.ਵੀ. ਤੋਂ ਦੂਰ ਹਨ। ਹੈਰਾਨੀ ਦੀ ਗੱਲ ਹੈ ਕਿ ਕੰਪਨੀ ਨੇ 11 ਸੁਪਰਸਟਾਰਾਂ ਨੂੰ ਲਾਈਨਅੱਪ ਤੋਂ ਬਾਹਰ ਕਰ ਦਿੱਤਾ ਹੈ।

ਅਲੈਕਸਾ ਬਲਿਸ, ਅਲੀਯਾਹ, ਬ੍ਰੇ ਵਿਅਟ, ਕਾਰਮੇਲਾ, ਲੋਗਨ ਪੌਲ, ਬਿਗ ਈ, ਰੌਬਰਟ ਰੂਡ, ਰੈਂਡੀ ਔਰਟਨ, ਆਰ-ਟਰੂਥ, ਟੋਮਾਸੋ ਸਿਮਪਾ ਅਤੇ ਅੰਕਲ ਹਾਉਡੀ ਵਰਗੇ ਲੋਕ ਅਯੋਗ ਲੱਗਦੇ ਹਨ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਹਨਾਂ ਵਿੱਚੋਂ ਬਹੁਤ ਸਾਰੇ ਸਿਤਾਰੇ ਇਸ ਸਮੇਂ ਜ਼ਖਮੀ ਹਨ, ਪਰ ਰੋਂਡਾ ਰੌਸੀ ਵੀ ਸੂਚੀ ਤੋਂ ਬਾਹਰ ਹੈ।



ਅਲੈਕਸਾ ਬਲਿਸ ਨੂੰ ਰਾਇਲ ਰੰਬਲ 2023 ਵਿੱਚ ਉਸਦੀ ਹਾਰ ਤੋਂ ਬਾਅਦ ਕਈ ਮਹੀਨਿਆਂ ਤੋਂ ਨਹੀਂ ਦੇਖਿਆ ਗਿਆ ਹੈ। ਹਾਲਾਂਕਿ ਉਨ੍ਹਾਂ ਦੇ ਜਲਦ ਹੀ ਕੰਪਨੀ 'ਚ ਵਾਪਸੀ ਦੀ ਉਮੀਦ ਹੈ। ਇਹੀ ਗੱਲ ਬਰੇ ਵਿਅਟ ਲਈ ਕਹੀ ਜਾ ਸਕਦੀ ਹੈ, ਜੋ ਰੈਸਲਮੇਨੀਆ 39 ਲਈ ਲਾਸ ਏਂਜਲਸ ਵਿੱਚ ਸੀ ਪਰ ਸ਼ੋਅ ਵਿੱਚ ਹਿੱਸਾ ਨਹੀਂ ਲਿਆ ਸੀ।

ਕਈ ਮੌਜੂਦਾ ਡਬਲਯੂਡਬਲਯੂਈ ਸੁਪਰਸਟਾਰ ਨੂੰ ਕੁਝ ਹੋਰ ਮਹੀਨਿਆਂ ਲਈ ਦਰ ਕਿਨਾਰ ਕਰ ਦਿਤਾ ਜਾਵੇਗਾ।

ਰੂਡ ਅਤੇ ਬਿਗ ਈ ਸਮੇਤ ਕਈ ਸਿਤਾਰਿਆਂ ਦੇ ਡਰਾਫਟ ਤੋਂ ਬਾਹਰ ਰਹਿਣ ਦੀ ਉਮੀਦ ਹੈ ਕਿਉਂਕਿ ਸੱਟਾਂ ਉਨ੍ਹਾਂ ਨੂੰ ਕੁਝ ਹੋਰ ਮਹੀਨਿਆਂ ਲਈ ਮੁਕਾਬਲੇ ਤੋਂ ਬਾਹਰ ਰੱਖ ਸਕਦੀਆਂ ਹਨ। ਆਰ ਟਰੂਥ ਭਵਿੱਖ ਵਿੱਚ ਵਾਪਸੀ ਲਈ ਤਿਆਰ ਦਿਖਾਈ ਦਿੰਦਾ ਹੈ, ਜਦੋਂ ਕਿ ਰੈਂਡੀ ਔਰਟਨ ਆਪਣੀ ਸੱਟ ਦੀ ਸਥਿਤੀ ਨੂੰ ਦੇਖਦੇ ਹੋਏ ਬਾਕੀ ਦੇ ਸਾਲ ਲਈ ਬਾਹਰ ਹੋ ਸਕਦਾ ਹੈ। ਦੋਵਾਂ ਦੇ ਵਾਪਸ ਆਉਣ 'ਤੇ ਅੰਕਲ ਹਾਉਡੀ ਨੂੰ ਬ੍ਰੇ ਵਿਅਟ ਦੇ ਨਾਲ ਬੁਲਾਏ ਜਾਣ ਦੀ ਉਮੀਦ ਹੈ। ਪਰ ਲੋਗਨ ਪੌਲ ਦਾ ਇਕਰਾਰਨਾਮੇ 'ਤੇ ਹਾਲ ਹੀ ਵਿੱਚ ਦਸਤਖਤ ਕਰਨਾ ਉਸ ਨੂੰ ਡਰਾਫਟਿੰਗ ਪੋਟ ਵਿੱਚ ਸ਼ਾਮਲ ਕਰਨ ਲਈ ਕਾਫ਼ੀ ਹੋਣਾ ਚਾਹੀਦਾ ਸੀ।

ਹੈਰਾਨੀਜਨਕ ਤਰੀਕੇ ਨਾਲ ਛੱਡਿਆ ਗਿਆ ਨਾਮ ਗੇਬਲ ਸਟੀਵਨਸਨ ਸੀ, ਜੋ 2021 ਵਿੱਚ ਰਾਅ ਲਈ ਇੱਕ ਵੱਡੀ ਚੋਣ ਸੀ। ਹਾਲਾਂਕਿ, ਉਹ ਉਦੋਂ ਤੋਂ ਡਬਲਯੂਡਬਲਯੂਈ ਟੀਵੀ 'ਤੇ ਅਕਸਰ ਦਿਖਾਈ ਦਿੰਦਾ ਹੈ ਅਤੇ ਉਸ ਨੇ ਪ੍ਰੋਮੋਸ਼ਨ ਲਈ ਸਾਈਨ ਕੀਤੇ ਦੋ ਸਾਲਾਂ ਵਿੱਚ ਕੰਪਨੀ ਲਈ ਕੋਈ ਮੈਚ ਨਹੀਂ ਖੇਡਿਆ ਹੈ।

## ਕਈ ਵੱਡੇ ਸਵਾਲ ਖੜ੍ਹੇ ਕਰ ਗਿਆ

ਅੰਦਰ ਰੋਸ ਦੀ ਲਹਿਰ ਪੈਦਾ ਕਰ ਦਿਤੀ ਹੈ। ਅੰਮ੍ਰਿਤਪਾਲ ਸਿੰਘ ਦੀ ਪਤਨੀ ਇੰਗਲੈਂਡ ਦੀ ਨਾਗਰਿਕ ਹੈ, ਆਮ ਸਿੱਖ ਸਵਾਲ ਕਰ ਰਹੇ ਹਨ ਕਿ ਕੀ ਉਸਦਾ ਅੰਮ੍ਰਿਤਪਾਲ ਸਿੰਘ ਦੀ ਪਤਨੀ ਹੋਣਾ ਹੀ ਗੁਨਾਹ ਹੋ ਗਿਆ ? ਫਿਰ ਉਸ ਨੂੰ ਇੰਗਲੈਂਡ ਜਾਣ ਤੋਂ ਕਿਉਂ ਰੋਕਿਆ ਗਿਆ ਅਤੇ ਪੰਜਾਬ ਪੁਲਿਸ ਅਤੇ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਵੱਲੋਂ ਕਿਉਂ ਵਾਰ ਵਾਰ ਉਸ ਤੋਂ ਪੁੱਛ ਪੜਤਾਲ ਕੀਤੀ ਗਈ। ਕੁਝ ਸਿੱਖ ਆਗੂ ਕਹਿੰਦੇ ਹਨ ਕਿ ਪੰਜਾਬ ਪੁਲਿਸ ਦੇ ਇਸ ਵਤੀਰੇ ਨੇ ਬਟਾਲਾ ਦੇ ਸਾਬਕਾ ਐਸ ਐਸ ਪੀ ਗੋਬਿੰਦ ਰਾਮ ਦੀ ਯਾਦ ਦਿਵਾ ਦਿਤੀ ਹੈ। ਗੋਬਿੰਦ ਰਾਮ ਨੇ ਵੀ ਬਟਾਲਾ ਦੇ ਐਸ ਐਸ ਪੀ ਹੁੰਦਿਆਂ ਸਿੱਖ ਖਾੜਕੂਆਂ ਅਤੇ ਸਿੱਖ ਆਗੂਆਂ ਦੀਆਂ ਧੀਆਂ ਭੈਣਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਬੀਬੀਆਂ ਉਪਰ ਬਹੁਤ ਤਸੱਦਦ ਢਹਾਇਆ ਸੀ, ਜਿਸ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਸਮੇਂ ਦੇ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ ਵੀ ਆਵਾਜ਼ ਚੁੱਕੀ ਸੀ। ਹੁਣ ਸਿੱਖ ਆਗੂ ਸਵਾਲ ਕਰ ਰਹੇ ਹਨ ਕਿ ਪੰਜਾਬ ਪੁਲਿਸ ਵੱਲੋਂ ਐਸ ਐਸ ਪੀ ਗੋਬਿੰਦ ਰਾਮ ਵਰਗੀਆਂ ਕਾਰਵਾਈਆਂ ਕਿਸ ਲਈ ਕੀਤੀਆਂ ਜਾ ਰਹੀਆਂ ਹਨ। ਸਿੱਖ ਆਗੂ ਸਵਾਲ ਕਰ ਰਹੇ ਹਨ ਕਿ ਕੀ ਪੰਜਾਬ ਵਿੱਚ ਹੀ ਸਿੱਖ ਬੇਗਾਨੇ ਹੋ ਗਏ ਹਨ ?

ਪੰਜਾਬ ਪੁਲਿਸ ਵੱਲੋਂ 18 ਮਾਰਚ ਤੋਂ ਸ਼ੁਰੂ ਕੀਤਾ ਗਿਆ ਅਪਰੇਸ਼ਨ ਅੰਮ੍ਰਿਤਪਾਲ ਭਾਵੇਂ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਨਾਲ ਖ਼ਤਮ ਹੋ ਗਿਆ ਹੈ ਪਰ ਇਹ ਅਪਰੇਸ਼ਨ ਜੋ ਵੱਡੇ ਸਵਾਲ ਖੜੇ ਕਰ ਗਿਆ ਹੈ, ਉਸਦਾ ਜਵਾਬ ਤਾਂ ਦੇਣਾਂ ਹੀ ਪੈਣਾ ਹੈ ਪਰ ਹੁਣ ਇਹ ਵੀ ਵੱਡਾ ਸਵਾਲ ਹੈ ਕਿ ਇਹ ਜਵਾਬ ਹੁਣ ਦੇਵੇਗਾ ਕੌਣ ?

***

## ਮਿਸਲ ਸਤਲੁੱਜ ਦੀ ਅਗਵਾਈ ਵਿੱਚ ਸ਼ੁਰੂ ਕੀਤਾ

ਮਤੇ ਪਾਏ ਗਏ, ਜਿਹਨਾਂ ਨੂੰ "ਫੇਰੂ ਸ਼ਹਿਰ ਦੇ ਮਤੇ" ਦਾ ਨਾਂਅ ਦਿਤਾ ਗਿਆ। ਜਦੋਂ ਪੰਜਾਬ ਸਰਕਾਰ ਨੇ 20 ਮਾਰਚ 2023 ਤੋਂ 26 ਮਈ 2023 ਤਕ ਕੁਲ 65 ਦਿਨਾਂ ਵਿੱਚ ਰਾਜਸਥਾਨ ਫੀਡਰ ਦੀ ਬੰਦੀ ਦਾ ਐਲਾਨ ਕੀਤਾ ਅਤੇ ਕਿਹਾ ਕਿ ਇਸ ਸਮੇਂ ਦੌਰਾਨ ਇਸ ਨਹਿਰ ਵਿੱਚ ਪਲਾਸਟਿਕ ਸ਼ੀਟ ਅਤੇ ਕੰਕਰੀਟ ਪਾਏ ਜਾਣਗੇ ਤਾਂ ਇਸ ਵਿਰੁੱਧ ਮਿਸਲ ਸਤਲੁੱਜ ਦੀ ਅਗਵਾਈ ਵਿੱਚ 15 ਮਾਰਚ 2023 ਨੂੰ ਟ੍ਰੈਕਟਰ ਮਾਰਚ ਕੀਤਾ ਗਿਆ, ਜਿਸ ਵਿੱਚ 600 ਟ੍ਰੈਕਟਰ ਅਤੇ 100 ਦੇ ਕਰੀਬ ਕਾਰਾਂ ਸ਼ਾਮਲ ਹੋਈਆਂ। ਇਸ ਉਪਰੰਤ 'ਘੱਲ ਖੁਰਦ' ਦੀਆਂ ਨਹਿਰਾਂ ਦੇ ਪੁੱਲ 'ਤੇ ਮੋਰਚਾ ਸ਼ੁਰੂ ਕੀਤਾ ਗਿਆ, ਜਿਸ ਨੂੰ ਮੁੱਦਕੀ ਮੋਰਚੇ ਦਾ ਨਾਂਅ ਦਿਤਾ ਗਿਆ। ਇਸ ਮੋਰਚੇ ਦੌਰਾਨ ਇਸ ਪੁੱਲ ਦਾ ਇਕ ਪਾਸਾ ਬੰਦ ਕਰ ਦਿਤਾ ਗਿਆ ਅਤੇ ਦਿਨ ਰਾਤ ਦਾ ਮੋਰਚਾ ਜਾਰੀ ਰਿਹਾ। ਉਹਨਾਂ ਕਿਹਾ ਕਿ ਬੀਤੀ 5 ਅਪ੍ਰੈਲ ਸਮੇਤ ਹੋਰਨਾਂ ਕਈ ਦਿਨਾਂ ਦੌਰਾਨ ਮੋਰਚੇ 'ਚ ਵੱਡੇ ਇਕਠ ਕੀਤੇ ਗਏ, ਜਿਹਨਾਂ ਵਿੱਚ ਮੰਗਾਂ ਦੀ ਪੂਰਤੀ ਤਕ ਮੋਰਚਾ ਜਾਰੀ ਰੱਖਣ ਦਾ ਅਹਿਦ ਕੀਤਾ ਗਿਆ।

ਉਹਨਾਂ ਦਸਿਆ ਕਿ ਇਸ ਮੋਰਚੇ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਵੀ ਸਹਿਯੋਗ ਦਿਤਾ ਗਿਆ। ਪੰਜਾਬ ਸਰਕਾਰ ਨੇ 19 ਅਪ੍ਰੈਲ2023 ਨੂੰ ਰਾਜਸਥਾਨ ਫੀਡਰ ਵਿੱਚ ਫਰੀਦਕੋਟ ਤੋਂ ਹਰੀਕੇ ਪੱਤਣ ਤੱਕ ਪਲਾਸਟਿਕ ਸ਼ੀਟ ਅਤੇ ਕੰਕਰੀਟ ਪਾਏ ਜਾਣ ਦਾ ਪ੍ਰੋਜੈਕਟ ਰੱਦ ਕਰਨ ਦਾ ਪੱਤਰ ਜਾਰੀ ਕਰ ਦਿਤਾ ਗਿਆ। ਪੰਜਾਬ ਸਰਕਾਰ ਵਲੋਂ ਜਾਰੀ ਇਹ ਪੱਤਰ ਫਿਰੋਜ਼ਪੁਰ ਦਿਹਾਤੀ ਤੋਂ ਆਪ ਵਿਧਾਇਕ ਰਜਨੀਸ਼ ਦਹੀਆ ਅਤੇ ਡਿਪਟੀ ਕਮਿਸ਼ਨਰ ਸਮੇਤ ਹੋਰ ਅਧਿਕਾਰੀਆਂ ਨੇ 21 ਅਪ੍ਰੈਲ ਨੂੰ ਮੋਰਚੇ ਵਿੱਚ ਆ ਕੇ ਮੋਰਚੇ ਦੇ ਪ੍ਰਬੰਧਕਾਂ ਨੂੰ ਦਿਤਾ। ਮੋਰਚੇ ਦੀ ਸਫਲਤਾ ਤੋਂ ਬਾਅਦ ਅਤੇ ਪੰਜਾਬ ਸਰਕਾਰ ਵੱਲੋਂ ਰਾਜਸਥਾਨ ਫੀਡਰ ਵਿੱਚ ਫਰੀਦਕੋਟ ਤੋਂ ਹਰੀਕੇ ਪੱਤਣ ਤੱਕ ਪਲਾਸਟਿਕ ਸ਼ੀਟ ਅਤੇ ਕੰਕਰੀਟ ਪਾਏ ਜਾਣ ਦਾ ਪ੍ਰੋਜੈਕਟ ਰੱਦ ਕੀਤੇ ਜਾਣ ਤੋਂ ਬਾਅਦ ਇਹ ਮੋਰਚਾ ਸਫਲਤਾ ਪੂਰਵਕ ਸਮਾਪਤ ਹੋ ਗਿਆ।

ਉਹਨਾਂ ਕਿਹਾ ਕਿ ਭਾਵੇਂ ਇਹ ਮੋਰਚਾ ਸਫਲਤਾਪੂਰਵਕ ਸਮਾਪਤ ਹੋ ਗਿਆ ਹੈ ਪਰ ਮੋਰਚੇ ਦੇ ਪ੍ਰਬੰਧਕਾਂ ਵੱਲੋਂ ਫੇਰੂ ਸ਼ਹਿਰ ਦੇ ਮਤੇ ਅਤੇ ਹੋਰ ਮੁੱਦਿਆਂ ਅਤੇ ਮਸਲਿਆਂ ਦੇ ਹੱਲ ਲਈ ਸੰਘਰਸ਼ ਜਾਰੀ ਰਖਿਆ ਜਾਵੇਗਾ।

***

## ਅੰਮ੍ਰਿਤਪਾਲ ਸਿੰਘ ਦਾ ਦੁਬਈ ਦੇ ਟਰੱਕ ਡਰਾਇਵਰ

ਕਿਰਨਦੀਪ ਕੌਰ ਨਾਲ ਜੱਲੂਪੁਰ ਖੇੜਾ ਪਿੰਡ ਵਿੱਚ ਆਨੰਦ ਕਾਰਜ ਕੀਤੇ।

16 ਫਰਵਰੀ: ਅੰਮ੍ਰਿਤਪਾਲ ਤੇ ਉਸ ਦੇ ਹਮਾਇਤੀਆਂ (ਲਵਪ੍ਰੀਤ ਸਿੰਘ ਤੂਫਾਨ ਸਣੇ) ਖਿਲਾਫ਼ ਚਮਕੌਰ ਸਾਹਿਬ ਦੇ ਵਸਨੀਕ ਨੂੰ ਕਥਿਤ ਅਗਵਾ ਕਰਨ ਤੇ ਕੁੱਟਮਾਰ ਦਾ ਕੇਸ ਦਰਜ।

17 ਫਰਵਰੀ: ਲਵਪ੍ਰੀਤ ਸਿੰਘ ਗ੍ਰਿਫ਼ਤਾਰ।

23 ਫਰਵਰੀ: ਅੰਮ੍ਰਿਤਪਾਲ ਤੇ ਉਸ ਦੇ ਹਮਾਇਤੀਆਂ ਵੱਲੋਂ ਲਵਪ੍ਰੀਤ ਸਿੰਘ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਅਜਨਾਲਾ ਪੁਲਿਸ ਸਟੇਸ਼ਨ 'ਤੇ ਹਮਲਾ।

24 ਫਰਵਰੀ: ਲਵਪ੍ਰੀਤ ਸਿੰਘ ਨਿਆਂਇਕ ਹਿਰਾਸਤ 'ਚੋਂ ਰਿਹਾਅ।

18 ਮਾਰਚ: ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ। ਅੰਮ੍ਰਿਤਪਾਲ ਦੇ ਕਾਫ਼ਲੇ ਨੂੰ ਜਲੰਧਰ ਵਿੱਚ ਰੋਕਿਆ, ਪਰ ਉਹ ਵਾਹਨ ਬਦਲ ਕੇ ਪੁਲਿਸ ਨੂੰ ਝਕਾਨੀ ਦੇਣ ਵਿੱਚ ਸਫ਼ਲ ਰਿਹਾ। ਪੰਜਾਬ 'ਚ ਮੋਬਾਈਲ ਇੰਟਰਨੈੱਟ ਸੇਵਾਵਾਂ ਮੁਅੱਤਲ।

20 ਮਾਰਚ: ਅੰਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਤੇ ਇਕ ਹੋਰ ਵਿਅਕਤੀ ਵੱਲੋਂ ਜਲੰਧਰ ਦੇ ਮਹਿਤਪੁਰ 'ਚ ਗੁਰਦੁਆਰੇ ਨੇੜੇ ਪੁਲੀਸ ਅੱਗੇ ਆਤਮ ਸਮਰਪਣ

22 ਮਾਰਚ: ਅੰਮ੍ਰਿਤਪਾਲ ਤੇ ਨੇੜਲੇ ਸਾਥੀ ਪੱਪਲਪ੍ਰੀਤ ਦੀ ਜੁਗਾੜੂ ਰੇਹੜੀ 'ਚ ਬੈਠਿਆਂ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਨਸ਼ਰ

23 ਮਾਰਚ: ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਅੰਮ੍ਰਿਤਪਾਲ ਤੇ ਪੱਪਲਪ੍ਰੀਤ ਨੂੰ ਆਪਣੇ ਘਰ 'ਚ ਪਨਾਹ ਦੇਣ ਵਾਲੀ ਮਹਿਲਾ ਗ੍ਰਿਫ਼ਤਾਰ

25 ਮਾਰਚ: ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅੰਮ੍ਰਿਤਪਾਲ ਨੂੰ ਪੁਲਿਸ ਅੱਗੇ ਆਤਮ-ਸਮਰਪਣ ਕਰਨ ਦੀ ਨਸੀਹਤ

28 ਮਾਰਚ: ਪੁਲਿਸ ਵੱਲੋਂ ਪਿੱਛਾ ਕਰਨ 'ਤੇ ਕੁਝ ਮਸ਼ਕੂਕਾਂ ਵੱਲੋਂ ਵਾਹਨ ਛੱਡਣ ਮਗਰੋਂ ਅੰਮ੍ਰਿਤਪਾਲ ਦੀ ਭਾਲ 'ਚ ਹੁਸ਼ਿਆਰਪੁਰ 'ਚ ਵੱਡਾ ਅਪਰੇਸ਼ਨ ਵਿੱਢਿਆ

29 ਮਾਰਚ: ਅੰਮ੍ਰਿਤਪਾਲ ਦੀ ਇਕ ਆਨਲਾਈਨ ਵੀਡੀਓ ਨਸ਼ਰ, ਜਿਸ ਵਿੱਚ ਵਿਸਾਖੀ ਮੌਕੇ 'ਸਰਬੱਤ ਖਾਲਸਾ' ਸੱਦੇ ਜਾਣ ਦੀ ਮੰਗ ਕੀਤੀ।

30 ਮਾਰਚ: ਅੰਮ੍ਰਿਤਪਾਲ ਸਿੰਘ ਦਾ ਇਕ ਹੋਰ ਵੀਡੀਓ ਸਾਹਮਣੇ ਆਇਆ, ਜਿਸ ਵਿੱਚ ਜਲਦੀ ਦੁਨੀਆ ਸਾਹਮਣੇ ਆਉਣ ਦਾ ਦਾਅਵਾ ਕੀਤਾ।

10 ਅਪਰੈਲ: ਪੱਪਲਪ੍ਰੀਤ ਅੰਮ੍ਰਿਤਸਰ ਦੇ ਕੱਥੂਨੰਗਲ ਇਲਾਕੇ 'ਚੋਂ ਗ੍ਰਿਫ਼ਤਾਰ।

15 ਅਪਰੈਲ: ਅੰਮ੍ਰਿਤਪਾਲ ਸਿੰਘ ਦਾ ਇਕ ਹੋਰ ਨੇੜਲਾ ਸਾਥੀ ਜੋਗਾ ਸਿੰਘ, ਜਿਸ ਨੇ ਉਸ ਨੂੰ ਤੇ ਪੱਪਲਪ੍ਰੀਤ ਨੂੰ ਯੂਪੀ ਦੇ ਪੀਲੀਭੀਤ 'ਚ ਪਨਾਹ ਦਿੱਤੀ ਸੀ ਤੇ ਜੋ 28 ਮਾਰਚ ਨੂੰ ਇਨ੍ਹਾਂ ਨੂੰ ਵਾਪਸ ਪੰਜਾਬ ਲੈ ਕੇ ਆਇਆ ਸੀ, ਸਰਹਿੰਦ ਤੋਂ ਗ੍ਰਿਫ਼ਤਾਰ।

20 ਅਪਰੈਲ: ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਯੂਕੇ ਲਈ ਉਡਾਨ ਭਰਨ ਤੋਂ ਰੋਕਿਆ।

23 ਅਪਰੈਲ: ਅੰਮ੍ਰਿਤਪਾਲ ਸਿੰਘ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਤੋਂ ਗ੍ਰਿਫ਼ਤਾਰ

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

***

## ਕਿਉਂ ਨਹੀਂ ਰੁਕ ਰਹੀਆਂ

ਚਿੰਤਾ ਦਾ ਵਿਸ਼ਾ ਹੈ। ਹੈਰਾਣੀ ਤਾਂ ਇਸ ਗਲ ਦੀ ਹੈ ਕਿ ਬੇਅਦਬੀ ਦੇ ਮੌਕੇ ਤੋਂ ਕਾਬੂ ਕੀਤੇ ਦੋਸ਼ੀਆਂ ਨੂੰ ਅਕਸਰ ਪੁਲਿਸ ਵੱਲੋਂ ਮਾਨਸਿਕ ਰੋਗੀ ਕਹਿ ਕੇ ਪੱਲਾ ਝਾੜ ਲਿਆ ਜਾਂਦਾ ਹੈ ਪਰ ਹੈਰਾਣੀ ਤਾਂ ਇਸ ਗਲ ਦੀ ਹੈ ਕਿ ਜੇ ਇਹ ਦੋਸ਼ੀ ਸੱਚਮੁੱਚ ਮਾਨਸਿਕ ਰੋਗੀ ਹੋਣ ਤਾਂ ਇਹ ਆਪਣਾ, ਆਪਣੇ ਪਰਿਵਾਰ ਦਾ ਅਤੇ ਆਪਣੇ ਘਰ ਦਾ ਨੁਕਸਾਨ ਕਿਉਂ ਨਹੀਂ ਕਰਦੇ ਅਤੇ ਇਹ ਦੋਸ਼ੀ ਸਿਰਫ ਸ੍ਰੀ ਗੁਰੂ ਗਰੰਥ ਸਾਹਿਬ ਜੀ ਜਾਂ ਗੁਰਦੁਆਰਾ ਸਾਹਿਬ ਵਿੱਚ ਜਾ ਕੇ ਹੀ ਬੇਅਦਬੀ ਦੀਆਂ ਘਟਨਾਂਵਾਂ ਨੂੰ ਕਿਉਂ ਅੰਜਾਮ ਦਿੰਦੇ ਹਨ ? ਇਸ ਪਿੱਛੇ ਅਸਲੀ ਕਾਰਨਾਂ ਨੂੰ ਸਮਝਣ ਦੀ ਲੋੜ ਹੈ ਅਤੇ ਪੂਰੀ ਅਸਲੀਅਤ ਸੰਗਤਾਂ ਦੇ ਸਾਹਮਣੇ ਲਿਆਉਣੀ ਚਾਹੀਦੀ ਹੈ। ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਕਾਰਨ ਦੇਸ਼ ਤੇ ਵਿਦੇਸ਼ਾਂ 'ਚ ਵਸਦੇ ਸਿੱਖਾਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਆਮ ਸਿੱਖ ਮਹਿਸੂਸ ਕਰ ਰਹੇ ਹਨ ਕਿ ਉਹਨਾਂ ਦੇ ਧਾਰਮਿਕ ਗਰੰਥ ਅਤੇ ਧਾਰਮਿਕ ਸਥਾਨ ਪੰਜਾਬ ਵਿੱਚ ਹੀ ਸੁਰਖਿਅਕਤ ਨਹੀਂ ਹਨ। ਪੰਜਾਬ ਦੀ ਮੌਜੂਦਾ ਸਰਕਾਰ ਅਤੇ ਪੰਜਾਬ ਪੁਲਿਸ ਨੂੰ ਬੇਅਦਬੀ ਦੀਆਂ ਘਟਨਾਂਵਾਂ ਪਿਛੇ ਛੁਪੇ ਹੋਏ ਮਾਸਟਰ ਮਾਈਂਡ ਅਤੇ ਬੇਅਦਬੀ ਦੀਆਂ ਘਟਨਾਵਾਂ ਦੀ ਪੂਰੀ ਅਸਲੀਅਤ ਨੂੰ ਸਾਹਮਣੇ ਲਿਆਉਣ ਦੇ ਨਾਲ ਹੀ ਅਜਿਹੀਆਂ ਘਟਨਾਂਵਾਂ ਨੂੰ ਰੋਕਣ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ।

***

## ਸਿਆਸੀ ਬੋਹੜ ਦੀ ਛਾਂ ਤੋਂ ਵਿਹੂਣੀ ਹੋਈ ਅਕਾਲੀ ਸਿਆਸਤ

ਚੱਕ ਫਤਹਿ ਸਿੰਘ ਵਾਲਾ ਨਾਲ ਹੋਇਆ। ਉਹ ਪਹਿਲੀ ਵਾਰ 1970 ਵਿੱਚ ਪੰਜਾਬ ਦੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਚੁਣੇ ਗਏ। ਉਹ ਪੰਜ ਵਾਰ ਮੁੱਖ ਮੰਤਰੀ ਰਹੇ। ਉਹ ਮਲੋਟ, ਗਿੱਦੜਬਾਹਾ ਤੇ ਲੰਬੀ ਹਲਕੇ ਤੋਂ ਦਸ ਵਾਰ ਵਿਧਾਇਕ ਚੁਣੇ ਗਏ। ਉਨ੍ਹਾਂ ਪੰਜਾਬ ਦੇ ਹਿੱਤਾਂ ਲਈ ਜੇਲ੍ਹ ਵੀ ਕੱਟੀ। ਉਹ 1995 ਤੋਂ 31 ਜਨਵਰੀ 2008 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ। ਉਨ੍ਹਾਂ ਅਕਾਲੀ ਦਲ ਨੂੰ ਹਰੇਕ ਔਖੀ ਘੜੀ ਵਿੱਚੋਂ ਬੇਬਾਕੀ ਨਾਲ ਕੱਢ ਕੇ ਮੁੜ ਤੋਂ ਸਿਖ਼ਰ ਤੱਕ ਪਹੁੰਚਾਇਆ।

***

## ਪ੍ਰਕਾਸ਼ ਸਿੰਘ ਬਾਦਲ ਅਤੇ ਭਾਰਤੀ ਰਾਸ਼ਟਰਵਾਦੀ

ਮੁੜ ਸਮਾਜਕ ਪ੍ਰਯੋਗਸ਼ਾਲਾ ਬਣ ਗਿਆ ਸੀ। ਪ੍ਰਕਾਸ਼ ਸਿੰਘ ਬਾਦਲ ਅਤੇ ਇਸਦੀ ਅਗਵਾਈ ਵਾਲਾ ਅਕਾਲੀ ਦਲ ਭਾਰਤੀ ਨੇਸ਼ਨਲਿਸਟਾਂ ਵੱਲੋਂ ਸਿਰਜੀ ਇਸੇ "ਸਮਾਜਕ ਪ੍ਰਯੋਗਸ਼ਾਲਾ" ਵਿੱਚ ਭਾਰਤੀ ਰਾਸ਼ਟਰਵਾਦੀ ਵਿਧੀਆਂ ਦੇ ਸਰੋਤ ਹੀ ਸਨ।

ਭਾਰਤੀ ਨੇਸ਼ਨ-ਸਟੇਟ ਦੀ ਸਿਰਜਣਾ ਲਈ ਭਾਰਤੀ ਰਾਸ਼ਟਰਵਾਦੀਆਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੀ ਸਭ ਤੋਂ ਪਹਿਲੀ ਵਰਤੋਂ 'ਸਿੱਖ ਪਛਾਣ' ਨੂੰ ਖੋਰਾ ਲਾਉਣ ਲਈ " ਪੰਜਾਬੀ ਪਛਾਣ " ਦੀ ਚੜਤਕ ਕਰਵਾਉਣ ਦੀ ਨੀਤੀ ਵਜੋਂ ਕੀਤੀ ਗਈ। ਇਸ ਨੀਤੀ ਤਹਿਤ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਵਜੋਂ ਬਦਲਿਆ ਗਿਆ। ਪਹਿਲੇ ਭਾਰਤਵਾਦੀ ਅਕਾਲੀ ਆਗੂਆਂ ਵਾਂਗ ਭਾਰਤੀ ਰਾਸ਼ਟਰਵਾਦੀਆਂ ਨਾਲ ਬਿਨਾਂ ਕਿਸੇ ਰਾਜਨੀਤਕ ਸ਼ਰਤਾਂ ਦੇ ਸਮਝੌਤਾ ਕੀਤਾ ਗਿਆ, ਜਿਸ ਰਾਹੀਂ ਇਹਨਾਂ ਭਾਰਤੀ ਰਾਸ਼ਟਰਵਾਦੀ ਤਾਕਤਾਂ ਨੇ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਤੇ ਅਦਿਸਦਾ ਅਸਰ ਪਾ ਲਿਆ। ਸਿੱਖਾਂ ਦੀ ਸਾਂਝੀ ਕੌਮੀ ਮਾਨਸਿਕਤਾ ਨੂੰ ਹੋਰ ਕਮਜੋਰ ਬਣਾਉਣ ਲਈ ਸਿੱਖਾਂ ਉਤੇ ਵਧਵਾਂ ਤਸ਼ੱਦਦ ਕਰਨ ਵਾਲੇ ਭਾਰਤੀ ਅਫ਼ਸਰਾਂ ਦੀ ਅਕਾਲੀ ਦਲ ਵਿੱਚ ਨਿਯੁਕਤੀ ਦੇ ਨਾਲ ਨਾਲ ਪੰਜਾਬ ਦੇ ਪੁਲਿਸ ਤੰਤਰ ਵਿੱਚ ਵੀ ਸਿੱਖਾਂ ਦੇ ਕਾਤਲਾਂ ਵਜੋਂ ਮਸ਼ਹੂਰ ਅਫ਼ਸਰਾਂ ਨੂੰ ਉੱਚੇ ਅਹੁਦੇ ਦੇ ਕੇ ਨਿਵਾਜਿਆ ਗਿਆ। ਭਾਰਤੀ ਰਾਸ਼ਟਰਵਾਦੀਆਂ ਦੀ ਭਾਰਤ ਨੂੰ ਅਤਿ ਕੇਂਦਰੀਕ੍ਰਿਤ "ਨੇਸ਼ਨ-ਸਟੇਟ" ਸਿਰਜਣ ਵਾਲੇ ਹਰੇਕ ਕਾਨੂੰਨ ਅਤੇ ਵਿਧਾਨਕੀ ਸੋਧਾਂ ਦੀ ਹਿਮਾਇਤ ਕੀਤੀ ਗਈ। ਰਾਜ ਸਭਾ ਵਿੱਚ ਕਿਸੇ ਵੀ ਰਾਜ ਵਿਚੋਂ ਮੈਂਬਰਾਂ ਦੀ ਚੋਣ ਧਾਰਾ 370 ਦੇ ਖਾਤਮੇ ਵਰਗੀਆਂ ਕਾਨੂੰਨੀ ਸੋਧਾਂ ਵਿੱਚ ਅਕਾਲੀ ਦਲ ਖੁੱਲੇ ਰੂਪ ਵਿੱਚ ਭਾਰਤੀ ਰਾਸ਼ਟਰਵਾਦੀਆਂ ਦੇ ਹੱਕ ਵਿੱਚ ਭੁਗਤਿਆ। ਇਸੇ ਭਾਰਤੀ ਰਾਸ਼ਟਰਵਾਦੀ ਨੀਤੀ ਤਹਿਤ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਿੱਖਾਂ ਦੇ ਆਪਣੇ ਗੁਰੂ ਨਾਲ ਅਟੁੱਟ ਮੋਹ ਦੀ ਡੂੰਘਾਈ ਜਾਨਣ ਤੋਂ ਬੁਰੀ ਤਰਾਂ ਉੱਕ ਗਿਆ। ਸਿੱਖ ਮਾਨਸਿਕਤਾ ਦੀ ਡੂੰਘੀ ਥਾਹ ਰੱਖਣ ਦੇ ਦਾਅਵੇ ਕਰਨ ਵਾਲਾ ਪ੍ਰਕਾਸ਼ ਸਿੰਘ ਬਾਦਲ ਭਾਰਤੀ ਰਾਸ਼ਟਰਵਾਦੀਆਂ ਦੀ ਸਿੱਖਾਂ ਦੀ ਕੌਮੀ ਸੋਚ ਨੂੰ ਕਾਬੂ ਕਰਨ ਅਤੇ ਭਾਰਤੀ ਨੇਸ਼ਨ-ਸਟੇਟ ਦੀ ਸਿਰਜਣਾ ਦੀ ਸਮਾਜਕ ਮਸ਼ੀਨ ਵਜੋਂ ਬੁਰੀ ਤਰਾਂ ਅਸਫ਼ਲ ਸਾਬਤ ਹੋਇਆ। ਪ੍ਰਕਾਸ਼ ਸਿੰਘ ਬਾਦਲ ਦੇ ਚਲਾਣੇ 'ਤੇ ਭਾਰਤੀ ਰਾਜ ਅਤੇ ਭਾਰਤੀ ਰਾਸ਼ਟਰਵਾਦੀ ਉਸਦੀ ਭਾਰਤਵਾਦੀ ਸੇਵਾ ਦੇ ਲੱਖ ਸੋਹਿਲੇ ਗਾਉਂਦੇ ਰਹਿਣ ਪਰ ਉਹ ਭਾਰਤੀ ਰਾਸ਼ਟਰਵਾਦੀਆਂ ਦੀ ਸਿੱਖਾਂ ਦੀ ਸੋਚ ਕਾਬੂ ਕਰਨ ਅਤੇ ਭਾਰਤੀ ਨੇਸ਼ਨ-ਸਟੇਟ ਸਿਰਜਣ ਦੀ ਪੰਜਾਬ ਵਿੱਚਲੀ ਨੀਤੀ ਦੇ ਇੱਕ ਮਹੱਤਵਪੂਰਨ ਪੜਾਅ ਦੀ ਅਸਫ਼ਲਤਾ ਦੇ ਬਿੰਬ ਵਜੋਂ ਜਾਣਿਆ ਜਾਵੇਗਾ।

***

## ਅਕਾਲੀ ਦਲ ਅਮਰੀਕਾ ਦੇ ਆਗੂਆਂ ਵੱਲੋਂ

ਕਿਹਾ ਜੋ ਅਗਵਾਈ ਸਿਆਸੀ ਤੌਰ 'ਤੇ ਪੰਜਾਬ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੋਂ ਮਿਲੀ ਤੇ ਜੋ ਪੰਜਾਬ ਦੀ ਤਰੱਕੀ ਉਹਨਾਂ ਦੇ ਸਮੇਂ ਹੋਈ ਉਸ ਦਾ ਉਸ ਦਾ ਜ਼ਿਕਰ ਪੰਜਾਬ ਦੀ ਸਿਆਸਤ ਵਿੱਚ ਨਾ ਹੀ ਕਿਤੇ ਮਿਲਿਆ ਹੈ ਤੇ ਨਾ ਹੀ ਅੱਗੋਂ ਮਿਲੇਗਾ। ਉਨਾਂ ਨੇ ਅਫ਼ਸੋਸ ਜ਼ਹਿਰ ਕਰਦੇ ਹੋਏ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਜਿਹੇ ਨੇਕ ਆਗੂ ਦੁਨੀਆਂ 'ਤੇ ਵਾਰ ਵਾਰ ਨਹੀ ਆਉਣਗੇ ਅਤੇ ਸਾਡੇ ਵਿਚੋਂ ਇੱਕ ਘਾਗ ਸਿਆਸਤਦਾਨ ਖੋਹ ਲਿਆ ਗਿਆ। ਇਸ ਤੋਂ ਇਲਾਵਾ ਵੈਸਟ ਕੋਸਟ ਦੇ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇੱਕ ਯੋਗ ਸਿਆਸਤਦਾਨ ਸੀ, ਜਿਨ੍ਹਾਂ ਨੇ ਹਮੇਸ਼ਾਂ ਪੰਥ ਅਤੇ ਪੰਜਾਬ ਦੀ ਯੋਗ ਅਗਵਾਈ ਕੀਤੀ ਅਤੇ ਪੰਜਾਬ ਨੂੰ ਸਿੱਖੀ ਦਾ ਮਾਡਲ ਬਣਾ ਕੇ ਦੁਨੀਆਂ ਸਾਹਮਣੇ ਪੇਸ਼ ਕੀਤਾ। ਪੰਜਾਬ ਵਾਸੀ ਉਹਨਾਂ ਦੇ ਕੀਤੇ ਕਾਰਜਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ। ਇਸ ਤੋਂ ਇਲਾਵਾ ਅਕਾਲੀ ਦਲ ਦੇ ਸੁਰਿੰਦਰ ਸਿੰਘ ਨਿੱਝਰ, ਯੂਥ ਅਕਾਲੀ ਦਲ ਦੇ ਰਵਿੰਦਰ ਸਿੰਘ ਬੋਇਲ ਆਦਿ ਨੇ ਵੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਉਣੇ ਉਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਅਜਿਹੀ ਨੇਕ ਰੂਹ ਸੀ ਜਿਸ ਨੇ ਸਿਆਸਤ ਤੇ ਧਰਮ ਨੂੰ ਅਲੱਗ ਰੱਖਦੇ ਪੰਜਾਬ ਵਿੱਚ ਭਲੇ ਲਈ ਅਨੇਕਾਂ ਕਾਰਜ ਕੀਤੇ।

***

## ਪੰਜਾਬੀ ਹੁਣ ਕੈਨੇਡਾ ਵਿਚ ਜਾਕੇ

ਵਿੱਚ ਪ੍ਰੋਗਰਾਮ ਰਾਹੀਂ 1,500 ਤੋਂ ਵੱਧ ਲੋਕਾਂ ਨੂੰ ਦਾਖਲ ਕੀਤਾ ਗਿਆ ਹੈ। ਇੱਕ ਵਿਭਾਗ ਦੇ ਬੁਲਾਰੇ ਨੇ ਸੀਬੀਸੀ ਨੂੰ ਦੱਸਿਆ ਕਿ ਉਹ ਪਾਇਲਟ ਪ੍ਰੋਗਰਾਮ ਅਤੇ ਇਸਦੀ ਨਿਰਧਾਰਤ ਮਿਆਦ ਤੋਂ ਬਾਅਦ ਸੰਭਾਵਿਤ ਐਕਸਟੈਂਸ਼ਨ ਦਾ ਮੁਲਾਂਕਣ ਕਰ ਰਹੇ ਹਨ। ਬੁਲਾਰੇ ਨੇ ਅੱਗੇ ਕਿਹਾ ਕਿ ਪ੍ਰਵਾਸੀਆਂ ਨੂੰ ਸਥਾਈ ਨਿਵਾਸ ਦੇਣਾ ਕਾਮਿਆਂ ਦੀ ਘਾਟ ਦਾ ਹੱਲ ਨਹੀਂ ਹੈ।

***

## ਤੂੜੀ ਦੀ ਪੰਡ

ਕਿਧਰੇ ਚੱਠੇ, ਚੱਠਿਆਂ ਦੇ ਬਰਖਿਲਾਫ਼ ਵੋਟਾਂ ਪਾ ਰਹੇ ਸਨ, ਕਿਧਰੇ ਕੋਈ ਚੱਠਾ ਟਾਂਗਾ ਵਾਹੁੰਦਾ ਸੀ ਤੇ ਉਸ ਦੀ ਵਹੁਟੀ ਝੀਊਰਾਂ ਨੂੰ ਰੋਟੀਆਂ ਖੁਆਉਂਦੀ ਸੀ, ਕਿਧਰੇ ਉਸ ਦਾ ਕੋਈ ਮੁੰਡਾ ਖਤਰੀ ਤਸੀਲਦਾਰ ਦੇ ਭਾਂਡੇ ਮਾਂਜਦਾ ਸੀ। ਹਰ ਇਕ ਦਾ ਵਖੋ ਵਖ ਪਾਸੇ ਮੂੰਹ ਸੀ। ਬਰਾਦਰੀ ਦੀ ਕੁੱਖ ਵਿਚੋਂ ਨਿਕਲ ਦੇ ਲੋਕ ਓਪਰੀ ਓਪਰੀ ਥਾਈਂ ਸਾਂਝਾ ਜੋੜ ਰਹੇ ਸਨ ਤੇ ਇਸ ਰਾਖੇ ਮੁੰਡੇ ਵਾਂਗ ਜੋ ਨਹੀਂ ਜੋੜਦੇ ਸਨ, ਇਹਨਾਂ ਓਪਰੀਆਂ ਥਾਵਾਂ ਵਿਚ ਰਚਦੇ ਮਿਚਦੇ ਨਹੀਂ ਸਨ, ਉਹ ਔਖੇ ਰਹਿੰਦੇ। ਨਹੀਂ, ਉਹ ਇਸ ਮੁੰਡੇ ਨੂੰ ਘਰ ਨਹੀਂ ਲਿਜਾਏਗਾ। ਇਕ ਅੱਧੇ ਮੁੰਡੇ ਨੂੰ ਘਰ ਲਿਜਾਇਆਂ ਹੁਣ ਉਸ ਦੀ ਬਰਾਦਰੀ ਦਾ ਇਕੱਠ ਤੇ ਇੱਜ਼ਤ ਕਾਇਮ ਨਹੀਂ ਰਹਿ ਸਕਦੀ ਸੀ।

ਬਹਾਦਰ ਸਿੰਘ ਨੂੰ ਇਸ ਤਰ੍ਹਾਂ ਲਗਾ ਜਿਵੇਂ ਵੱਗਦੇ ਦਰਿਆ ਵਿੱਚ ਉਸ ਦੀ ਤੂੜੀ ਦੀ ਪੰਡ ਖੁਲ੍ਹ ਗਈ ਸੀ। ਸਾਰੇ ਕੱਖ ਆਪੋ ਆਪਣੇ ਦਰਿਆ ਦੀ ਰੋੜ੍ਹ ਵਿੱਚ ਰੁੜ੍ਹਦੇ ਜਾ ਰਹੇ ਸਨ। ਇਕ ਅੱਧੇ ਕੱਖ ਨੂੰ ਫੜਿਆਂ ਹੁਣ ਕੀ ਸੌਰ ਸਕਦਾ ਸੀ ?



## ਦਰਬਾਰ ਸਾਹਿਬ ਦੀ ਮਹੱਤਤਾ ਅਤੇ ਮਰਿਯਾਦਾ ਦੀ ਰਾਖੀ

ਇਸ ਤੋਂ ਬਾਅਦ ਤਕਰੀਬਨ ਖ਼ਾਲਸਾ ਰਾਜ ਤੱਕ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਸਿੱਖਾਂ ਵੱਲੋਂ ਅਜ਼ਾਦਾਨਾ ਤੌਰ ਉਪਰ ਕੀਤੀ ਜਾਂਦੀ ਰਹੀ। ਪਰੰਤੂ 1849 ਵਿੱਚ ਬਰਤਾਨਵੀ ਹਕੂਮਤ ਵੱਲੋਂ ਖ਼ਾਲਸਾ ਰਾਜ ਮੁਅੱਤਲ ਕਰਨ ਦੇ ਬਹਾਨੇ ਸਿੱਖਾ ਦੇ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਨੂੰ ਗੱਦੀਓਂ ਲਾਹ ਦੇਣ ਉਪਰੰਤ ਬਰਤਾਨਵੀ ਹਕੂਮਤ ਨੇ ਦਰਬਾਰ ਸਾਹਿਬ ਸਮੇਤ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਵਫਾਦਾਰ ਮਹੰਤਾਂ ਨੂੰ ਸੌਂਪ ਦਿੱਤਾ, ਉਹਨਾਂ ਅਯਾਸ਼ ਮਹੰਤਾਂ ਨੇ ਸਿੱਖ ਮਰਿਯਾਦਾ ਦਾ ਘਾਣ ਕੀਤਾ,ਬੇਅਦਬੀ ਕੀਤੀ ਅਤੇ ਕਰਮਕਾਡ ਨੂੰ ਹੱਲਾਸ਼ੇਰੀ ਦਿੱਤੀ। ਜਿਸ ਦੇ ਖ਼ਿਲਾਫ਼ ਸਿੱਖਾਂ ਵੱਲੋਂ ਸਿੱਖ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਸਿੱਖਾਂ ਨੇ ਹਜ਼ਾਰਾਂ ਕੁਰਬਾਨੀਆਂ ਦੇ ਕੇ ਮੁੜ ਤੋਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਤੋਂ ਲੈ ਲਿਆ। ਅਤੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ। ਉਸ ਤੋਂ ਬਾਅਦ ਜੂਨ 1984 ਵਿੱਚ ਭਾਰਤੀ ਫ਼ੌਜਾਂ ਦੁਆਰਾ ਦਰਬਾਰ ਸਾਹਿਬ ਉਪਰ ਹਮਲਾ ਕੀਤਾ ਗਿਆ ਜਿਸ ਵਿੱਚ ਹਜ਼ਾਰਾਂ ਨਿਹੱਥੇ ਸਿੱਖ ਸ਼ਰਧਾਲੂ ਸ਼ਹੀਦ ਹੋਏ। ਇਸ ਮੌਕੇ ਦਰਬਾਰ ਸਾਹਿਬ ਦੀ ਰਾਖੀ ਲਈ ਦਮਦਮੀ ਟਕਸਾਲ ਦੇ 14ਵੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਸ਼ਸ਼ਤਰਧਾਰੀ ਸਿੱਖ ਯੋਧਿਆਂ ਵੱਲੋਂ ਭਾਰਤੀ ਫ਼ੌਜਾਂ ਦਾ ਡਟ ਕੇ ਟਾਕਰਾ ਕੀਤਾ ਗਿਆ। । ਸੋ ਉਪਰੋਕਤ ਵਰਤਾਰੇ ਦੇ ਮੱਦੇਨਜਰ ਸਿੱਖ ਪ੍ਰਬੰਧਕਾਂ ਨੂੰ ਸਮਝਣਾ ਪਵੇਗਾ ਕਿ ਸਿੱਖ ਮਰਿਯਾਦਾ ਉਪਰ ਕਿਸੇ ਵੀ ਰੂਪ ਵਿਚ ਕਦੋਂ ਵੀ ਹਮਲਾ ਹੋ ਸਕਦਾ ਹੈ।ਇਸ ਦੀ ਰੋਕਥਾਮ ਲਈ ਗੁਰਬਾਣੀ ਦੀ ਰੌਸ਼ਨੀ ਵਿੱਚ ਸਰਬਤ ਦੇ ਭਲੇ ਵਾਲਾ ਸੁਚਾਰੂ,ਨਿੱਡਰ,ਨਿਰਭੈਅ ਪਰਬੰਧ ਸਿਰਜਣ ਦੀ ਜ਼ਰੂਰਤ ਹੈ।ਸਿੱਖੀ ਦੇ ਉਬਚੇ ਸੁੱਚੇ ਅਸੂਲਾਂ,ਸਿੱਖ ਵਿਚਾਰਧਾਰਾ ਨੂੰ ਧੁੰਦਲਾ ਕਰਨ ਦੇ ਵਰਤਾਰੇ ਦਾ ਹਿੱਸਾ ਬਣੇ ਅਜਿਹੇ ਹੰਕਾਰੀ ਰੱਬ ਦੀ ਹੋਂਦ ਤੋਂ ਮੁਨਕਰ ਅਖੌਤੀ ਰਾਸ਼ਟਰਵਾਦੀ ਲੋਕਾਂ,ਰਾਸ਼ਟਰੀ ਮੀਡੀਆ,ਸ਼ੋਸ਼ਲ ਮੀਡੀਆ ਅਤੇ ਰਾਜਨੀਤਕ ਤਾਕਤਾਂ ਦੇ ਦਿੱਖ ਅਤੇ ਅਦਿਖ ਹਮਲਿਆਂ ਨੂੰ ਸਮਝਣ ਦੀ ਲੋੜ ਹੈ।ਜਿਸ ਲਈ ਵਿਚਾਰਧਾਰਕ ਪੱਧਰ ਵੀ ਉਬਚਾ ਚੁੱਕਣ ਦੀ ਜਰੂਰਤ ਹੈ।ਇਸ ਦੇ ਨਾਲ ਹੀ ਸਿੱਖ ਮਰਿਯਾਦਾ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸਪੱਸ਼ਟ ਰੁੱਖ ਅਖਤਿਆਰ ਕਰਨਾ ਪਵੇਗਾ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਮਰਿਯਾਦਾ ਨੂੰ ਦਰਸਾਉਂਦੇ ਬੋਰਡ ਲਾ ਦੇਣੇ ਚਾਹੀਦੇ ਹਨ, ਤਾਂ ਕਿ ਸਿੱਖੀ ਅਸੂਲਾਂ ਅਤੇ ਵਿਚਾਰਧਾਰਾ ਤੋਂ ਅਣਜਾਣ ਵਿਅਕਤੀ ਮਰਿਯਾਦਾ ਉਲੰਘਣ ਦੀ ਜਿੱਦ ਨਾ ਕਰ ਸਕਣ।

***

## ਦਰਬਾਰ ਸਾਹਿਬ ਦੇ ਦਰਸ਼ਨਾਂ ਵੇਲੇ ਮਰਿਆਦਾ ਦੀ

ਉੱਚੀ-ਉੱਚੀ ਗੱਲਾਂ ਕਰਨ ਲੱਗ ਪੈਂਦੇ ਹਨ। ਕਈ ਯਾਤਰੂ ਕਿਤੇ ਪਰਕਰਮਾ ਦੇ ਰਸਤੇ ’ਚ ਇਕੱਠੇ ਹੋ ਕੇ, ਕਿਤੇ ਸਰੋਵਰ ਕੰਢੇ ਖੜ੍ਹੇ ਹੋ ਕੇ, ਕਿਤੇ ਸੱਚਖੰਡ ਭਵਨ ਵੱਲ ਪਿੱਠ ਕਰਕੇ ਵੰਨ-ਸੁਵੰਨੇ ਪੋਜ਼ ਬਣਾ ਕੇ ਫੋਟੋਆਂ ਖਿੱਚਦੇ ਅਤੇ ਵੀਡੀਓਗ੍ਰਾਫ਼ੀ ਕਰਦੇ ਹਨ। ਫੋਟੋਆਂ ਤੇ ਸੈਲਫ਼ੀਆਂ ਲੈਂਦੇ ਯਾਤਰੂਆਂ ਕਾਰਨ ਜਿੱਥੇ ਅਧਿਆਤਮਕਤਾ ਦੀ ਨਿਰੰਤਰਤਾ ਅਤੇ ਅਗੰਮੀ ਸਹਿਜ ਵਾਲੇ ਮਾਹੌਲ ਵਿਚ ਵਿਘਨ ਪੈਂਦਾ ਹੈ ਉਥੇ ਰੂਹਾਨੀਅਤ ਦੇ ਮਾਹੌਲ ’ਚ ਰੰਗੇ ਆਤਮ ਜਗਿਆਸੂਆਂ ਦੀ ਬਿਰਤੀ ਵੀ ਖੰਡਤ ਹੁੰਦੀ ਹੈ। ਦਰਸ਼ਨਾਂ ਲਈ ਜਾਣ ਵੇਲੇ ਸ਼ਰਧਾਲੂਆਂ ਦੇ ਲਾਂਘੇ ’ਚ ਵੀ ਵਿਘਨ ਪੈਂਦਾ ਹੈ। ਇੱਥੋਂ ਤੱਕ ਕਿ ਦਰਸ਼ਨੀ ਡਿਓਢੀ ਤੋਂ ਅੱਗੇ ਪੁਲ ਦੇ ਉੱਤੇ ਕਤਾਰਾਂ ਵਿੱਚ ਲੱਗ ਕੇ ਮੱਥਾ ਟੇਕਣ ਜਾ ਰਹੇ ਯਾਤਰੂਆਂ ਵਿਚੋਂ ਵੀ ਕਈ ਵਾਰ ਬਹੁਤ ਸਾਰੇ ਸ਼ਰਧਾਲੂ ਸੁਰਤ ਨੂੰ ਧਿਆਨ ਵਿੱਚ ਟਿਕਾ ਕੇ ‘ਸੁਲੱਖਣੀ ਘੜੀ’ ਨੂੰ ਮਾਨਣ ਦੀ ਬਜਾਇ ਹੱਥਾਂ ਵਿੱਚ ਮੋਬਾਇਲ ਫੋਨ ਫੜੀ ਫੇਸਬੁਕ ਲਾਈਵ ਹੋ ਕੇ ’ਹੋਛਾ ਮਨੋਰੰਜਨ’ ਕਰਦੇ ਵੇਖੇ ਜਾਂਦੇ ਹਨ, ਜਿਸ ਨਾਲ ਇਸ ਪਾਵਨ-ਪਵਿੱਤਰ ਅਸਥਾਨ ਦੀ ਰੂਹਾਨੀ ਵਿਸ਼ੇਸ਼ਤਾ, ਪਵਿੱਤਰ ਵਾਤਾਵਰਨ ਅਤੇ ਦੈਵੀ ਆਭਾ ਨੂੰ ਠੇਸ ਪਹੁੰਚਦੀ ਹੈ।

ਹਾਲਾਂਕਿ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ’ਚ ਪ੍ਰਵੇਸ਼ ਕਰਦਿਆਂ ‘ਫੋਟੋ ਖਿੱਚਣ ਦੀ ਮਨਾਹੀ’ ਅਤੇ ‘ਗੱਲਾਂ ਕਰਨ ਦੀ ਮਨਾਹੀ’ ਦੇ ਦੋ ਸੂਚਨਾ ਬੋਰਡ ਸਾਨੂੰ ਹਮੇਸ਼ਾ ਨਜ਼ਰ ਆਉਂਦੇ ਹਨ ਪਰ ਜਦੋਂ ਤੋਂ ਮੋਬਾਇਲ ਫੋਨ ਆਏ, ਪਰਕਰਮਾ ਤੋਂ ਲੈ ਕੇ ਸੱਚਖੰਡ ਸਾਹਿਬ ਦੇ ਧੁਰ ਅੰਦਰ ਤੱਕ ਜਾ ਕੇ ਯਾਤਰੂ ਕੰਨਾਂ ਨਾਲ ਮੋਬਾਇਲ ਫੋਨ ਲਾਈ ਗੱਲਾਂ ਕਰਦੇ ਨਜ਼ਰ ਆਉਂਦੇ ਹਨ। ਜੇਕਰ ਕੋਈ ਸੇਵਾਦਾਰ ਕਿਸੇ ਸ਼ਰਧਾਲੂ ਨੂੰ ਅਜਿਹਾ ਕਰਨ ਤੋਂ ਰੋਕਦਾ ਤਾਂ ਕਈ ਵਾਰ ਸ਼ਰਧਾਲੂ ਝਗੜਾ ਕਰਨ ਤੱਕ ਵੀ ਜਾਂਦੇ ਹਨ। ਅਸੀਂ ਕਿਸੇ ਸਰਕਾਰੀ ਅਧਿਕਾਰੀ ਨੂੰ ਮਿਲਣ ਜਾਈਏ ਤਾਂ ਸਾਨੂੰ ਉਸ ਦੇ ਦਫ਼ਤਰ ਅੰਦਰ ਜਾਣ ਤੋਂ ਪਹਿਲਾਂ ਆਪਣਾ ਮੋਬਾਇਲ ਫ਼ੋਨ ਬੰਦ ਕਰਨਾ ਪੈਂਦਾ ਹੈ ਪਰ ਕਿੱਡੀ ਅਜੀਬ ਗੱਲ ਹੈ ਕਿ ਜਿਸ ਅਸਥਾਨ ਨੂੰ ਅਸੀਂ ‘ਸੱਚੇ ਪਾਤਿਸ਼ਾਹ ਦਾ ਦਰ’, ‘ਇਸ ਧਰਤੀ ’ਤੇ ਸੱਚਖੰਡ’ ਮੰਨਦੇ ਹਾਂ ਉਥੇ ਜਾਣ ਲੱਗਿਆਂ ਅਸੀਂ ਮਰਯਾਦਾ ਦੀ ਪਾਲਣਾ ਜ਼ਰੂਰੀ ਨਹੀਂ ਸਮਝਦੇ। ਕਈ ਵਾਰ ਤਾਂ ਅਜਿਹਾ ਵੀ ਵੇਖਣ ਵਿਚ ਆਉਂਦਾ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਰੱਬੀ ਬਾਣੀ ਦੇ ਚੱਲ ਰਹੇ ਕੀਰਤਨ ਜਾਂ ਅਰਦਾਸ ਦੌਰਾਨ ਕਿਸੇ ਇਕ ਯਾਤਰੂ ਦੇ ਫੋਨ ਦੀ ਵੱਜ ਰਹੀ ਘੰਟੀ ਸਾਰਿਆਂ ਦੀਆਂ ਸੁਰਤੀਆਂ-ਬਿਰਤੀਆਂ ਭੰਗ ਕਰ ਦਿੰਦੀ ਹੈ। ਅਜਿਹੇ ਰੁਝਾਨ ਵਧਣ ਨਾਲ ਸੱਚਖੰਡ ਸ੍ਰੀ ਦਰਬਾਰ ਸਾਹਿਬ ਦਾ ਪਵਿੱਤਰ ਵਾਤਾਵਰਨ ਅਤੇ ਮਰਯਾਦਾ ਪ੍ਰਭਾਵਿਤ ਹੋਣ ਕਾਰਨ ਗੁਰੂ-ਘਰ ਦੇ ਸ਼ਰਧਾਵਾਨ ਪ੍ਰੇਮੀਆਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਦੀ ਰਹੀ ਹੈ। ਇਸ ਸਬੰਧੀ ਗਾਹੇ-ਬਗਾਹੇ ਗੁਰੂ-ਘਰ ਦੇ ਅਨੇਕਾਂ ਪ੍ਰੇਮੀ ਪ੍ਰਬੰਧਕਾਂ ਕੋਲ ਵੀ ਸ਼ਿਕਾਇਤਾਂ ਕਰਦੇ ਰਹੇ ਹਨ।

ਲੱਖਾਂ ਦੀ ਗਿਣਤੀ ’ਚ ਯਾਤਰੂਆਂ ਦੀ ਆਮਦ ਮੌਕੇ ਵੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀ ਮਰਯਾਦਾ ਨੂੰ ਵੀ ਬਹਾਲ ਰੱਖਣਾ ਅਤੇ ਯਾਤਰੂਆਂ ਦੀ ਸਹੂਲਤ ਦਾ ਵੀ ਖ਼ਿਆਲ ਰੱਖਣਾ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਲਈ ਇਕ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ।

ਸੋ, ਸਾਨੂੰ ਵੀ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਹਰ ਅਸਥਾਨ ਦੀ ਆਪਣੀ ਮਹੱਤਤਾ ਹੁੰਦੀ ਹੈ, ਜਿਸ ਨੂੰ ਕਾਇਮ ਰੱਖਣ ਲਈ ਉਥੇ ਦੀ ਆਪਣੀ ਵਿਸ਼ੇਸ਼ ਮਰਯਾਦਾ ਹੁੰਦੀ ਹੈ। ਸਾਨੂੰ ਉੱਥੇ ਜਾਣ ਲੱਗਿਆਂ ਉਸ ਮਰਯਾਦਾ ਦੀ ਪਾਲਣਾ ਕਰਨੀ ਪੈਂਦੀ ਹੈ। ਇੱਥੋਂ ਤੱਕ ਕਿ ਪਾਰਲੀਮੈਂਟਾਂ, ਡੈਮਾਂ ਅਤੇ ਸੈਰ-ਸਪਾਟੇ ਦੀਆਂ ਮਹੱਤਵਪੂਰਨ ਥਾਵਾਂ ’ਤੇ ਵੀ ਯਾਤਰਾ ਕਰਨ ਲਈ ਵਿਸ਼ੇਸ਼ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਸੁਰੱਖਿਆ ਕਾਰਨਾਂ ਕਰਕੇ ਫ਼ੋਟੋਗ੍ਰਾਫ਼ੀ/ਵੀਡੀਓਗ੍ਰਾਫ਼ੀ ’ਤੇ ਵੀ ਪਾਬੰਦੀ ਹੁੰਦੀ ਹੈ। ਇਸੇ ਤਰ੍ਹਾਂ ਦੁਨੀਆ ਦਾ ਹਰੇਕ ਧਾਰਮਿਕ ਅਸਥਾਨ ਕਿਸੇ ਨਾ ਕਿਸੇ ਵਿਸ਼ੇਸ਼ਤਾ ਦਾ ਲਖਾਇਕ ਹੁੰਦਾ ਹੈ। ਉਸ ਵਿਸ਼ੇਸ਼ਤਾ ਨੂੰ ਬਹਾਲ ਰੱਖਣ ਲਈ ਉਥੇ ਦੀ ਵਿਸ਼ੇਸ਼ ਮਰਯਾਦਾ ਹੁੰਦੀ ਹੈ। ਕਈ ਧਰਮਾਂ ਦੇ ਅਸਥਾਨਾਂ ’ਤੇ ਜਾਣ ਲੱਗਿਆਂ ਮੋਬਾਇਲ ਫ਼ੋਨ ਤੱਕ ਵੀ ਬਾਹਰ ਰਖਵਾ ਲਏ ਜਾਂਦੇ ਹਨ। ਇਸ ਤਰ੍ਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਇਸ ਧਰਤੀ ’ਤੇ ‘ਬੈਕੁੰਠ’ ਹੈ, ‘ਅਧਿਆਤਮਕਤਾ ਦਾ ਮਹਾਂ-ਕੁੰਭ’ ਹੈ ਅਤੇ ਇੱਥੇ ਲੱਖਾਂ ਸ਼ਰਧਾਲੂ ਜਗਤ-ਜਲੰਦੇ ਦੇ ਕੂੜ-ਤਮਾਸ਼ਿਆਂ, ਸੰਸਾਰੀ ਜੀਵਨ ਦੇ ਝਮੇਲਿਆਂ ਅਤੇ ਚਿੰਤਾਵਾਂ ਤੋਂ ਮੁਕਤੀ ਪਾਉਣ ਲਈ ਆਉਂਦੇ ਹਨ। ਇੱਥੇ ਸਾਰੇ ਸੰਸਾਰ ਤੋਂ ਨਿਵੇਕਲਾ ਤੇ ਅਦੁੱਤੀ ਅਧਿਆਤਮਕ ਵਾਤਾਵਰਨ ਅਤੇ ਰੂਹਾਨੀ ਸਹਿਜ, ਗੁਰੂ ਸਾਹਿਬਾਨ ਦੁਆਰਾ ਨੀਯਤ ਕੀਤੀ ਹੋਈ ਸੈਂਕੜੇ ਸਾਲ ਤੋਂ ਚਲੀ ਆ ਰਹੀ ਇਸ ਪਾਵਨ ਅਸਥਾਨ ਦੀ ਵਿਸ਼ੇਸ਼ ਪਵਿੱਤਰ ਮਰਿਆਦਾ ਕਾਰਨ ਹੀ ਕਾਇਮ ਹੈ। ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਕਰਨ ਵਾਲੇ ਹਰੇਕ ਯਾਤਰੂ ਨੂੰ ਆਪਣੀ ਯਾਤਰਾ ਸੁਹਾਵਨੀ ਅਤੇ ਸਫਲ ਬਣਾਉਣ ਲਈ ਉੱਥੋਂ ਦੀ ਮਰਯਾਦਾ ਅਤੇ ਪ੍ਰਬੰਧਾਂ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਲੱਖਾਂ ਸ਼ਰਧਾਲੂਆਂ ਵਿਚੋਂ ਇਕੱਲੇ-ਇਕੱਲੇ ’ਤੇ ਸੇਵਾਦਾਰਾਂ ਵਲੋਂ ਨਿਗਰਾਨੀ ਰੱਖਣਾ ਅਸੰਭਵ ਹੈ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲੱਗਿਆਂ ਸਾਨੂੰ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਨਿਰਮਲ ਤੇ ਪਵਿੱਤਰ ਜਲ ਦੇ ਐਨ ਵਿਚਕਾਰ ਸਜੀ ਸੁਨਹਿਰੀ ਚਮਕਦੀ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਕੰਵਲ ਦੇ ਫੁੱਲ ਵਾਂਗ ਸ਼ੋਭਾ ਪਾਉਂਦੀ ਹੈ ਅਤੇ ਦਰਸ਼ਨ ਕਰਨ ਆਏ ਸ਼ਰਧਾਲੂਆਂ ਨੂੰ ਵੀ ਇਸ ਸੰਸਾਰ ਅੰਦਰ ਰਹਿੰਦਿਆਂ ਕਮਲ ਦੇ ਫੁੱਲ ਵਾਂਗ ਨਿਰਲੇਪ, ਸਹਿਜ, ਸ਼ਾਂਤੀ, ਸੰਤੋਖ, ਪਵਿੱਤਰ ਅਤੇ ਆਪਣੇ ਮੂਲ ਨਾਲ ਸੁਰਤ-ਲੀਨ ਰਹਿਣ ਦਾ ਸੁਨੇਹਾ ਦਿੰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਵੇਲੇ ਸਾਨੂੰ ਸੰਸਾਰੀ ਚੰਚਲ ਬਿਰਤੀਆਂ ਅਤੇ ਮਨੋਰੰਜਕ ਸੁਭਾਅ ਨੂੰ ਪਰਕਰਮਾ ’ਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਛੱਡ ਕੇ ਜਾਣਾ ਚਾਹੀਦਾ ਹੈ। ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਵੀ ਗੁਰੂ-ਘਰ ਵਿੱਚ ਬਰਾਬਰਤਾ ਦੇ ਸਿਧਾਂਤ ਅਨੁਸਾਰ ਹਰੇਕ ਮਰਿਆਦਾ ਨੂੰ ਸਾਰਿਆਂ ’ਤੇ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਯਾਤਰੂਆਂ ਨੂੰ ਵੀ ਕਿਸੇ ਤਰ੍ਹਾਂ ਦੇ ਵਿਤਕਰੇ ਦਾ ਅਹਿਸਾਸ ਨਾ ਹੋਵੇ। ਵਿਦੇਸ਼ੀ ਯਾਤਰੂਆਂ ਅਤੇ ਜਗਿਆਸੂਆਂ ਨੂੰ ਇਸ ਪਾਵਨ ਅਸਥਾਨ ਦੀ ਅਧਿਆਤਮਕ ਮਹੱਤਤਾ ਅਤੇ ਰੂਹਾਨੀ ਆਭਾ ਬਾਰੇ ਜਾਣਕਾਰੀ ਦੇਣ ਅਤੇ ਮਰਯਾਦਾ ਬਾਰੇ ਸਮਝਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਵੀ ਯੋਗ ਪ੍ਰਬੰਧ ਕਰਨਗੇ ਚਾਹੀਦੇ ਹਨ, ਤਾਂ ਜੋ ਹਰੇਕ ਸ਼ਰਧਾਲੂ ਪਰਕਰਮਾ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਇਸ ਪਾਵਨ-ਪਵਿੱਤਰ ਅਸਥਾਨ ਦੀ ਮਹੱਤਤਾ ਅਤੇ ਇਤਿਹਾਸ ਤੋਂ ਜਾਣੂ ਹੁੰਦਿਆਂ ਮਰਿਆਦਾ ਵਿੱਚ ਰਹਿ ਕੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਦਾ ਪੂਰਾ-ਪੂਰਾ ਲਾਹਾ ਲੈ ਸਕੇ।

***

## ਆਤਮਾ ਮਰ ਜਾਵੇ, ਸਰੀਰ ਹਰਕਤ ਕਰਦਾ ਰਹੇ

ਸਰਕਾਰਾਂ ਦੇ ਤਖ਼ਤ ਕੰਬੇ,ਉਹ ਹਰਕਤ ਵਿੱਚ ਆਈ , ਖਾਲਸਾ ਵਹੀਰ ਨੂੰ ਕਿਵੇਂ ਘੇਰਨਾ ਹੈ ਸਕੀਮਾਂ ਬਣੀਆ ।ਅਖਿਰ ਸਾਜ਼ਿਸ਼ਾਂ ਸਿਰੇ ਚੜ੍ਹੀਆ ।ਖਾਲਸਾ ਵਹੀਰ ਨੂੰ ਘੇਰ ਲਿਆ ਗਿਆ , ਪ੍ਰਬਲ ਹੋ ਰਿਹਾ ਖਾਲਸਾਈ ਜਜ਼ਬਾ ਜਜ਼ੀਰਾਂ ਵਿਚ ਜਕੜ ਦਿਤਾ ਗਿਆ ।ਭਾਰਤ ਤੇ ਪੰਜਾਬ ਦੀ ਸਰਕਾਰ ਉਤੇ ਤਾਂ ਰੋਸ ਹੈ ਪਰ ਨਾਲ ਹੀ ਦੁਖ ਹੈ ਕਿ ਖਾਲਸਾ ਕੌਮ ਦਾ ਤਖ਼ਤ ਕਿਉਂ ਨਹੀ ਪੁੱਛ ਰਿਹਾ ਕਿ ਭਾਈ ਅਮ੍ਰਿਤਪਾਲ ਸਿੰਘ ਦਾ ਕਸੂਰ ਕੀ ਹੈ , ਉਸ ਵੱਲੋਂ ਚਲਾਈ ਗਈ ਖਾਲਸਾਈ ਵਹੀਰ ਨਾਲ ਦੇਸ਼ ਦਾ ਕਿਹੜਾ ਹਿੱਸਾ ਟੁੱਟ ਗਿਆ।ਭਾਈ ਅਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਵਿਰੁਧ ਨੈਸ਼ਨਲ ਸਕਿਊਰਿਟੀ ਐਕਟ ਕਿਉਂ ਲਾਇਆ ਗਿਆ ।ਉਸ ਦੇ ਕਸੂਰ ਅਨੁਸਾਰ , ਉਸ ਖ਼ਿਲਾਫ਼ ਪਰਚਾ ਦਰਜ ਕਰਨ ਦੀ ਬਜਾਏ , ਐਨ ਐਸ ਏ ਕਿਉਂ ਲਾਇਆ ਗਿਆ ।

ਅੱਜ ਭਾਈ ਅੰਮ੍ਰਿਤਪਾਲ ਸਿੰਘ ਸਮੇਤ ਬਹੁਤ ਸਾਰੇ ਸਿੱਖ ਨੌਜਵਾਨਾਂ ਦੇ ਪੁੱਤਰ ਧੀਆਂ ਨੂੰ ਥਾਣਿਆਂ ਵਿੱਚ ਬੁਲਾਕੇ ਕਿਉਂ ਅਪਮਾਨਤ ਕੀਤਾ ਜਾ ਰਿਹਾ ।ਭਾਈ ਅੰਮ੍ਰਿਤਪਾਲ ਸਿੰਘ ਦੀ ਸਿੰਘਣੀ ਅਪਣੇ ਪੇਕੇ ਘਰ ਇੰਗਲੈਂਡ ਕਿਉਂ ਨਹੀ ਜਾ ਸਕਦੀ । ਉਸ ਦਾ ਕੀ ਕਸੂਰ ਹੈ ? ਸਰਕਾਰ ਕਿਉਂ ਨਹੀ ਦੱਸਦੀ, ਉਸ ਦਾ ਕੀ ਕਸੂਰ ਹੈ ਕੌਮ ਦਾ ਤਖ਼ਤ ਕਿਉਂ ਨਹੀ ਪੁੱਛਦਾ । ਇਹ ਤਖ਼ਤ ਹੈ , ਗੁਰਦੂਆਰਾ ਨਹੀ ਇਸ ਨੇ ਮਜ਼ਲੂਮ ਦੀ ਰੱਖਿਆ ਕਰਨੀ ਹੈ ਪਰ ਬਦਕਿਸਮਤੀ ਹੈ ਕਿ ਇਹ ਤਖ਼ਤ , ਤਖ਼ਤ ਦੇ ਵਾਰਸਾਂ ਦੀਆਂ ਧੀਆਂ ਭੈਣਾਂ ਦੀ ਪੱਤ ਬਚਾਉਣ ਲਈ ਕਿਉਂ ਨਹੀ ਬੋਲ ਰਿਹਾ । ਇਸ ਤਖ਼ਤ ਤੋਂ ਇਹ ਆਵਾਜ਼ ਕਿਉਂ ਨਹੀ ਗੂੰਜਦੀ ਕਿ, ਅਨੰਦਪੁਰ ਜਾਗਦਾ ਦਿੱਲੀਏ , ਅਨੰਦਪੁਰ ਜਾਗਦੇ ਰਹਿਣਾ ॥ ਤੈਨੂੰ ਲਲਕਾਰਦਾ ਦਿੱਲੀਏ, ਏਹਨੇ ਲਲਕਾਰਦੇ ਰਹਿਣਾ ॥ ਖਾਲਸਾ ਜੀ ! ਉਠੋ ਜਾਗੋ , ਬੰਦਿਆਂ ਦੀ ਸੋਚ ਵਾਲੀਆ ਪਾਰਟੀਆਂ ਦੇ ਪਿੱਛੇ ਲੱਗਣ ਦੀ ਬਜਾਏ , ਗੁਰੂ ਗ੍ਰੰਥ ਅਤੇ ਗੁਰ ਪੰਥ ਦੀ ਸੋਚ ਵਾਲੀ ਨਿਰੋਲ ਖਾਲਸਾ ਪੰਜਾਬੀ ਪਾਰਟੀ ਬਣਾਓ ਅਤੇ ਜਬਰ ਜ਼ੁਲਮ, ਅੱਤਿਆਚਾਰ ਨੂੰ ਠੱਲ੍ਹ ਪਾਊਣ ਲੱਦੇ ਨਾਲ ਨਾਲ ਆਜ਼ਾਦ ਪੰਜਾਬ ਦੀ ਸਰਕਾਰ ਬਣਾਓ ਜੋ ਹਲੇਮੀ ਰਾਜ ਦਾ ਰੂਪ ਹੋਵੇ ।

***

## ਗੁਰਾਂ ਦੇ ਨਾਂਅ

ਕੀਤੀਆਂ ਗਈਆਂ ਪਰ ਪੰਜਾਬੀਆਂ ਨੇ ਹਰ ਬਿਪਤਾ ਦਾ ਡਟ ਕੇ ਮੁਕਾਬਲਾ ਕੀਤਾ। ਭਾਰਤ ਦੀਆਂ ਕੇਂਦਰ ਸਰਕਾਰਾਂ ਇਹ ਭੁੱਲ ਗਈਆਂ ਕਿ ਪੰਜਾਬ ਗੁਰਾਂ ਦੇ ਨਾਂਅ ’ਤੇ ਵਸਦਾ ਹੈ, ਜਿਸ ਕਰਕੇ ਪੰਜਾਬ ਨੂੰ ਕੋਈ ਉਜਾੜ ਨਹੀਂ ਸਕਦਾ।ਪੰਜਾਬ ਨੂੰ ਉਜਾੜਨ ਲਈ ਘਰੇਲੂ ਅਤੇ ਬਾਹਰਲੀਆਂ ਲੱਖ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਪੰਜਾਬ ਉਜੜ ਕੇ ਮੁੜ ਵਸਦਾ ਰਿਹਾ। ਇਸੇ ਕਾਰਨ ਪੰਜਾਬ ਅਜੇ ਵੀ ਵਸਦਾ ਰਸਦਾ ਤੇ ਹੱਸਦਾ ਹੈ।

ਪੰਜਾਬ ਵਿੱਚ ਵੱਖ- ਵੱਖ ਸਮੇਂ ਦੀਆਂ ਕੇਂਦਰ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਫ਼ਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਕੀੜੇਮਾਰ ਦਵਾਈਆਂ, ਫ਼ਸਲੀ ਜ਼ਹਿਰਾਂ ਦਾ ਵੱਧ ਤੋਂ ਵੱਧ ਇਸਤੇਮਾਲ ਕਰਨ ਲਈ ਉਤਸ਼ਾਹਿਤ ਕੀਤਾ ਗਿਆ, ਜਿਸ ਕਾਰਨ ਪੰਜਾਬ ਵਿੱਚ ਪੈਦਾ ਹੋਣ ਵਾਲੀਆਂ ਚੀਜ਼ਾਂ ਇਹਨਾ ਕੀੜੇਮਾਰ ਦਵਾਈਆਂ ਕਾਰਨ ਕੁਝ ਹੱਕ ਤਕ ਜ਼ਹਿਰੀਲੀਆਂ ਹੋ ਗਈਆਂ, ਜਿਸਦਾ ਅਸਰ ਇਹਨਾਂ ਚੀਜ਼ਾਂ ਨੂੰ ਖਾਣ ਵਾਲੇ ਲੋਕਾਂ ’ਤੇ ਵੀ ਹੋ ਰਿਹਾ ਹੈ।ਇਸ ਤੋਂ ਇਲਾਵਾ ਕੇਂਦਰ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਫਸਲ ਦੀ ਉਪਜ ਵਧਾਉਣ ਲਈ ਖੇਤਾਂ ਵਿੱਚ ਰਸਾਇਣਕ ਖਾਧਾਂ ਪਾਉਣ ਲਈ ਉਤਸ਼ਾਹਿਤ ਕੀਤਾ ਗਿਆ, ਜਿਸ ਕਾਰਨ ਪੰਜਾਬ ਦੀ ਖੇਤੀ ਜ਼ਹਿਰੀਲੀ ਹੁੰਦੀ ਚਲੀ ਗਈ। ਪੰਜਾਬ ਦੇ ਭੋਲੇ ਭਾਲੇ ਕਿਸਾਨ ਕੇਂਦਰ ਸਰਕਾਰ ਦੀਆਂ ਚਾਲਾਂ ਨੂੰ ਨਾ ਸਮਝਦਿਆਂ ਉਸਦੇ ਜਾਲ ਵਿੱਚ ਫਸਦੇ ਚਲੇ ਗਏ।

ਹੁਣ ਭਾਰਤ ਸਰਕਾਰ ਦੀਆਂ ਗੁਪਤ ਸਾਜਿਸ਼ਾਂ ਤਹਿਤ ਪੰਜਾਬ ਵਿੱਚ ਹੋਰਨਾਂ ਸੂਬਿਆਂ ਦੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਪੰਜਾਬ ਵਿੱਚ ਵਸਾਇਆ ਜਾ ਰਿਹਾ ਹੈ ਤਾਂ ਕਿ ਪੰਜਾਬ ਵਿੱਚ ਹੀ ਸਿੱਖ ਘੱਟ ਗਿਣਤੀ ਵਿੱਚ ਰਹਿ ਜਾਣ ਅਤੇ ਪੰਜਾਬ ਦੇ ਸਿੱਖ ਕੇਂਦਰ ਸਰਕਾਰ ਤੋਂ ਆਪਣੇ ਹੱਕ ਨਾ ਮੰਗ ਸਕਣ। ਕੇਂਦਰ ਸਰਕਾਰ ਦੀਆਂ ਗੁਪਤ ਸਾਜਿਸ਼ਾਂ ਤਹਿਤ ਹੀ ਪੰਜਾਬ ਵਿੱਚ ਅਜਿਹਾ ਮਾਹੌਲ ਸਿਰਜਿਆ ਗਿਆ ਹੈ ਕਿ ਪੰਜਾਬ ਦਾ ਹਰ ਵਿਦਿਆਰਥੀ ਹੁਣ ਪੰਜਾਬ ਵਿੱਚ ਰਹਿ ਕੇ ਪੜ੍ਹਾਈ ਕਰਨ ਦੀ ਥਾਂ ਵਿਦੇਸ਼ ਜਾ ਕੇ ਪੜ੍ਹਾਈ ਕਰਨ ਲਈ ਜਹਾਜ਼ ਚੜ੍ਹਕੇ ਵਿਦੇਸ਼ ਜਾ ਰਿਹਾ ਹੈ। ਇਕ ਪਾਸੇ ਹਰ ਦਿਨ ਸੈਂਕੜਿਆਂ ਦੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਵਿਦੇਸ਼ ਜਾ ਰਹੇ ਹਨ, ਇਹਨਾਂ ਨੌਜਵਾਨਾਂ ਦੇ ਪਿੱਛੇ ਉਹਨਾਂ ਦੇ ਪੰਜਾਬੀ ਮਾਪੇ ਵੀ ਵਿਦੇਸ਼ ਜਾ ਰਹੇ ਹਨ, ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਗੁਪਤ ਸਾਜਿਸ਼ ਤਹਿਤ ਭਾਰਤ ਦੇ ਵੱਖ- ਵੱਖ ਸੂਬਿਆਂ ਦੇ ਲੋਕਾਂ ਨੂੰ ਪੰਜਾਬ ਵਿੱਚ ਵਸਾਇਆ ਜਾ ਰਿਹਾ ਹੈ। ਜੇ ਇਸੇ ਤਰਾਂ ਕੁਝ ਸਮਾਂ ਹੋਰ ਚੱਲਦਾ ਰਿਹਾ ਤਾਂ ਪੰਜਾਬ ਵਿੱਚ ਪੰਜਾਬੀ ਖਾਸ ਕਰਕੇ ਸਿੱਖ ਹੀ ਘੱਟ ਗਿਣਤੀ ਵਿੱਚ ਰਹਿ ਜਾਣਗੇ। ਇਸ ਕਰਕੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਕੰਧ ’ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਵੱਖ ਵੱਖ ਸਮੇਂ ਦੀਆਂ ਕੇਂਦਰ ਸਰਕਾਰਾਂ ਦੀਆਂ ਪੰਜਾਬ ਵਿਰੁੱਧ ਕੀਤੀਆਂ ਜਾਂਦੀਆਂ ਸਾਜਿਸ਼ਾਂ ਨੂੰ ਸਮਝ ਕੇ ਉਹਨਾਂ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।

***

## ਬਰੈਂਪਟਨ ਦੀ ਸਟ੍ਰੀਟ ਨੂੰ

ਬਣਾਈ ਗਈ ਹੈ। ਸਿੱਧੂ ਮੂਸੇਵਾਲਾ 2016 ਵਿੱਚ ਸਟੱਡੀ ਵੀਜ਼ਾ ’ਤੇ ਕੈਨੇਡਾ ਆਇਆ ਸੀ ਅਤੇ ਉਸ ਨੇ ਬਰੈਂਪਟਨ ਵਿੱਚ ਕਾਫ਼ੀ ਸਮਾਂ ਬਤੀਤ ਕੀਤਾ।

ਇਸ ਤੋਂ ਪਹਿਲਾ ਸੁਸਨ ਫੈਨਲ ਸਪੋਰਟਸ ਕੰਪਲੈਕਸ ਦੀ ਬਾਹਰੀ ਦੀਵਾਰ ’ਤੇ 12 ਫੁੱਟ ਗੁਣਾ 8 ਫੁੱਟ ਦਾ ਪੇਂਟਿੰਗ ਬਣਾਉਣ ਦੀ ਹਰੀ ਝੰਡੀ ਦਿੱਤੀ ਗਈ ਸੀ। ਪੇਂਟਿੰਗ ਤਿਆਰ ਕਰਨ ਦਾ ਕੰਮ ਵਾਲੰਟੀਅਰ ਆਰਟਿਸਟਾਂ ਵੱਲੋਂ ਕੀਤਾ ਗਿਆ ਹੈ ਤੇ ਇਸ ਦਾ ਡਿਜ਼ਾਈਨ ਜੈਸਮਿਨ ਪਨੂੰ ਵੱਲੋਂ ਤਿਆਰ ਕੀਤਾ ਗਿਆ ਜਿਸ ਦੀਆਂ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਰਾਇਲ ਓਨਟਾਰੀਓ ਮਿਊਜ਼ੀਅਮ ਸਣੇ ਕਈ ਨਾਮੀ ਥਾਵਾਂ ’ਤੇ ਲੱਗ ਚੁੱਕੀ ਹੈ। ਬਰੈਂਪਟਨ ਦੇ ਸੈਰੀਡਨ ਕਾਲਜ ਨੇੜੇ ਸਿੱਧੂ ਦੀ ਯਾਦ ਵਿੱਚ ਰੁੱਖ ਲਗਾ ਕੇ ਵੀ ਸ਼ਰਧਾਂਜਲੀ ਦਿੱਤੀ ਗਈ ਸੀ।

***

## ਸਿੱਖ ਸੰਸਦ ਮੈਂਬਰ ਗੁਰਬਖਸ਼ ਸਿੰਘ ਮੱਲ੍ਹੀ ਨੂੰ

ਸੇਵਾ ਅਤੇ ਸਾਡੇ ਭਾਈਚਾਰੇ ਦੀ ਬਿਹਤਰੀ ਮੇਰੇ ਹਰ ਕੰਮ ਦਾ ਅਧਾਰ ਰਿਹਾ ਹੈ, ਸ਼ਹਿਰ, ਸੂਬੇ ਅਤੇ ਦੇਸ਼ ਨੂੰ ਵਾਪਸ ਦੇਣ ਦਾ ਇਹ ਸਨਮਾਨ ਹੈ ਜਿਸ ਨੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਉਚਾਈਆਂ ’ਤੇ ਪਹੁੰਚਣ ਦੇ ਇੰਨੇ ਮੌਕੇ ਦਿੱਤੇ ਹਨ ਜਿਨ੍ਹਾਂ ਦੀ ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ।”

1960 ਦੇ ਦਹਾਕੇ ਦੌਰਾਨ, ਭਾਰਤ ਵਿੱਚ ਰਹਿੰਦੇ ਹੋਏ, ਮੱਲ੍ਹੀ ਨੇ ਰਾਜਨੀਤੀ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕੀਤਾ। 1975 ਵਿੱਚ, ਉਹ ਅਤੇ ਉਨ੍ਹਾਂ ਦਾ ਪਰਿਵਾਰ ਕੈਨੇਡਾ ਆਵਾਸ ਕਰ ਗਿਆ, ਜਿੱਥੇ ਉਨ੍ਹਾਂ ਨੇ ਜਲਦੀ ਹੀ ਇੱਕ ਮਦਦਗਾਰ ਹੱਥ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ। ਇੱਕ ਸਿਆਸਤਦਾਨ ਵਜੋਂ ਮੱਲ੍ਹੀ ਦਾ ਉਦੇਸ਼ ਉਹਨਾਂ ਸਾਰੇ ਲੋਕਾਂ ਨੂੰ ਸ਼ਾਮਲ ਕਰਨ ਲਈ ਲੜਨਾ ਸੀ ਜੋ ਕੈਨੇਡਾ ਨੂੰ ਘਰ ਕਹਿੰਦੇ ਹਨ ਅਤੇ ਕੈਨੇਡਾ ਵਿੱਚ ਸਹਿ-ਮੌਜੂਦ ਵਿਭਿੰਨ ਨਸਲੀ ਪਿਛੋਕੜਾਂ ਨੂੰ ਦਰਸਾਉਣਾ ਸੀ।

ਕੈਨੇਡਾ ਵਿੱਚ ਨਸਲਵਾਦ ਅਤੇ ਤੰਗੀ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚੋਂ ਇੱਕ ਨੂੰ ਯਾਦ ਕਰਦਿਆਂ ਜਦੋਂ ਉਨ੍ਹਾਂ ਨੇ 1993 ਵਿੱਚ ਆਪਣੀ ਪਹਿਲੀ ਚੋਣ ਲਈ ਪ੍ਰਚਾਰ ਕੀਤਾ, ਉਨ੍ਹਾਂ ਨੇ ਕਿਹਾ ਕਿ ਉਹ ਮੈਨੂੰ ‘ਪਾਕੀ’ ਕਹਿੰਦੇ ਸਨ। ਮੈਨੂੰ ਇੱਕ ਨੀਵੀਂ ਸ਼੍ਰੇਣੀ ਦੇ ਪ੍ਰਵਾਸੀ ਵਜੋਂ ਜ਼ਬਾਨੀ ਦੁਰਵਿਵਹਾਰ ਕੀਤਾ ਗਿਆ ਸੀ। ਮੇਰਾ ਟੀਚਾ ਇਸ ਪੱਖਪਾਤ ਨੂੰ ਖਤਮ ਕਰਨਾ ਸੀ ਅਤੇ ਰਾਜਨੀਤੀ ਇਸ ਨੂੰ ਹਾਸਲ ਕਰਨ ਦਾ ਸਾਧਨ ਸੀ।

ਸੰਸਦ ਵਿੱਚ ਆਪਣੇ ਸਮੇਂ ਦੌਰਾਨ, ਮੱਲ੍ਹੀ ਨੇ ਰਾਸ਼ਟਰੀ ਮਾਲੀਆ ਮੰਤਰੀ, ਮਨੁੱਖੀ ਸਰੋਤ ਅਤੇ ਹੁਨਰ ਵਿਕਾਸ ਮੰਤਰੀ, ਉਦਯੋਗ ਮੰਤਰੀ ਅਤੇ ਕਿਰਤ ਮੰਤਰੀ ਸਮੇਤ ਕਈ ਮਹੱਤਵਪੂਰਨ ਅਹੁਦਿਆਂ ’ਤੇ ਕੰਮ ਕੀਤਾ। 2021 ਵਿੱਚ, ਬਰਲਵੁੱਡ ਰੋਡ ਸਥਿਤ ਬਰੈਂਪਟਨ ਦੇ ਰੈਪਸੋਡੀ ਪਾਰਕ ਦਾ ਨਾਮ ਮੱਲ੍ਹੀ ਦੇ ਨਾਮ ਉੱਤੇ ਰੱਖਿਆ ਗਿਆ ਸੀ।

***

## ਅੰਮ੍ਰਿਤਪਾਲ ਮਾਮਲੇ ’ਚ ਐਡਵਾਈਜ਼ਰੀ

ਨਾਮਜ਼ਦ ਕੀਤਾ ਗਿਆ ਹੈ। ਇਹ ਸਾਰੇ ਵੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਇਸ ਮਾਮਲੇ ਵਿੱਚ ਗਠਿਤ ਐਡਵਾਈਜ਼ਰੀ ਬੋਰਡ ਦੇ ਚੇਅਰਮੈਨ ਨੇ ਗਰਮਖ਼ਿਆਲੀ ਅੰਮ੍ਰਿਤਪਾਲ ਸਿੰਘ ਸਮੇਤ ਹੋਰਨਾਂ ਵਿਅਕਤੀਆਂ ’ਤੇ ਦਰਜ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਨੂੰ ਲੈ ਕੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ-ਕਮ ਜ਼ਿਲ੍ਹਾ ਮੈਜਿਸਟਰੇਟ ਹਰਪ੍ਰੀਤ ਸਿੰਘ ਸੂਦਨ ਅਤੇ ਅੰਮ੍ਰਿਤਸਰ ਦੇ ਐੱਸਐੱਸਪੀ (ਦਿਹਾਤੀ) ਸਤਿੰਦਰ ਸਿੰਘ ਨੂੰ ਪੱਤਰ ਲਿਖ ਕੇ ਆਪਣਾ ਜਵਾਬ ਦਾਖ਼ਲ ਕਰਨ ਲਈ ਆਖਿਆ ਸੀ। ਇਸ ਦੀ ਜਾਣਕਾਰੀ ਪੰਜਾਬ ਦੇ ਡੀਜੀਪੀ ਨੂੰ ਵੀ ਭੇਜੀ ਗਈ ਸੀ।

ਸੂਤਰਾਂ ਅਨੁਸਾਰ ਐਡਵਾਈਜ਼ਰੀ ਬੋਰਡ ਨੇ ਜ਼ਿਲ੍ਹਾ ਮੈਜਿਸਟਰੇਟ ਅਤੇ ਐੱਸਐੱਸਪੀ ਤੋਂ ਅੰਮ੍ਰਿਤਪਾਲ ਸਿੰਘ ਅਤੇ ਹੋਰਨਾਂ ਵਿਅਕਤੀਆਂ ’ਤੇ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਲਗਾਉਣ ਬਾਰੇ ਪੁੱਛਿਆ ਗਿਆ ਤਾਂ ਉੱਚ ਅਧਿਕਾਰੀਆਂ ਵੱਲੋਂ ਪੰਜਾਬ ਦੇ ਮੌਜੂਦਾ ਹਾਲਾਤ ਦਾ ਹਵਾਲਾ ਦਿੰਦੇ ਹੋਏ ਦੱਸਿਆ ਗਿਆ ਕਿ ਲੋਕਹਿੱਤ ਵਿੱਚ ਐੱਨਐੱਸਏ ਲਗਾਉਣਾ ਜ਼ਰੂਰੀ ਹੋ ਗਿਆ ਸੀ ਨਹੀਂ ਤਾਂ ਹਾਲਾਤ ਹੋ ਖ਼ਰਾਬ ਹੋਣ ਦਾ ਖ਼ਦਸ਼ਾ ਸੀ।

***

## ਕੌਮੀ ਘੱਟ ਗਿਣਤੀ ਕਮਿਸ਼ਨ ਨੇ

ਇਸ ਸਰਹੱਦੀ ਇਲਾਕੇ ਵਿੱਚ ਭਾਰਤ ਦੀ ਚੀਨ ਨਾਲ ਲਗਦੀ ਸਰਹੱਦ ’ਤੇ ਵੱਡੀ ਗਿਣਤੀ ਸਿੱਖ ਫ਼ੌਜੀ ਜਵਾਨ ਤਾਇਨਾਤ ਹਨ। ਅਜਿਹੇ ਇਲਾਕੇ ਵਿਚ ਸਿੱਖ ਧਰਮ ਅਸਥਾਨਾਂ ਨਾਲ ਛੇੜਛਾੜ ਜਾਂ ਉਨ੍ਹਾਂ ’ਤੇ ਕਬਜ਼ੇ ਦੀਆਂ ਘਟਨਾਵਾਂ ਨਾਲ ਸਿੱਖ ਫੌਜੀ ਜਵਾਨਾਂ ਦੇ ਮਨੋਬਲ ਨੂੰ ਢਾਹ ਲੱਗ ਸਕਦੀ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਆਖਿਆ ਕਿ ਇਸ ਮਾਮਲੇ ਦਾ ਪਤਾ ਲਾਇਆ ਜਾਵੇ ਕਿ ਇਸ ਪਿੱਛੇ ਕੋਈ ਅਜਿਹੀ ਸਾਜ਼ਿਸ਼ ਤਾਂ ਨਹੀਂ ਹੈ। ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਜਾਂਚ ਵਾਸਤੇ ਇਕ ਜਾਂਚ ਟੀਮ ਨੂੰ ਅਰੁਣਾਚਲ ਪ੍ਰਦੇਸ਼ ਭੇਜੇ। ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਕੀਤਾ ਸੀ ਕਿ ਕੁਝ ਸਾਲ ਪਹਿਲਾਂ ਤੱਕ ਇਹ ਗੁਰਦੁਆਰਾ ਭਾਰਤੀ ਫੌਜ ਦੇ ਪ੍ਰਬੰਧ ਹੇਠ ਸੀ ਅਤੇ ਬਾਅਦ ਵਿੱਚ ਇਸ ਨੂੰ ਸੰਗਤ ਨੂੰ ਪ੍ਰਬੰਧ ਲਈ ਸੌਂਪ ਦਿੱਤਾ ਗਿਆ ਸੀ।

## ਮੀਡੀਆ ਦੀ ਅਜ਼ਾਦੀ ਬਗੈਰ

ਇਸ ਵਿੱਚ ਜਨਤਕ ਵਿਸ਼ਵਾਸ, ਵਧੀਆ ਰਿਪੋਰਟਿੰਗ, ਰਚਨਾਤਮਿਕ ਸੂਝ-ਬੂਝ, ਵਧੀਆ ਭੂਮਿਕਾ ਅਤੇ ਚੰਗਿਆਈ ਜਿਹੇ ਗੁਣ ਰੁੜ੍ਹ ਜਾਂਦੇ ਹਨ। ਇਸ ਨੂੰ ਆਪਣੇ ਤੌਰ ’ਤੇ ਲਾਭ ਵਾਲੀ ਸਥਿਤੀ ਅਤਿ ਲੋੜੀਂਦੀ ਹੈ। ਇਸ ਬਗੈਰ ਇਸਦੀ ਆਜ਼ਾਦੀ ਸੰਭਵ ਨਹੀਂ। ਇਸਦੇ ਰੈਵੇਨਿਊ ਦੇ ਮੁੱਖ ਸ੍ਰੋਤ ਇਸ਼ਤਿਹਾਰ ਅਤੇ ਚੰਦਾ ਹੁੰਦੇ ਹਨ। ਜੇਕਰ ਇਸ ਲਈ ਇਹ ਸਰਕਾਰਾਂ ਅਤੇ ਸਰਮਾਏਦਾਰਾਂ ’ਤੇ ਨਿਰਭਰ ਰਹੇਗਾ ਤਾਂ ਇਸਦੀ ਅਜ਼ਾਦੀ ਖ਼ਾਕ ਹੋ ਜਾਵੇਗੀ।

ਅੱਜ ਇਹ ਸਵਾਲ ਵੀ ਅਤਿ ਮਹੱਤਵਪੂਰਨ ਹੈ ਕਿ ਜੇਕਰ ਪੱਤਰਕਾਰ ਅਤੇ ਪੱਤਰਕਾਰਤਾ ਵਿਰੁੱਧ ਸੱਤਾਧਾਰੀ, ਸਰਕਾਰੀ, ਗੈਰ-ਸਰਕਾਰੀ ਹਮਲਿਆਂ ਦੀ ਸਜ਼ਾ ਨਹੀਂ ਮਿਲਦੀ ਤਾਂ ਕਾਨੂੰਨੀ ਸਿਸਟਮ ਅਤੇ ਸੁਰੱਖਿਆ ਫਰੇਮਵਰਕ ਨਕਾਰਾ ਹੋ ਜਾਂਦੇ ਹਨ। ਐਸਾ ਵਿਚਾਰ ਯੂਨੈਸਕੋ ਦੇ ਡਾਇਰੈਕਟਰ ਜਨਰਲ ਔਡਰੇ ਅਜ਼ੋਲੇ ਰੱਖਦੇ ਹਨ। ਸੱਤਾਧਾਰੀਆਂ ਅਤੇ ਰਾਜ ਤੋਂ ਮੀਡੀਆ ਅਤੇ ਮੀਡੀਆ ਕਰਮੀਆਂ ਦੀ ਰਾਖੀ ਲਈ ਯੂਨੈਸਕੋ ਨੇ ਚਾਲੂ ਸਾਲਾਂ ਵਿੱਚ ਜੱਜਾਂ, ਸਰਕਾਰੀ ਅਤੇ ਗੈਰ-ਸਰਕਾਰੀ ਵਕੀਲਾਂ ਨੂੰ ਵਿਸ਼ੇਸ਼ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ ਹੈ। ਹੁਣ ਤਕ ਕਰੀਬ 23000 ਨਿਆਂ ਅਧਿਕਾਰੀਆਂ ਨੂੰ ਮੀਡੀਆ, ਪੱਤਰਕਾਰੀ ਕਾਨੂੰਨ, ਕੌਮਾਂਤਰੀ ਮੀਡੀਆ ਕਾਨੂੰਨ, ਔਨਲਾਈਨ ਵੈਬਨਾਰ ਆਦਿ ਬਾਰੇ ਯੂਨੀਵਰਸਿਟੀਆਂ ਅਤੇ ਨਾਮਵਰ ਵਿੱਦਿਅਕ ਅਦਾਰਿਆਂ ਰਾਹੀਂ ਟ੍ਰੇਂਡ ਕੀਤਾ ਜਾ ਚੁੱਕਾ ਹੈ। ਇਹ ਜ਼ਰੂਰੀ ਟ੍ਰੇਨਿੰਗ ਸਿਲਸਿਲਾ ਸ਼ਿੱਦਤ ਨਾਲ ਜਾਰੀ ਹੈ।

ਕੈਨੇਡਾ ਅੰਦਰ ਚਾਲੂ ਇਤਿਹਾਸ ਵਿੱਚ ਮੀਡੀਆ ਅਤੇ ਹੋਰ ਵਿਸ਼ਿਆਂ ਸਬੰਧੀ ਮਸਲੇ ਮਿਲ ਬੈਠ ਕੇ ਹੱਲ ਕਰਨ ਦਾ ਬਹੁਤ ਹੀ ਸ਼ਲਾਘਾਯੋਗ ਸਿਸਟਮ ਕੰਮ ਕਰ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਮਾਨ ਸਾਹਿਬ ਨੂੰ ਅਜਿਹੇ ਅਫਸਰਸ਼ਾਹਾਂ ਅਤੇ ਸਲਾਹਕਾਰਾਂ ਤੋਂ ਬਚਣ ਦੀ ਲੋੜ ਹੈ ਜੋ ਖਾਹ-ਮਖਾਹ ਗਵਰਨਰ, ਅਫਸਰਸ਼ਾਹੀ, ਕਿਸਾਨੀ, ਬੇਰੋਜ਼ਗਾਰਾਂ ਅਤੇ ਮੀਡੀਏ ਨਾਲ ਟਕਰਾਅ ਦੀ ਸਥਿਤੀ ਪੈਦਾ ਕਰਦੇ ਹਨ। ਆਮ ਆਦਮੀ ਪਾਰਟੀ ਤਾਂ ਹੀ ਭਾਰਤੀ ਰਾਜਨੀਤੀ ਅੰਦਰ ਲੰਬੀ ਰੇਸ ਦੇ ਘੋੜੇ ਵਾਂਗ ਸਥਾਪਿਤ ਹੋ ਸਕੇਗੀ ਜੇਕਰ ਉਹ ਅਜਿਹਾ ਅਮਲ ਸੱਚ, ਦਲੇਰੀ ਅਤੇ ਸਾਫ਼ਗੋਈ ਨਾਲ ਸ਼ੁਰੂ ਕਰਦੀ ਹੈ। ਨਰੋਏ ਲੋਕਤੰਤਰ ਅੰਦਰ ਮੀਡੀਏ ਨਾਲ ਟਕਰਾ ਅਤੇ ਵਿਤਕਰੇ ਦੀ ਕੋਈ ਥਾਂ ਨਹੀਂ ਹੁੰਦੀ।

***

## ਪੰਜਾਬ ’ਚੋਂ ਅਲੋਪ

ਪੰਜਾਬ ਵੱਲ ਆਉਂਦੇ ਹਨ। ਅਸਲ ਵਿੱਚ ਪੰਜਾਬ ਦੀ ਜ਼ਹਿਰੀਲੀ ਹੋਈ ਖੇਤੀ, ਪ੍ਰਦੂਸ਼ਿਤ ਪਾਣੀਆਂ ਅਤੇ ਜਹਿਰੀਲੇ ਪੌਣ ਪਾਣੀ ਕਾਰਨ ਕੂੰਜਾਂ ਸਮੇਤ ਇਹਨਾਂ ਪਰਵਾਸੀ ਪੰਛੀਆਂ ਨੇ ਵੀ ਪੰਜਾਬ ਤੋਂ ਆਪਣਾ ਮੂੰਹ ਮੋੜ ਲਿਆ ਹੈ।

ਕਣਕ ਦੇ ਨਾੜ, ਝੋਨੇ ਦੀ ਪਰਾਲੀ ਅਤੇ ਹੋਰ ਖੇਤੀ ਰਹਿੰਦ ਖੂੰਹਦ ਨੂੰ ਕਿਸਾਨਾਂ ਵਲੋਂ ਲਾਈ ਜਾਂਦੀ ਅੱਗ ਕਾਰਨ ਵੀ ਪੰਛੀਆਂ ਦੀ ਗਿਣਤੀ ਕਾਫੀ ਘੱਟ ਰਹੀ ਹੈ। ਪਰਾਲੀ ਅਤੇ ਨਾੜ ਦੀ ਅੱਗ ਵਿੱਚ ਅਕਸਰ ਪੰਛੀਆਂ ਦੇ ਅੰਡੇ ਅਤੇ ਬੱਚੇ ਜਿਉਂਦੇ ਸੜ ਜਾਂਦੇ ਹਨ ਤੇ ਅਨੇਕਾਂ ਪੰਛੀ ਵੀ ਝੁਲਸ ਜਾਂਦੇ ਹਨ। ਪਰਾਲੀ ਅਤੇ ਨਾੜ ਨੂੰ ਲਾਈ ਅੱਗ ਕਾਰਨ ਕਈ ਕਈ ਦਿਨ ਅਸਮਾਣ ਉਪਰ ਕਾਲਾ ਧੂੰਆਂ ਛਾਇਆ ਰਹਿੰਦਾ ਹੈ ਅਤੇ ਕਈ ਕਈ ਦਿਨ ਹਵਾ ਵੀ ਲਗਾਤਾਰ ਜਹਿਰੀਲੇ ਧੂੰਏਂ ਕਾਰਨ ਜ਼ਹਿਰੀਲੀ ਹੋ ਜਾਂਦੀ ਹੈ, ਜਿਸ ਕਾਰਨ ਪੰਛੀਆਂ ਦੀ ਸਿਹਤ ਉਪਰ ਮਾੜਾ ਅਸਰ ਪੈਂਦਾ ਹੈ, ਪਰਾਲੀ ਤੇ ਨਾੜ ਦੇ ਧੂੰਏ ਅਤੇ ਜਹਿਰੀਲੀ ਹੋਈ ਆਬੋ ਹਵਾ ਕਾਰਨ ਪੰਛੀ ਜਾਂ ਤਾਂ ਹੋਰਨਾਂ ਇਲਾਕਿਆਂ ਵੱਲ ਨੂੰ ਉਡਾਰੀ ਮਰ ਜਾਂਦੇ ਹਨ ਜਾਂ ਫਿਰ ਬਿਮਾਰ ਹੋ ਕੇ ਮਰ ਜਾਂਦੇ ਹਨ।

ਰੁੱਖਾਂ ਦੀ ਘੱਟ ਰਹੀ ਗਿਣਤੀ ਕਾਰਨ ਵੀ ਪੰਛੀਆਂ ਦੀ ਗਿਣਤੀ ਘੱਟ ਰਹੀ ਹੈ। ਹਰ ਪਾਸੇ ਵਿਕਾਸ ਦੀ ਆੜ ਵਿੱਚ ਵੱਡੀ ਗਿਣਤੀ ਹਰੇ ਭਰੇ ਰੁੱਖਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਵਿੱਚ ਹੁਣ ਜੰਗਲ ਦੇ ਹੇਠ ਰਕਬਾ ਨਾਂਹ ਦੇ ਬਰਾਬਰ ਹੀ ਬਚਿਆ ਹੈ। ਰੁੱਖਾਂ ਦੀ ਅਣਹੋਂਦ ਕਾਰਨ ਪੰਛੀਆਂ ਨੂੰ ਆਪਣੇ ਆਲਣੇ ਬਣਾਉਣ ਵਿੱਚ ਪ੍ਰੇਸ਼ਾਨੀ ਆਉਂਦੀ ਹੈ, ਆਲਣਿਆਂ ਨੂੰ ਬਣਾਉਣ ਲਈ ਰੁੱਖਾਂ ਦੀ ਘਾਟ ਕਾਰਨ ਪੰਛੀ ਫਿਰ ਹੋਰਨਾਂ ਸੂਬਿਆਂ ਦੇ ਜੰਗਲਾਂ ਵੱਲ ਰੁੱਖ ਕਰਦੇ ਜਾ ਰਹੇ ਹਨ, ਭਾਵੇਂ ਕੁਝ ਸੰਸਥਾਵਾ ਵੱਲੋਂ ਨਕਲੀ ਆਲ੍ਹਣੇ ਬਣਾ ਕੇ ਵੱਖ-ਵੱਖ ਥਾਵਾਂ ਉਪਰ ਟੰਗੇ ਜਾਂਦੇ ਹਨ ਪਰ ਪੰਛੀ ਇਹ ਕਹਿੰਦੇ ਪ੍ਰਤੀਤ ਹੁੰਦੇ ਹਨ ਕਿ ਨਕਲੀ ਆਲ੍ਹਣੇ ਟੰਗਣ ਦੀ ਥਾਂ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ, ਆਪਣੇ ਅਸਲੀ ਆਲਣੇ ਤਾਂ ਪੰਛੀ ਖੁਦ ਹੀ ਰੁੱਖਾਂ ਉਪਰ ਬਣਾ ਲੈਣਗੇ।

ਕਈ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਬੀਜੀ ਹੋਈ ਫਸਲ ਨੂੰ ਬਚਾਉਣ ਲਈ ਪੰਛੀਆਂ ਲਈ ਕੜੱਕਾ ਲਾ ਦਿਤਾ ਜਾਂਦਾ ਹੈ, ਜਾਂ ਫਿਰ ਖੇਤਾਂ ਦੇ ਆਲੇ ਦੁਆਲੇ ਤਾਰਾਂ ਦੀ ਵਾੜ ਕਰਕੇ ਉਸ ਵਿੱਚ ਬਿਜਲੀ ਦਾ ਕਰੰਟ ਛੱਡ ਦਿਤਾ ਜਾਂਦਾ ਹੈ, ਜਿਸ ਦੀ ਲਪੇਟ ਵਿੱਚ ਆ ਕੇ ਅਨੇਕਾਂ ਪੰਛੀ ਮਾਰੇ ਜਾਂਦੇ ਹਨ।

ਲੋੜ ਤਾਂ ਇਸ ਗੱਲ ਦੀ ਹੈ ਕਿ ਖੇਤਾਂ ਵਿੱਚ ਰਸਾਇਨਿਕ ਖ਼ਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਘਟਾ ਕੇ ਦੇਸੀ ਖ਼ਾਦਾਂ ਦੀ ਵਰਤੋਂ ਕੀਤੀ ਜਾਵੇ, ਪੰਜਾਬ ਦੇ ਪੌਣ ਪਾਣੀਆਂ ਨੂੰ ਸ਼ੁੱਧ ਰਖਿਆ ਜਾਵੇ, ਪ੍ਰਦੂਸ਼ਣ ਨੂੰ ਠੱਲ ਪਾਈ ਜਾਵੇ, ਵੱਧ ਤੋਂ ਵੱਧ ਨਵੇਂ ਰੁੱਖ ਲਗਾਏ ਜਾਣ, ਇਸਦੇ ਨਾਲ ਹੀ ਪੰਜਾਬ ਦੇ ਵੱਖ- ਵੱਖ ਕਿਸਮਾਂ ਦੇ ਪੰਛੀਆਂ ਨੂੰ ਅਲੋਪ ਹੋਣ ਤੋਂ ਬਚਾਉਣ ਲਈ ਉਪਰਾਲੇ ਕੀਤੇ ਜਾਣ।

***

## ਗੁਰਮਤਿ, ਬ੍ਰਾਹਮਣਵਾਦ ਅਤੇ ਜਮਹੂਰੀਅਤ

ਸਿਰਜਣਹਾਰ ਬ੍ਰਹਮਾ ਖੁਦ ਵੀ ਇਸ ਅਸਲੀ ਸਿਰਜਣਹਾਰ ਬ੍ਰਹਮ ਦਾ ਭੇਦ ਨਹੀਂ ਜਾਣਦਾ। ਬ੍ਰਹਮਾ ਇੰਦ੍ਰ ਤੇ ਮਹੇਸ ਇਸ ਸਿਰਜਣਹਾਰ ਬ੍ਰਹਮ ਬਾਰੇ ਕੁਝ ਵੀ ਨਹੀਂ ਜਾਣਦੇ। ਬ੍ਰਹਮਾ ਦੇ ਨਾਂ ਉਤੇ ਪ੍ਰਚਾਰੀ ਜਾਂਦੀ ਸਾਰੀ ਵੇਦ ਬਾਣੀ ਮਾਇਆ ਭਾਵ ਮਨ ਦੀ ਕਲਪਨਾ ਹੈ। ਬ੍ਰਹਮਾ ਆਪਣੇ ਆਪ ਨੂੰ ਵੱਡਾ ਕਹਾਉਂਦਾ ਹੈ, ਪਰ ਉਹ ਬ੍ਰਹਮ ਦਾ ਭੇਦ ਨਹੀਂ ਪਾ ਸਕਦਾ। ਬ੍ਰਹਮਾ ਤੇ ਉਸ ਦਾ ਪੁੱਤਰ ਸਨਕ ਆਦਿ ਅਤੇ ਕਹਿੰਦੇ ਕਹਾਉਂਦੇ ਸ਼ੇਖ ਵੀ ਇਸ ਬ੍ਰਹਮ ਦੇ ਗੁਣਾਂ ਦਾ ਭੇਦ ਨਹੀਂ ਪਾ ਸਕੇ। ਗੁਰਮਤਿ ਸੁਆਲ ਦੇ ਰੂਪ ਵਿੱਚ ਪੁਛਦੀ ਹੈ, ਕਿ ਬ੍ਰਹਮਾ ਵੱਡਾ ਹੈ ਜਾਂ ‘ਬ੍ਰਹਮ’ ਵੱਡਾ ਹੈ, ਜਿਸ ਤੋਂ ਇਹ ਸਾਰਾ ਕੁਝ ਪੈਦਾ ਹੋਇਆ ਹੈ।

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥

ਮਾਨੈ ਹੁਕਮੁ ਸੋਹੈ ਦਰ ਸਾਚੈ ਆਕੀ ਮਰੇ ਆਫਾਰੀ॥ (ਪੰਨਾ 992)

ਬ੍ਰਹਮਾ ਤੇ ਬ੍ਰਹਮ ਵਿੱਚ ਭੇਦ ਕਰਨ ਲਗਿਆਂ ਗੁਰਮਤਿ ਕਿਸੇ ਕਿਸਮ ਦੀ ਕੋਈ ਉਲਝਣ ਨਹੀਂ ਛਡਦੀ। ਗੁਰਮਤਿ ਦਾ ਸਪਸ਼ਟ ਨਿਰਣਾ ਹੈ, ਕਿ ਬ੍ਰਹਮਾ ਬਿਸਨ ਸਾਰੇ ਰਿਸ਼ੀ ਮੁਨੀ ਅਤੇ ਇਥੋਂ ਤਕ ਕਿ ਸ਼ੰਕਰ ਤੇ ਇੰਦਰ ਵੀ, ਸਾਰੇ ਤਪੀਆਂ ਸਮੇਤ, ਉਸ ਬ੍ਰਹਮ ਦੇ ਭੇਖਾਰੀ ਹਨ। ਜਿਹੜੇ ਉਸ ਬ੍ਰਹਮ ਦੇ ਹੁਕਮ ਨੂੰ ਮੰਨਦੇ ਹਨ ਭਾਵ ਕੁਦਰਤ ਦੇ ਨੇਮਾਂ ਵਿੱਚ ਰਹਿ ਕੇ ਜਿੰਦਗੀ ਜਿਉਂਦੇ ਹਨ, ਉਹ ਉਸ ਦੇ ਦਰਬਾਰ ਵਿੱਚ ਪ੍ਰਵਾਨਗੀ ਹਾਸਲ ਕਰਦੇ ਹਨ ਅਤੇ ਬਾਕੀ ਸਾਰੇ ਹੰਕਾਰ ਵਿੱਚ ਆਫਰੇ ਤਥਾ ਆਪਣੀ ਝੂਠੀ ਹੋਂਦ ਦੇ ਭਰਮ ਵਿਚ ਉਸ ਤੋਂ ਆਕੀ ਹੋ ਕੇ, ਜਿਉਣ ਦੇ ਯਤਨ ਕਰ ਰਹੇ ਲੋਕ, ਮਾਨਸਿਕ ਕਲਪਨਾ (ਤ੍ਰਿਸਨਾ) ਵਿੱਚ ਭਟਕਦੇ ਹੋਏ ਹੀ ਮਰ ਜਾਂਦੇ ਹਨ।

ਬੇਸ਼ਕ ਕੁਦਰਤ ਦਾ ਕਾਨੂੰਨ ਹਰ ਤਗੜੇ ਦਾ ਆਪਣੇ ਤੋਂ ਹਰ ਮਾੜੇ ਨੂੰ ਨਿਗਲੀ ਜਾਣਾ ਹੈ। ਜੰਗਲ ਰਾਜ ਦਾ ਇਹੀ ਦਸਤੂਰ ਹੈ। ਇਹ ਭਾਵੇਂ ਪਸੂ ਜਗਤ ਹੋਵੇ ਅਤੇ ਭਾਵੇਂ ਬਨਸਪਤੀ ਜਗਤ। ਜਦੋਂ ਕਿ ਮਨੁਖੀ ਸੱਭਿਅਤਾ ਹਰ ਮਾੜੇ ਦੀ ਹਰ ਤਗੜੇ ਤੋਂ ਸੁਰੱਖਿਆ ਯਕੀਨੀ ਬਣਾਉਣ ਦੇ ਆਧਾਰ ਉਤੇ ਖੜੀ ਹੈ। ਹੁਣ ਤਕ ਦਾ ਸਮੁਚਾ ਮਨੁੱਖੀ ਸਭਿਆਚਾਰ, ਇਸੇ ਆਧਾਰ ਉਤੇ ਵਿਕਸਿਤ ਹੋਇਆ ਹੈ। ਬੱਚਿਆਂ ਤੇ ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਇਹੀ ਦਸਤੂਰ ਹੈ। ਪਰਉਪਕਾਰ ਭਾਵ ਸਾਮੂਹਿਕ ਹਿਤਾਂ ਲਈ ਕੰਮ ਕਰਨ ਦਾ ਮਨੁੱਖੀ ਜਜ਼ਬਾ, ਇਸੇ ਆਧਾਰ ਉਤੇ ਵਿਕਸਿਤ ਹੋਇਆ ਹੈ। ਇਹੀ ਮਨੁੱਖ ਦੀ ਚੇਤੰਨਤਾ ਹੈ। ਆਪਮੁਹਾਰੇ ਤੇ ਚੇਤੰਨ ਸਮਾਜ ਵਿੱਚ ਇਹੀ ਵਡਾ ਫਰਕ ਹੈ। ਹੁਣ ਤਕ ਮਨੁਖ ਜਾਤੀ ਆਪਮੁਹਾਰੇ ਜੰਗਲ ਰਾਜ ਦੇ ਦਸਤੂਰ ਨਾਲ ਚਲਦੀ ਆਈ ਹੈ। ਸਾਰਾ ਮਨੁੱਖੀ ਸਭਿਆਚਾਰ, ਇਸ ਦਸਤੂਰ ਦੇ ਉਲਟ, ਮਨੁਖੀ ਸਮਾਜ ਦੀ ਸੁਚੇਤ ਸਿਰਜਣਾ ਕਰਨ ਦੇ ਆਧਾਰ ਉਤੇ ਵਿਕਸਿਤ ਹੋਇਆ ਹੈ। ਮਨੁੱਖੀ ਸਮਾਜ ਦੇ ਮੁਢਲੇ ਦੌਰ ਵਿੱਚ ਜਦੋਂ ਅਜੇ ਸਰੀਰੀ ਬਲ ਹੀ ਤਾਕਤ ਦਾ ਆਧਾਰ ਸੀ, ਤਾਂ ਬਲੀ ਮਨੁਖ ਆਪਣੀ ਸਰੀਰੀ ਤਾਕਤ ਦੇ ਜੋਰ ਨਾਲ ਆਪਣੇ ਤੋਂ ਮਾੜੇ ਦੂਜੇ ਮਨੁਖਾਂ ਨੂੰ ਆਪਣਾ ਗੁਲਾਮ ਬਣਾਉਂਦੇ ਰਹੇ। ਪਰ ਜਦੋਂ ਹੌਲੀ-ਹੌਲੀ ਮਨੁੱਖੀ ਸਮਾਜ ਅਗਲੇਰੇ ਪੜਾਅ ਉਤੇ ਪਹੁੰਚਿਆ ਅਤੇ ਸਿਰਫ ਸਰੀਰੀ ਬਲ ਆਪਣੇ ਤੋਂ ਮਾੜੇ ਮਨੁਖਾਂ ਨੂੰ ਆਪਣੇ ਗੁਲਾਮ ਬਣਾਉਣ ਦੇ ਸਮਰਥ ਨਾ ਰਹਿ ਸਕਿਆ ਅਤੇ ਕਬੀਲਿਆਂ ਵਿੱਚ ਜਥੇਬੰਦ ਹੋਏ ਮਨੁਖੀ ਸਮੂਹ ਇਕ-ਦੂਜੇ ਉਤੇ ਭਾਰੂ ਹੋਣ ਦੀ ਕੋਸ਼ਿਸ਼ ਕਰਨ ਲਗੇ, ਤਾਂ ਦੂਜੇ ਮਨੁਖਾਂ ਨੂੰ ਮਾਨਸਿਕ ਤੌਰ ਉਤੇ ਗੁਲਾਮ ਬਣਾਉਣ ਦੀ ਲੋੜ ਮਹਿਸੂਸ ਹੋਈ। ਇਸ ਲੋੜ ਦਾ ਸਿਟਾ ਹੀ ਮਨੂੰ ਸਿਮ੍ਰਿਤੀ ਹੈ।

ਮਨੁੱਖ ਜਾਤੀ ਦੇ ਮੁਢਲੇ ਨੀਵੇਂ ਬੌਧਿਕ ਪਧਰ ਦਾ ਫਾਇਦਾ ਉਠਾ ਕੇ ਮਨੂੰ ਸਿਮ੍ਰਿਤੀ ਨੇ ਵਿਹਲੜ ਵਰਗਾਂ ਨੂੰ ਇਕ ਪਾਸੇ ਇਕਠਾ ਕਰ ਦਿਤਾ ਤੇ ਉਨ੍ਹਾਂ ਨੂੰ ਕਿਰਤੀ ਜਨਸਮੂਹਾਂ ਦੇ ਉਲਟ ਖੜਾ ਕਰ ਦਿਤਾ। ਮਨੂੰ ਸਿਮ੍ਰਿਤੀ ਤੇ ਹੋਰ ਅਨੇਕ ਬ੍ਰਾਹਮਣੀ ਗ੍ਰੰਥ ਬ੍ਰਾਹਮਣਵਾਦੀ ਰਾਜਨੀਤੀ ਦਾ ਆਧਾਰ ਹਨ। ਆਪਣੇ ਗਿਆਨ ਦਾ ਖਟਿਆ ਖਾਣ ਵਾਲੇ ਵਿਹਲੜ ਬ੍ਰਾਹਮਣ ਵਰਗ ਆਪਣੇ ਫ਼ੌਜੀ ਬਲ ਦਾ ਲਾਹਾ ਲੈਣ ਵਾਲੇ ਕਸ਼ਤਰੀ ਤੇ ਅਰਥਚਾਰੇ ਨੂੰ ਚਲਾਉਣ ਵਾਲੇ ਵੈਸ਼ ਇੱਕ ਪਾਸੇ ਇਕਠੇ ਹੋ ਗਏ। ਇਹ ਤਿੰਨੇ ਵਰਗ ਹੱਥੀਂ ਕਿਰਤ ਨਾਲੋਂ ਟੁਟੇ ਹੋਏ ਅਤੇ ਪਰਜੀਵੀ ਭਾਵ ਪਰਾਈ ਕਿਰਤ ਉਤੇ ਪਲਣ ਵਾਲੇ ਵਰਗ ਹਨ। ਇਸ ਗਠਜੋੜ ਨੇ ਹਥੀਂ ਕਿਰਤ ਕਰਨ ਵਾਲੇ ਸਾਰੇ ਜਨਸਮੂਹਾਂ ਨੂੰ ਸ਼ੂਦਰ ਕਰਾਰ ਦੇ ਕੇ ਆਪਣੀ ਸੇਵਾ ਵਿੱਚ ਲਾਉਣ ਦੇ ਯਤਨ ਕੀਤੇ।

ਸ਼ੂਦਰਾਂ ਨੂੰ ਮਾਨਸਿਕ ਤੌਰ ਉਤੇ ਸਦਾ ਲਈ ਗੁਲਾਮ ਬਣਾਉਣ ਵਾਸਤੇ ਬ੍ਰਾਹਮਣਵਾਦੀ ਮਨ-ਕਲਪਿਤ ਧਾਰਨਾਵਾਂ ਦੇ ਆਧਾਰ ਉਤੇ ਕਾਨੂੰਨ ਨਿਯਤ ਕੀਤੇ ਗਏ। ਇਹਨਾਂ ਕਲਪਿਤ ਧਾਰਨਾਵਾਂ ਵਿਚੋ ਇਕ ਧਾਰਨਾ ਇਹ ਹੈ, ਕਿ ਬ੍ਰਾਹਮਣ ਬ੍ਰਹਮਾਂ ਦੇ ਸਿਰ ਵਿਚੋਂ ਪੈਦਾ ਹੋਏ, ਕਸ਼ਤਰੀ ਬ੍ਰਹਮਾਂ ਦੀਆਂ ਬਾਹਾਂ ਵਿਚੋਂ ਪੈਦਾ ਹੋਏ, ਵੈਸ਼ ਬ੍ਰਹਮਾਂ ਦੇ ਪਟਾਂ ਵਿਚੋਂ ਪੈਦਾ ਹੋਏ ਅਤੇ ਸ਼ੂਦਰ ਬ੍ਰਹਮਾਂ ਦੇ ਪੈਰਾਂ ਵਿਚੋਂ ਪੈਦਾ ਹੋਏ ਅਤੇ ਔਰਤਾਂ ਸ਼ੂਦਰ ਹਨ। ਕਿਉਂਕਿ ਉਦੋਂ ਤਕ ਫਿਲਾਸਫੀ ਵਿੱਚ ਸਰਬਸ਼ਕਤੀਮਾਨ ‘ਬ੍ਰਹਮ’ ਦੇ ਸੰਕਲਪ ਦੀ ਹੋਂਦ ਬਣ ਚੁਕੀ ਸੀ, ਇਸ ਲਈ ਇਸ ਬ੍ਰਹਮ ਦੇ ਪੁਰਖ ਰੂਪ ਨੂੰ ਬ੍ਰਹਮਾ ਦਾ ਨਾਂ ਦੇ ਕੇ ਉਸਨੂੰ ਬ੍ਰਹਮ ਦੇ ਬਰਾਬਰ ਲਿਆ ਕੇ ਖੜਾ ਕਰ ਦਿਤਾ ਗਿਆ ਅਤੇ ਇਸਦੀ ਹੋਂਦ ਨੂੰ ਮੰਨਣਾ ਧਰਮ ਕਰਾਰ ਦੇ ਦਿਤਾ ਗਿਆ। ਇਥੋਂ ਹੀ ਬ੍ਰਹਮ ਅਤੇ ਬ੍ਰਹਮਾਂ ਦੇ ਸੰਕਲਪਾਂ ਦੀ ਸ਼ੁਰੂਆਤ ਹੋਈ। ਬ੍ਰਹਮ ਭੌਤਿਕਵਾਦੀਆਂ ਤੇ ਬ੍ਰਹਮਾਂ ਬ੍ਰਾਹਮਣਵਾਦੀਆਂ ਦੇ ਸੰਕਲਪ ਵਜੋਂ ਵਿਕਸਿਤ ਹੋਏ। ਗੁਰਮਤਿ ਨੇ ਬ੍ਰਹਮ ਅਤੇ ਬ੍ਰਹਮਾ ਵਿਚਕਾਰ ਸਪਸ਼ਟ ਨਿਖੇੜਾ ਕੀਤਾ ਹੈ। ਇਸੇ ਆਧਾਰ ਉਤੇ ਗੁਰਮਤਿ ਨੇ ਮਨੂਵਾਦ ਨੂੰ ਰੱਦ ਕੀਤਾ ਹੈ।

***

## ਭਾਰਤ ਵਿੱਚ ਸਿੱਖਾਂ ਦੇ ਮਨੁੱਖੀ ਅਧਿਕਾਰ

ਮੁਲਕ ਦਾ ਨਾਮ ਪੋਪਾਨਿਊਗਿਨੀ ਹੈ, ਬਰਤਾਨੀਆ ਦੇ ਸ਼ਹਿਰੀਆ ਨੇ ਆਪਣੇ ਇਸੇ ਸਵੈ ਨਿਰਨੈ ਦੇ ਹੱਕ ਦੀ ਵਰਤੋਂ ਕਰਕੇ ਯੂਰਪੀਅਨ ਯੂਨੀਅਨ ਤੋ ਵੱਖ ਹੋਣ ਦਾ ਫੈਸਲਾ ਲਿਆ, ਭਾਰਤ ਅੰਦਰ ਜੰਮੂ ਕਸ਼ਮੀਰ ਵਿਚ ਉਕਤ ਮੰਗ ਬਹੁਤ ਸਾਲਾਂ ਤੋਂ ਉਠ ਰਹੀ ਹੈ, ਪੰਜਾਬ ਵਿੱਚ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਵੱਡੇ ਪੱਧਰ ਉੱਤੇ ਹੋਇਆ ਹੈ। ਇਥੋਂ ਤੱਕ ਕੇ 1984 ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਨੂੰ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ, ਸਿੱਖਾਂ ਦਾ ਸਮੂਹਿਕ ਕਤਲੇਆਮ ਕਰਕੇ ਨਸਲਕੁਸ਼ੀ ਕੀਤੀ ਗਈ। ਸਿੱਖਾਂ ਦੇ ਕਈ ਨਾਮਵਾਰ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਵੀ ਪੰਜਾਬ ਪੁਲਿਸ ਦੀਆਂ ਕਥਿਤ ਜ਼ਿਆਦਤੀਆਂ ਅਤੇ ਅਣਮਨੁੱਖੀ ਜ਼ੁਲਮ ਦਾ ਸ਼ਿਕਾਰ ਹੋਏ ਤੇ ਆਪਣੀ ਜ਼ਿੰਦਗੀ ਤੱਕ ਗਵਾ ਬੈਠੇ।

ਅੱਜ ਪੰਜਾਬ ਦੇ ਹਾਲਾਤ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਮੌਜੂਦਾ ਭਾਰਤ ਤੇ ਪੰਜਾਬ ਸਰਕਾਰ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਬੁਨਿਆਦੀ ਅਧਿਕਾਰ ਭਾਰਤੀ ਸੰਵਿਧਾਨ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਹ ਭਾਰਤੀ ਨਾਗਰਿਕਾਂ ਨੂੰ ਸ਼ਾਂਤੀ ਅਤੇ ਸਦਭਾਵਨਾ ਨਾਲ ਜੀਵਨ ਜਿਉਣ ਦਾ ਅਧਿਕਾਰ ਦਿੰਦੇ ਹਨ, ਕਾਨੂੰਨ ਦੇ ਸਾਹਮਣੇ ਸਮਾਨਤਾ, ਬੋਲਣ ਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ, ਇਕੱਠੇ ਹੋਣ ਦੀ ਆਜ਼ਾਦੀ, ਧਰਮ ਕਰਮ ਤੇ ਉਸ ਦਾ ਪ੍ਰਚਾਰ ਕਰਨ ਦੀ ਆਜ਼ਾਦੀ ਆਦਿ ਸਭ ਬਰਾਬਰ ਹਨ ਤੇ ਇਹ ਉਕਤ ਸਾਰੇ ਅਧਿਕਾਰ ਵਿਸ਼ਵ ਦੇ ਲਗਭਗ ਹਰ ਲੋਕਤੰਤਰਾਂ ਵਿੱਚ ਪ੍ਰਤੀਬੱਧਤਾ ਨਾਲ ਲਾਗੂ ਹਨ। ਇਹ ਸਭ ਅਧਿਕਾਰ ਮਨੁੱਖੀ ਸ਼ਖਸ਼ੀਅਤ ਦੇ ਵਿਕਾਸ ਅਤੇ ਉਸਾਰੀ ਵਾਸਤੇ ਬਹੁਤ ਜਰੂਰੀ ਹਨ। ਭਾਰਤੀ ਸੰਵਿਧਾਨ ਦੇ ਅਨੁਛੇਦ 12 ਤੋਂ 35 ਵਿੱਚ ਇਹਨਾਂ ਅਧਿਕਾਰਾਂ ਦੀ ਸ਼ਪੱਸ਼ਟ ਵਿਆਖਿਆ ਕੀਤੀ ਗਈ ਹੈ।

ਉਂਜ, ਭਾਰਤ ਕਥਿਤ ਤੌਰ ’ਤੇ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰੀ, ਧਰਮ-ਨਿਰਪੱਖ ਅਤੇ ਪ੍ਰਭੁਸੱਤਾ ਸੰਪੂਰਨ ਦੇਸ਼ ਕਹਾਉਂਦਾ ਹੈ, ਪਰ ਇਸ ਦੇ ਬਾਵਜੂਦ ਹਕੀਕਤ ਇਹ ਹੈ ਕਿ ਭਾਰਤ ਮਨੁੱਖੀ ਅਧਿਕਾਰਾਂ ਦੇ ਮਾਮਲੇ ’ਚ ਬਦਤਰ ਦੇਸ਼ਾਂ ਦੀ ਸੂਚੀ ਵਿਚ ਇਸ ਵੇਲੇ ਮੋਹਰੀ ਹੈ। ਹਿਊਮਨ ਰਾਈਟਸ ਵਾਚ’ ਦੀ ਇਕ ਰਿਪੋਰਟ ਮੁਤਾਬਿਕ ਭਾਰਤ ਦੇ ਸਾਹਮਣੇ ਇਸ ਵੇਲੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਗੰਭੀਰ ਚਿੰਤਾਵਾਂ ਹਨ। ਇੱਥੇ ਸਮਾਜਿਕ ਕਾਰਕੁੰਨਾਂ ਅਤੇ ਹਕੂਮਤ ਦੇ ਅਲੋਚਕਾਂ ਨੂੰ ਧਮਕੀਆਂ, ਪ੍ਰੇਸ਼ਾਨੀਆਂ ਅਤੇ ਝੂਠੇ ਮੁਕੱਦਮਿਆਂ ਤੇ ਕਤਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੁੱਕਦੀ ਗੱਲ ਇਹ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਭਾਰਤ ਦੇ ਹਾਲਾਤ ਇਸ ਸਮੇਂ ਦੁਨੀਆ ਵਿਚ ਬਹੁਤ ਹੀ ਨਾਜ਼ੁਕ ਬਣੇ ਹੋਏ ਹਨ। ਦੁਨੀਆ ਦੇ ਵੱਡੇ ਮੁਲਕਾਂ ਨੂੰ ਇਸ ਗੱਲ ਦਾ ਇਲਮ ਹੈ ਕਿ ਭਾਰਤ ਵਿੱਚ ਇਸ ਵੇਲੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਨਿੱਤ ਦਿਨ ਕੀ ਵਰਤਾਰਾ ਚੱਲ ਰਿਹਾ ਹੈ। ਇਸ ਕਰਕੇ ਭਾਰਤ ਸਰਕਾਰ ਨੂੰ ਆਪਣੀ ਤੇ ਭਾਰਤ ਦੀ ਵਿਗੜ ਰਹੀ ਛਵੀ ਨੂੰ ਸੁਧਾਰਨ ਦੇ ਯਤਨ ਕਰਨੇ ਚਾਹੀਦੇ ਹਨ।

***

## ਕੇਂਦਰ ਦੀ ਘੁਰਕੀ ਕਾਰਨ ਪੰਜਾਬ ਤੋਂ ਪਾਣੀ

ਦਿੱਤਾ ਗਿਆ ਸੀ। ਹਿਮਾਚਲ ਪ੍ਰਦੇਸ਼ ਵਿੱਚ 175 ਪਨ ਬਿਜਲੀ ਯੋਜਨਾਵਾਂ ਹਨ ਜਿਸ ’ਤੇ ਵਾਟਰ ਸੈਸ ਲਗਾ ਕੇ ਸਰਕਾਰ 700 ਕਰੋੜ ਵਸੂਲਨਾ ਚਾਹੁੰਦੀ ਸੀ। ਹਿਮਾਚਲ ਪ੍ਰਦੇਸ਼ਨ ਦੇ ਵਾਟਰ ਸੈਸ ਦਾ ਪੰਜਾਬ ਅਤੇ ਹਰਿਆਣਾ ਦੋਵਾਂ ਸੂਬਿਆਂ ਨੇ ਵਿਰੋਧ ਕੀਤਾ ਸੀ। ਦੋਵਾਂ ਸੂਬਿਆਂ ਦੇ ਮੁੱਖ ਮੰਤਰੀ ਨੇ ਬਜਟ ਇਜਲਾਸ ਵਿੱਚ ਇਸ ਦਾ ਵਿਰੋਧ ਕੀਤਾ ਸੀ। ਸੀਐੱਮ ਮਨੋਹਰ ਲਾਲ ਨੇ ਇਸ ਨੂੰ ਲੈਕੇ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਹੈ। ਮੁੱਖ ਮੰਤਰੀ ਮਾਨ ਨੇ ਵੀ ਕੇਂਦਰ ਦੇ ਸਾਹਮਣੇ ਇਸ ਦਾ ਵਿਰੋਧ ਵੀ ਕੀਤਾ ਸੀ। ਹਾਲਾਂਕਿ ਪੰਜਾਬ ਦੇ ਇਤਰਾਜ਼ ਤੋਂ ਬਾਅਦ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਸੀਐੱਮ ਮਾਨ ਨਾਲ ਮੀਟਿੰਗ ਵੀ ਕੀਤੀ ਸੀ। ਪੰਜਾਬ ਦੇ ਮਾਹਿਰਾਂ ਦੀ ਟਿਪਣੀ ਸੀ ਕਿ ਜੇਕਰ ਹਿਮਾਚਲ ਪੰਜਾਬ ਤੋਂ ਪਾਣੀ ਦਾ ਟੈਕਸ ਵਸੂਲਦਾ ਹੈ ਤਾਂ ਪੰਜਾਬ ,ਦਿਲੀ ਹਰਿਆਣਾ, ਰਾਜਸਥਾਨ ਤੋਂ ਪਾਣੀ ਲਈ ਟੈਕਸ ਵਸੂਲ ਸਕੇਗਾ। ਇਹੀ ਕਾਰਣ ਹੈ ਕਿ ਕੇਂਦਰ ਨੇ ਹਿਮਾਚਲ ਨੂੰ ਅਜਿਹਾ ਕਰਨ ਤੋਂ ਰੋਕਿਆ ਹੈ।

***

## ਇਤਿਹਾਸ ਦੇ ਅਹਿਮ ਅਧਿਆਏ ਦਾ

ਮਲਿਕ ਸਾਹਬ ਨੇ ਤਿੰਨਾਂ ਪਾਰਟੀਆਂ ਦੀ ਪਹਿਲ ਨੂੰ ਅਖੋਂ ਪਰੋਖੇ ਕਰ ਦਿੱਤਾ। ਦਲੀਲ ਦਿੱਤੀ ਕਿ ਉਨ੍ਹਾਂ ਦੇ ਰਾਜ ਭਵਨ ਦੀ ਫੈਕਸ ਮਸ਼ੀਨ ਨੁਕਸਦਾਰ ਸੀ, ਜਿਸ ਕਾਰਨ ਇਨ੍ਹਾਂ ਵਿਰੋਧੀ ਪਾਰਟੀਆਂ ਦੀ ਪਹਿਲਕਦਮੀ ਜਾਂ ਪ੍ਰਸਤਾਵ ਉਨ੍ਹਾਂ ਤੱਕ ਨਹੀਂ ਪਹੁੰਚਿਆ ਅਤੇ ਇਸ ਤਰ੍ਹਾਂ ਉਸਨੇ ਰਾਜ ਵਿਧਾਨ ਸਭਾ ਭੰਗ ਕਰਕੇ ਭਾਜਪਾ ਦੀ ਬਹੁਤ ਮਦਦ ਕੀਤੀ। ਇਸ ਤੋਂ ਬਾਅਦ ਹੀ ਕੇਂਦਰ ਨੇ ਕਸ਼ਮੀਰ ਬਾਰੇ 370 ਦੀ ਵਿਸ਼ੇਸ਼ ਵਿਵਸਥਾ ਨੂੰ ਖਤਮ ਕਰਨ ਵਰਗੇ ਵੱਡੇ ਫੈਸਲੇ ਲਏ।

ਪੁਲਵਾਮਾ ਕਾਂਡ ਤੋਂ ਬਾਅਦ, ਜਦੋਂ ਮਲਿਕ ਨੇ ਕੇਂਦਰ ਦੀ ਸੱਤਾਧਾਰੀ ਪਾਰਟੀ ਜਾਂ ਸੱਤਾਧਾਰੀ ਅਦਾਰੇ ਦੇ ਇੱਕ ਸ਼ਕਤੀਸ਼ਾਲੀ ਹਿੱਸੇ ਦੀ ‘ਰਾਸ਼ਟਰ ਵਿਰੋਧੀ ਸਾਜ਼ਿਸ਼’ ਨੂੰ ਸਮਝ ਲਿਆ ਸੀ ਜਾਂ ਮਹਿਸੂਸ ਕਰ ਲਿਆ ਸੀ, ਤਾਂ ਉਹ ਉਸ ਅਦਾਰੇ ਦੇ ਸੰਚਾਲਕਾਂ ਦਾ ਸਾਥ ਕਿਉਂ ਦਿੰਦੇ ਰਹੇ? ਮਲਿਕ ਨੇ ਕਦੇ ਵੀ ਇਸ ਸਵਾਲ ਜਾਂ ਮੁੱਦੇ ’ਤੇ ਕੋਈ ਠੋਸ ਸਪੱਸ਼ਟੀਕਰਨ ਨਹੀਂ ਦਿੱਤਾ। ਇਸ ਤਰ੍ਹਾਂ ਉਹ ਭਾਰਤ ਦੇ ਆਧੁਨਿਕ ਇਤਿਹਾਸ ਦੇ ਇੱਕ ਅਧਿਆਏ ਦਾ ਨਾਇਕ ਬਣਨ ਤੋਂ ਵਾਂਝਾ ਰਹਿ ਗਿਆ।

***

## ਮੋਦੀ ਰਾਜ ਦੌਰਾਨ ਭਾਰਤੀ

ਅੰਸ਼ਕ ਤੌਰ ’ਤੇ ਸੁਤੰਤਰ ਕਰ ਦਿੱਤਾ ਸੀ, ਜਦੋਂ ਕਿ ਸਵੀਡਨ ਸਥਿਤ ਵੀ-ਡੇਮ ਇੰਸਟੀਚਿਊਟ ਨੇ ਭਾਰਤ ਨੂੰ ਰੂਸ ਅਤੇ ਤੁਰਕੀ ਦੇ ਨਾਲ ਇੱਕ “ਚੋਣਕਾਰੀ ਤਾਨਾਸ਼ਾਹੀ” ਵਜੋਂ ਸੂਚੀਬੱਧ ਕੀਤਾ ਹੈ। ਭਾਜਪਾ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਅਕਸਰ ਔਨਲਾਈਨ ਪਰੇਸ਼ਾਨੀ ਅਤੇ ਕਈ ਵਾਰ ਕਾਨੂੰਨੀ ਨਤੀਜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਰੇ ਮੀਡੀਆ ਘਰਾਣਿਆਂ ਦੇ ਮਾਲਕਾਂ ਨਾਲ ਆਪਣੇ ਸਬੰਧਾਂ ਕਰਕੇ ਸਰਕਾਰ ਦੁਆਰਾ ਭਾਰੀ ਦਬਾਅ ਪਾਇਆ ਜਾਂਦਾ ਹੈ ਕਿ ਉਹ ਸਰਕਾਰ ਅਨੁਸਾਰ ਚਲਣ। ਫਰਵਰੀ ਵਿੱਚ, ਮੋਦੀ ਦੀ ਆਲੋਚਨਾ ਕਰਨ ਵਾਲੀ ਬੀਬੀਸੀ ਦੀ ਇੱਕ ਡਾਕੂਮੈਂਟਰੀ ਰਿਲੀਜ਼ ਹੋਣ ਤੋਂ ਤੁਰੰਤ ਬਾਅਦ, ਇਨਕਮ ਟੈਕਸ ਇੰਸਪੈਕਟਰਾਂ ਦੀ ਇੱਕ ਟੀਮ ਨੇ ਛਾਪਾ ਮਾਰਿਆ ਸੀ। ਅਕਾਦਮਿਕ, ਥਿੰਕ ਟੈਂਕ ਅਤੇ ਵਿਦੇਸ਼ੀ ਐਨਜੀਓ ਸਮੂਹ ਵੀ ਬਹੁਤ ਦਬਾਅ ਹੇਠ ਹਨ। ਬੀਤੀ ਹਫ਼ਤੇ, ਵਿਦੇਸ਼ੀ ਫੰਡਿੰਗ ਉਲੰਘਣਾਵਾਂ ਨੂੰ ਲੈ ਕੇ ਅਧਿਕਾਰੀਆਂ ਦੁਆਰਾ ਆਕਸਫੈਮ ਇੰਡੀਆ ਦੀ ਇੱਕ ਵਾਰ ਫਿਰ ਜਾਂਚ ਕੀਤੀ ਗਈ ਸੀ।

ਆਪਣੇ ਸਿਆਸੀ ਵਿਰੋਧੀਆਂ ਨੂੰ ਲਗਾਤਾਰ ਦਬਾਉਣ ਦਾ ਇਹ ਸਿਲਸਿਲਾ ਸਿਰਫ਼ ਕਾਂਗਰਸ ਪਾਰਟੀ ਤੱਕ ਹੀ ਸੀਮਤ ਨਹੀਂ ਹੈ। ਭਾਰਤ ਦੀ ਦੂਜੀ ਸਭ ਤੋਂ ਵੱਡੀ ਵਿਰੋਧੀ ਧਿਰ ਆਮ ਆਦਮੀ ਪਾਰਟੀ (ਆਪ) ਦਾ ਇੱਕ ਸੀਨੀਅਰ ਨੇਤਾ ਮੁਨੀਸ਼ ਸਸੋਧੀਆ ਇਸ ਸਮੇਂ ਕਥਿਤ ਆਬਕਾਰੀ ਧੋਖਾਧੜੀ ਦੇ ਇੱਕ ਮਾਮਲੇ ਵਿੱਚ ਹਿਰਾਸਤ ਵਿੱਚ ਹੈ ਅਤੇ ਇਸ ਦੇ ਨੇਤਾ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਵੀ ਬੀਤੇ ਦਿਨੀਂ ਇਸ ਸਬੰਧ ਵਿੱਚ ਪੁੱਛਗਿੱਛ ਕੀਤੀ ਗਈ ਸੀ।

ਪੱਛਮੀ ਦੇਸ਼ ਭਾਰਤ ਨੂੰ ਚੀਨ ਦੇ ਮੁਕਾਬਲੇ ਇਕ ਲੋਕਤਾਂਤਰਿਕ ਅਤੇ ਆਰਥਿਕ ਵਿਰੋਧੀ ਵਜੋਂ ਦੇਖਦੇ ਹਨ। ਪਰ ਸ਼ੀ ਜਿਨਪਿੰਗ ਤੋਂ ਮੋਹਭੰਗ ਹੋਣ ਕਾਰਣ ਅੱਜ ਤੱਕ ਪੱਛਮੀ ਨੇਤਾ ਮੋਦੀ ਦੀਆਂ ਕਾਰਵਾਈਆਂ ਤੋਂ ਅੱਖਾਂ ਬੰਦ ਕਰ ਰਹੇ ਹਨ। ਪਿਛਲੇ ਹਫ਼ਤੇ ਆਪਣੀ ਫੇਰੀ ਦੌਰਾਨ, ਯੂਐਸ ਦੀ ਵਣਜ ਸਕੱਤਰ ਜੀਨਾ ਰੇਮੋਂਡੋ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ “ਮੋਦੀ ਕਿਸੇ ਕਾਰਨ ਕਰਕੇ ਸਭ ਤੋਂ ਪ੍ਰਸਿੱਧ ਗਲੋਬਲ ਲੀਡਰ ਹੈ।”

ਦੁਨੀਆ ਭਰ ਦੇ ਕਾਰੋਬਾਰ ਅਤੇ ਨਿਵੇਸ਼ਕ ਚੀਨ ਤੋਂ ਹਟਕੇ ਭਾਰਤ ਵਿੱਚ ਵਿਕਾਸ ਅਤੇ ਵਿਭਿੰਨਤਾ ਦੇ ਮੌਕਿਆਂ ਵਜੋਂ ਦੇਖ ਰਹੇ ਹਨ। ਪਰ ਕਾਨੂੰਨ ਦੇ ਰਾਜ ਦੀ ਲਗਾਤਾਰ ਗਿਰਾਵਟ ਪੱਛਮੀ ਦੇਸ਼ਾਂ ਨੂੰ ਇਸ ਫੈਸਲੇ ‘ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰੇਗੀ।

***

## ਵਰਜੀਨੀਆ ਦੇ ਸਕੂਲਾਂ ’ਚ ਸਿੱਖ ਧਰਮ

ਸਿੱਖ ਕੁਲੀਸ਼ਨ ਸੰਸਥਾ, ਮਾਰਚ 2021 ਤੋਂ ਸਕੂਲਾਂ ’ਚ ਸਿੱਖ ਧਰਮ, ਮਰਿਆਦਾ ਤੇ ਇਤਿਹਾਸ ਬਾਰੇ ਜਾਣਕਾਰੀ ਸ਼ਾਮਲ ਕਰਨ ਲਈ ਕਾਰਜ ਕਰ ਰਹੀ ਹੈ। ਸੰਗਠਨ ਨੇ ਇਕ ਬਿਆਨ ’ਚ ਕਿਹਾ ਕਿ ਅਸੀਂ ਸਿਰਫ਼ ਸਿੱਖ ਭਾਈਚਾਰੇ ਲਈ ਹੀ ਨਹੀਂ, ਸਗੋਂ ਉਨ੍ਹਾਂ ਸਾਰੇ ਸਮੂਹਾਂ ਲਈ ਸੰਘਰਸ਼ ਜਾਰੀ ਰੱਖਾਂਗੇ ਜਿਨ੍ਹਾਂ ਬਾਰੇ ਇੱਥੋਂ ਦੇ ਸਕੂਲਾਂ ’ਚ ਪੜ੍ਹਾਇਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਸਿੱਖ ਧਰਮ ਦੁਨੀਆ ਦਾ ਪੰਜਵਾਂ ਸਭ ਤੋਂ ਨਵਾਂ ਤੇ ਵੱਡਾ ਧਰਮ ਹੈ। ਸਿੱਖ ਭਾਈਚਾਰੇ ਨੇ ਬੀਤੇ 125 ਸਾਲਾਂ ’ਚ ਅਮਰੀਕਾ ਦੇ ਨਾਗਰਿਕ ਅਧਿਕਾਰਾਂ, ਸਿਆਸਤ, ਖੇਤੀਬਾੜੀ, ਇੰਜੀਨੀਅਰਿੰਗ ਤੇ ਮੈਡੀਕਲ ਖੇਤਰਾਂ ’ਚ ਅਹਿਮ ਯੋਗਦਾਨ ਪਾਇਆ ਹੈ। ਇਹੀ ਕਾਰਨ ਹੈ ਕਿ ਅੱਜ ਅਮਰੀਕਾ ਦੇ ਸਕੂਲਾਂ ਤੇ ਕਾਲਜਾਂ ਦੇ ਸਿਲੇਬਸ ’ਚ ਸਿੱਖ ਇਤਿਹਾਸ ਤੇ ਧਰਮ ਬਾਰੇ ਪੜ੍ਹਾਇਆ ਜਾ ਸਕਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com